ISSN-0971-8397

# ਯੋਜਨਾ

ਜੂਨ 2014 ਇਕ ਵਿਕਾਸ ਮਾਸਿਕ ₹10



## ਭਾਰਤੀ ਖੇਤੀਬਾੜੀ

ਭਾਰਤੀ ਖੇਤੀ ਵਿਚ ਵਿਕਾਸ ਵਾਧੇ ਲਈ ਪੂੰਜੀਕਾਰੀ
ਅਸ਼ੋਕ ਗੁਲਾਟੀ ਅਤੇ ਸੁਰਭੀ ਜੈਨ

ਭਾਰਤ ਦੇ ਵਿਸ਼ੇਸ਼ ਪ੍ਰਸੰਗ ਵਿਚ ਵਿਕਾਸਸ਼ੀਲ ਦੇਸ਼
ਜੇ.ਪੀ. ਸਿੰਘ

ਭਾਰਤੀ ਖੇਤੀ – ਨੀਤੀ ਤੇ ਕਾਰਗੁਜ਼ਾਰੀ ਦਾ ਜਾਇਜ਼ਾ
ਸੀ.ਐੱਸ.ਸੀ. ਸ਼ੇਖਰ

ਭਾਰਤ ਵਿਚ ਰਾਜ ਦੀ ਸਮਰੱਥਾ ਦਾ ਨਿਰਮਾਣ
ਅਜੈ ਸ਼ਾਹ

**ਵਿਸ਼ੇਸ਼ ਲੇਖ**
ਬਲਾਤਕਾਰ ਕਾਨੂੰਨ ਸੁਧਾਰ ਨੂੰ ਸਮਝਦਿਆਂ
ਪ੍ਰਤੀਕਸ਼ਾ ਬਕਸ਼ੀ

ਸੰਪਾਦਕੀ

# ਮਜ਼ਦੂਰ, ਕਿਸਾਨ ਤੇ ਮਾਲਕ

ਭਾਰਤ ਵਿਚ ਖੇਤੀਬਾੜੀ ਖੇਤਰ ਕਈ ਪੱਧਰਾਂ 'ਤੇ ਇਕ ਸੰਘਰਸ਼ ਦਾ ਦ੍ਰਿਸ਼ ਪੇਸ਼ ਕਰਦਾ ਹੈ। ਸਿਧਾਂਤਕ ਤੌਰ ਤੇ, ਦੇਸ਼ ਵਿਚ ਖੇਤੀਬਾੜੀ ਦੀ ਆਰਥਿਕ ਵਿਕਾਸ ਵਿਚ ਭੂਮਿਕਾ, ਉਦਯੋਗ ਅਤੇ ਸੇਵਾ ਖੇਤਰ ਦੇ ਮੁਕਾਬਲੇ ਇਸ ਦਾ ਮਹੱਤਵ, ਖੇਤੀਬਾੜੀ ਵਿਕਾਸ ਲਈ ਵਿੱਤ ਉਪਲਬਧ ਕਰਾਉਣ ਦੇ ਤਰੀਕੇ, ਖੇਤੀਬਾੜੀ ਸੰਬੰਧੀ ਖੇਤਰ ਵਿਚ ਆਪਸੀ ਰਿਸ਼ਤੇ ਅਤੇ ਉਨ੍ਹਾਂ ਨਾਲ ਜੁੜੇ ਰਾਜਨੀਤਕ ਸਵਾਲ, ਸਭ ਮਿਲ ਕੇ ਸਮੁੱਚੇ ਅਕਾਦਮਿਕ ਸਿਲਸਿਲੇ ਵਿਚ ਤੇਜ਼ ਲਾਮਬੰਦ ਸਥਿਤੀ ਪੈਦਾ ਕਰਦੀ ਹੈ। ਇਸ ਦੇ ਨਾਲ-ਨਾਲ, ਵਿਹਾਰਕ ਸਮੱਸਿਆਵਾਂ, ਜਿਵੇਂ ਕਿ ਪੇਂਡੂ ਖੇਤਰਾਂ ਵਿਚ ਤੁਲਨਾਤਮਕ ਤੌਰ ਤੇ ਪਛੜੇਵਾਂ ਤੇ ਸਿਹਤ ਅਤੇ ਸਿੱਖਿਆ ਦੀਆਂ ਬੁਨਿਆਦੀ ਸਹੂਲਤਾਂ ਦੀ ਘਾਟ, ਨੀਤੀ ਨਿਰਧਾਰਕਾਂ ਅਤੇ ਯੋਜਨਾਕਾਰਾਂ ਲਈ ਇਕ ਚੁਣੌਤੀ ਖੜ੍ਹੀ ਕਰਦੀਆਂ ਹਨ।

ਇਸ ਵਿਚ ਕੋਈ ਸ਼ੱਕ ਨਹੀਂ, ਦੇਸ਼ ਵਿਚ ਸਮੁੱਚੇ ਤੌਰ ਤੇ ਲੋਕਾਂ ਦੀ ਖ਼ੁਸ਼ਹਾਲੀ ਦਾ ਮਿਆਰ ਜਾਣਨ ਲਈ, ਖੇਤੀਬਾੜੀ ਖੇਤਰ ਬਾਰੇ ਜਾਣਨਾ ਬਹੁਤ ਮਹੱਤਵਪੂਰਨ ਹੈ। ਆਖ਼ਰਕਾਰ, ਅਰਥਵਿਵਸਥਾ ਵਿਚ ਲਗਭਗ ਅੱਧੇ ਰੁਜ਼ਗਾਰ ਦੇ ਮੌਕੇ ਖੇਤੀਬਾੜੀ ਖੇਤਰ ਵਿਚ ਹੀ ਹਨ, ਜੋ 2011 ਦੀ ਮਰਦਮਸ਼ੁਮਾਰੀ ਅਨੁਸਾਰ ਪੇਂਡੂ ਖੇਤਰਾਂ ਵਿਚ 70 ਪ੍ਰਤਿਸ਼ਤ ਤੋਂ ਵੱਧ ਲੋਕਾਂ ਨੂੰ ਜੀਵਨ ਨਿਰਬਾਹ ਅਤੇ ਰੋਜ਼ੀ-ਰੋਟੀ ਦਿੰਦੇ ਹਨ। ਇਹ ਧਿਆਨ ਦੇਣ ਯੋਗ ਸਚਾਈ ਹੈ ਕਿ ਕੁੱਲ ਘਰੇਲੂ ਉਤਪਾਦ ਵਿਚ ਖੇਤੀਬਾੜੀ ਦੇ ਯੋਗਦਾਨ ਵਿਚ ਬਹੁਤ ਭਾਰੀ ਗਿਰਾਵਟ ਆਈ ਹੈ ਅਤੇ ਇਹ 1950-51 ਵਿਚ 51.9 ਪ੍ਰਤਿਸ਼ਤ ਤੋਂ ਘਟ ਕੇ 2012-13 ਵਿਚ 13.7 ਪ੍ਰਤਿਸ਼ਤ ਰਹਿ ਗਿਆ ਹੈ। ਸਪੱਸ਼ਟ ਤੌਰ ਤੇ, ਇਸ ਨਾਲ 'ਆਮਦਨ ਅਤੇ ਰੁਜ਼ਗਾਰ' ਵਿਚ ਬੇਡੌਲਤਾ ਪੈਦਾ ਹੁੰਦੀ ਹੈ ਜਿਸ ਨਾਲ, ਖੇਤੀਬਾੜੀ ਅਤੇ ਗ਼ੈਰ ਖੇਤੀਬਾੜੀ ਖੇਤਰਾਂ ਵਿਚ, ਆਮਦਨ ਵਿਚ ਵਿਖਮਤਾ ਪੈਦਾ ਹੁੰਦੀ ਹੈ ਅਤੇ ਪੇਂਡੂ ਤੇ ਸ਼ਹਿਰੀ ਇਲਾਕਿਆਂ ਵਿਚ ਵੀ ਵਿਖਮਤਾ ਪੈਦਾ ਹੁੰਦੀ ਹੈ। ਖੇਤੀਬਾੜੀ ਖੇਤਰ ਵਿਚ ਜੋ ਸ਼ਕਤੀਆਂ ਕੰਮ ਕਰ ਰਹੀਆਂ ਹਨ ਅਤੇ ਉਸ ਵਿਚ ਆ ਰਹੀਆਂ ਤਬਦੀਲੀਆਂ ਦੀ ਰੌ ਸਮਝਣ ਲਈ ਬਹੁਤ ਡੂੰਘੀ ਪੜਚੋਲ ਦੀ ਲੋੜ ਹੈ ਤਾਂ ਜੋ ਇਸ ਖੇਤਰ ਦੇ ਭਵਿੱਖ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ ਅਤੇ ਇਸ ਲਈ ਨੀਤੀਆਂ ਦਾ ਖ਼ਾਕਾ ਤਿਆਰ ਕੀਤਾ ਜਾ ਸਕੇ।

ਬੇਸ਼ੱਕ, ਖੇਤੀਬਾੜੀ ਗਰੀਬੀ ਘੱਟ ਕਰਨ ਦਾ ਇਕ ਅਹਿਮ ਅੰਗ ਹੈ ਕਿਉਂਕਿ ਇਹ ਸਭ ਜਾਣਦੇ ਹਨ ਕਿ ਖੇਤੀਬਾੜੀ ਤੋਂ ਸ਼ੁਰੂ ਹੋਇਆ ਵਿਕਾਸ, ਖੇਤੀਬਾੜੀ ਖੇਤਰ ਤੋਂ ਬਾਹਰ ਤੋਂ ਸ਼ੁਰੂ ਹੋਏ ਕਿਸੇ ਵੀ ਵਿਕਾਸ ਨਾਲੋਂ ਗਰੀਬੀ ਘਟਾਉਣ ਵਿਚ ਦੁੱਗਣਾ ਅਸਰਦਾਰ ਹੁੰਦਾ ਹੈ। ਪਰ ਭਾਰਤ ਵਿਚ ਖੇਤੀਬਾੜੀ ਵਿਕਾਸ ਵਿਚ ਹਾਲੇ ਹੋਰ ਬਹੁਤ ਕੁਝ ਕਰਨਾ ਬਾਕੀ ਹੈ। ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਖੇਤੀਬਾੜੀ ਵਿਚ ਵਿਕਾਸ ਦਰ ਵਿਚ ਵਾਧਾ ਹੋਇਆ ਹੈ। ਇਹ ਦਰ 1951-52 ਤੋਂ 1965-66 ਦੇ ਸਮੇਂ ਵਿਚ 2.15 ਪ੍ਰਤਿਸ਼ਤ ਤੋਂ ਵਧ ਕੇ 2005-06 ਤੋਂ 2011-12 ਦੇ ਸਮੇਂ ਵਿਚਕਾਰ 3.89 ਪ੍ਰਤਿਸ਼ਤ ਹੋ ਗਈ ਹੈ ਪਰ ਫਿਰ ਵੀ ਇਹ ਅਰਥਵਿਵਸਥਾ ਦੇ ਦੂਸਰੇ ਖੇਤਰਾਂ ਵਿਚ ਇੰਨੇ ਸਮੇਂ ਦੌਰਾਨ ਹੋਈ ਵਿਕਾਸ ਦਰ ਨਾਲ ਮੁਕਾਬਲਾ ਨਹੀਂ ਕਰ ਸਕੀ। ਖੇਤੀਬਾੜੀ ਖੇਤਰ ਵਿਚ ਇਸ ਮੱਠੇਪਨ ਦਾ ਇਕ ਵੱਡਾ ਕਾਰਨ ਖੇਤੀਬਾੜੀ ਖੇਤਰ ਵਿਚ ਜਨਤਕ ਨਿਵੇਸ਼ (ਗ਼ੈਰ ਸਬਸਿਡੀ) ਅਤੇ ਆਗਤ ਵਸਤਾਂ ਦੀ ਵਰਤੋਂ ਵਿਚ ਭਾਰੀ ਕਮੀ ਹੈ ਜਿਸ ਨਾਲ ਫ਼ਸਲਾਂ ਦੇ ਲਾਭਕਾਰੀ ਹੋਣ 'ਤੇ ਬਹੁਤ ਮਾੜਾ ਅਸਰ ਪਿਆ ਹੈ। ਖੇਤੀ ਖੇਤਰ ਵਿਚ ਵਧ ਰਹੀਆਂ ਸਬਸਿਡੀਆਂ ਨੂੰ ਇਸ ਖੇਤਰ ਵਿਚ ਆਈ ਜਨਤਕ ਨਿਵੇਸ਼ ਵਿਚ ਭਾਰੀ ਕਮੀ ਦਾ ਕਾਰਨ ਮੰਨਿਆ ਜਾਂਦਾ ਹੈ। ਪਰ 9ਵੀਂ ਪੰਜ ਸਾਲਾ ਯੋਜਨਾ ਤੋਂ ਇਸ ਰੌ ਵਿਚ ਕੁਝ ਕਮੀ ਆਈ ਹੈ। ਖੇਤੀਬਾੜੀ ਖੇਤਰ ਵਿਚ ਲੱਗੀ ਕੁੱਲ ਪੂੰਜੀ ਵਿਚ 10ਵੀਂ ਯੋਜਨਾ ਵਿਚ 13.9 ਪ੍ਰਤਿਸ਼ਤ ਵਾਧੇ ਦੇ ਮੁਕਾਬਲੇ 11ਵੀਂ ਯੋਜਨਾ ਵਿਚ 19 ਪ੍ਰਤਿਸ਼ਤ ਵਾਧਾ ਹੋਇਆ। ਇਹ ਵੀ ਇਸ ਸਮੇਂ ਦੌਰਾਨ ਖੇਤੀਬਾੜੀ ਦੀ ਬੇਹਤਰ ਕਾਰਗੁਜ਼ਾਰੀ ਦਾ ਇਕ ਕਾਰਨ ਹੈ।

ਇਕ ਸੰਵੇਦਨਸ਼ੀਲ ਅਤੇ ਗਤੀਸ਼ੀਲ ਖੇਤੀਬਾੜੀ ਖੇਤਰ ਯਕੀਨੀ ਬਣਾਉਣ ਦੀ ਚੁਣੌਤੀ, ਜੋ ਦੂਸਰੇ ਖੇਤਰਾਂ ਵਿਚ ਵੀ ਆਰਥਿਕ ਵਿਕਾਸ ਪੈਦਾ ਕਰਨ ਦੀ ਸਮਰਥਾ ਰਖਦਾ ਹੋਵੇ, ਲਈ ਖੇਤੀਬਾੜੀ ਸੰਬੰਧਿਤ ਮੁੱਦਿਆਂ ਤੋਂ ਉੱਪਰ ਉੱਠ ਕੇ ਆਰਥਿਕ ਪਹਿਲੂਆਂ 'ਤੇ ਵਿਚਾਰ ਕਰਨ ਦੀ ਲੋੜ ਹੈ। ਖੇਤੀਬਾੜੀ ਨਾਲ ਸੰਬੰਧਿਤ ਬਹੁਤ ਸਾਰੇ ਮੁੱਦੇ ਅਜਿਹੇ ਵੀ ਹਨ, ਜਿਨ੍ਹਾਂ ਉੱਪਰ ਹਾਲੇ ਬਹਿਸ ਚਲ ਰਹੀ ਹੈ। ਇਹ ਸਪੱਸ਼ਟ ਨਹੀਂ ਹੈ ਕਿ ਖੇਤੀਬਾੜੀ ਦਾ ਭਵਿੱਖ ਸਮੂਹਿਕ ਖੇਤੀ ਉਤਪਾਦਨ ਕਰਨ ਵਿਚ ਹੈ ਜਾਂ ਵਾਹੀ ਕਰਨ ਵਾਲੇ ਕਿਸਾਨ ਨੂੰ ਖੇਤੀ ਦੀ ਮਲਕੀਅਤ ਦੇਣ ਵਿਚ ਹੈ। ਇਸੇ ਤਰ੍ਹਾਂ, ਭੂਮੀ ਛੋਟੇ-ਛੋਟੇ ਟੁਕੜਿਆਂ ਵਿਚ ਵੰਡੇ ਜਾਣ ਨਾਲ ਖੇਤੀਬਾੜੀ ਦੇ ਖੇਤਰ ਵਿਚ ਵਿਵਾਦ ਵਿਚ ਕੁੱਝ ਬਦਲਾਅ ਆਇਆ ਹੈ, ਪਰ ਖੇਤੀਬਾੜੀ ਸੰਬੰਧਾਂ ਦਾ ਮਹੱਤਵਪੂਰਨ ਰਾਜਨੀਤਕ ਅਸਰ ਜਾਰੀ ਹੈ। ਖੇਤੀਬਾੜੀ ਦਾ ਪੇਂਡੂ ਇਲਾਕਿਆਂ ਦੀ ਸਮਾਜਿਕ ਆਰਥਿਕ ਯਥਾਰਥਕਤਾ ਨਾਲ ਸਜੀਵੀ ਜੋੜਮੇਲ ਸਮਝਣਾ ਸਾਨੂੰ ਭਾਰਤ ਦੇ ਕਈ ਭਾਗਾਂ ਵਿਚ ਅੱਜ ਦੀ ਸਮਾਜਿਕ ਬੇਚੈਨੀ ਅਤੇ ਝਗੜੇ ਦੀ ਤਹਿ ਤਕ ਪਹੁੰਚਣ 'ਤੇ ਝਾਤ ਪਾਉਣ ਦਾ ਮੌਕਾ ਦੇ ਸਕਦਾ ਹੈ। ਡੇਨੀਅਲ ਥੌਰਨਰ ਵਲੋਂ ਪੇਂਡੂ ਆਬਾਦੀ ਨੂੰ ਮਜ਼ਦੂਰ, ਕਿਸਾਨ ਅਤੇ ਮਾਲਕ ਵਰਗਾਂ ਵਿਚ ਵੰਡ ਦਾ ਖੇਤੀਬਾੜੀ ਖੇਤਰ ਦੀ ਆਰਥਿਕਤਾ ਸਮਝਣ ਲਈ ਮਹੱਤਵ ਬੇਸ਼ੱਕ ਨਾ ਰਹਿ ਗਿਆ ਹੋਵੇ ਪਰ ਜੇਕਰ ਅਸੀਂ ਇਸ ਮੁੱਦੇ ਨੂੰ ਸਮੁੱਚੇ ਰੂਪ ਵਿਚ ਸਮਝਣਾ ਚਾਹੁੰਦੇ ਹਾਂ ਤਾਂ ਇਸ ਦੀ ਉਪਯੋਗਿਤਾ ਹਾਲੇ ਵੀ ਬਹੁਤ ਹੈ।

– ਮੁੱਖ ਸੰਪਾਦਕ

## ADVERTISEMENT UNIT
## PUBLICATIONS DIVISION
## MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
**(w.e.f 1st June ,2013)**

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

### Mechanical Details

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com


YOJANA (Punjabi) June -2014 (Total Pages 52+IV) Regd. RNI 43033/85
Posted on 27 May, 2014

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ


## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ





ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ :ਡਾਇਬਟੀਜ਼ ਦੇ ਨਾਲ ਜੀਣ ਦੀ ਕਲਾ
ਲੇਖਕ : ਯਤੀਸ਼ ਅਗਰਵਾਲ
ਪੰਨੇ : 268, ਮੁੱਲ : 175 ਰੁਪਏ




ਪੁਸਤਕ : ਪੰਜਾਬ ਦੇ ਲੋਕ ਨਾਚ
ਲੇਖਕ : ਡਾ. ਜਗੀਰ ਸਿੰਘ ਨੂਰ
ਪੰਨੇ : 167, ਮੁੱਲ : 180 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Ira Joshi, Additional Director General & Head on behalf of Publications Division,Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

# ਯੋਜਨਾ

ਸਾਲ 29 • ਅੰਕ 11 • ਜੂਨ 2014 • ਕੁੱਲ ਪੰਨੇ 56



ਮੁੱਖ ਸੰਪਾਦਕ

**ਰਾਜੇਸ਼ ਕੇ. ਝਾ**

ਸੰਪਾਦਕ

**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**

ਈਸਟ ਬਲਾਕ-4, ਲੈਵਲ-7

ਆਰ. ਕੇ. ਪੁਰਮ, ਨਵੀਂ ਦਿੱਲੀ-110066

ਫ਼ੋਨ ਤੇ ਫ਼ੈਕਸ : 011-26177591

ਈਮੇਲ : yojanapunjabi@yahoo.com

ਵੈੱਬਸਾਈਟ : www.yojana.gov.in

www.publicationsdivision.nic.in

https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)

**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)

**ਸੂਰੀਆਕਾਂਤ ਸ਼ਰਮਾ**

ਫ਼ੋਨ: 26100207

ਫ਼ੈਕਸ : 26175516

ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਭਾਰਤੀ ਖੇਤੀ ਵਿਚ ਵਿਕਾਸ ਵਾਧੇ ਲਈ ਪੂੰਜੀਕਾਰੀ – ਅਸ਼ੋਕ ਗੁਲਾਟੀ, ਸੁਰਭੀ ਜੈਨ 2
- ਭਾਰਤ ਦੇ ਵਿਸ਼ੇਸ਼ ਪ੍ਰਸੰਗ ਵਿਚ ਵਿਕਾਸਸ਼ੀਲ ਦੇਸ਼: ਖੇਤੀ ਵਿਸ਼ਵ ਵਪਾਰ ਸੰਘ – ਜੇ.ਪੀ. ਸਿੰਘ 6
- ਭਾਰਤੀ ਖੇਤੀ–ਨੀਤੀ ਤੇ ਕਾਰਗੁਜ਼ਾਰੀ ਦਾ ਜਾਇਜ਼ਾ – ਸੀ ਐੱਸ ਸੀ ਸ਼ੇਖਰ 10
- ਭਾਰਤ ਵਿਚ ਰਾਜ ਦੀ ਸਮਰੱਥਾ ਦਾ ਨਿਰਮਾਣ – ਅਜੈ ਸ਼ਾਹ 15
- 1990ਵਿਆਂ ਦੇ ਅੱਧ ਤੋਂ ਖੇਤੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ – ਰਮੇਸ਼ ਚੰਦ 21
- ਬਲਾਤਕਾਰ ਕਾਨੂੰਨ ਸੁਧਾਰ ਨੂੰ ਸਮਝਦਿਆਂ – ਪ੍ਰਤੀਕਸ਼ਾ ਬਕਸ਼ੀ 27
- ਭਾਰਤ ਦਾ ਖੇਤੀਬਾੜੀ ਸੰਕਟ : ਸੁਭਾਅ, ਕਾਰਨ ਤੇ ਸੰਭਾਵੀ ਹੱਲ – ਗਿਆਨ ਸਿੰਘ 30
- ਭਾਰਤ ਦੀ ਖੇਤੀ ਵਿਚ ਪੰਜਾਬ ਦੀ ਮਹੱਤਤਾ – ਸਰਬਜੀਤ ਸਿੰਘ ਛੀਨਾ 34
- ਭਾਰਤ ਵਿਚ ਜੈਵਿਕ ਖੇਤੀ ਵਲ ਰੁਝਾਨ – ਸੁਵਿਧਾ ਕੁਮਰਾ 37
- ਖੇਤੀ ਦਾ ਬਹੁ-ਪੱਖੀ ਵਿਕਾਸ ਜ਼ਰੂਰੀ – ਮੁਹਿੰਦਰ ਸਿੰਘ ਬਾਜਵਾ 47
- ਭਾਰਤ ਵਿਚ ਖੇਤੀਬਾੜੀ ਤੇ ਸਹਾਇਕ ਧੰਦੇ – ਮਨਧੀਰ ਸਿੰਘ ਦਿਓਲ 41
- ਪੰਜਾਬ ਦੀ ਖੇਤੀ ਦੀਆਂ ਪ੍ਰਾਪਤੀਆਂ, ਔਕੜਾਂ ਤੇ ਭਵਿੱਖ – ਰਣਜੀਤ ਸਿੰਘ 43
- ਵਿਸ਼ਵੀਕਰਨ : ਭਾਰਤੀ ਖੇਤੀ ਦੀਆਂ ਚੁਨੌਤੀਆਂ ਤੇ ਸੰਭਾਵਨਾਵਾਂ – ਅਜ਼ਾਦਵਿੰਦਰ ਸਿੰਘ 45
- ਬਾਲ ਕਵੀ ਵਲੋਂ ਬਿਨਾਂ ਤਕਲੀਫ਼ ਚੌਲ ਛੜਨ ਵਾਲੀ ਮਸ਼ੀਨ ਦੀ ਕਾਢ – ਮੁਹੰਮਦ ਸਾਜਿਦ ਅਨਸਾਰੀ 47
- ਹਨ੍ਹੇਰੇ-ਸੰਘਣੇ ਜੰਗਲਾਂ ਨੂੰ ਰੁਸ਼ਨਾਉਣਾ – ਬਾਬਾ ਮਾਇਆਰਾਮ 49
- ਸ਼ੂਗਰ ਘਟਣ ਨਾਲ ਕੀ ਦਿਮਾਗ ਪ੍ਰਭਾਵਿਤ ਹੁੰਦਾ ਹੈ? – ਅਜੀਤਪਾਲ ਸਿੰਘ ਐੱਮ ਡੀ 51
- ਪੁਸਤਕ ਪੜਚੋਲ – ਅੰਮ੍ਰਿਤਪਾਲ ਕੌਰ 52



**ਯੋਜਨਾ ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀਂ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ₹100, 2 ਸਾਲ ₹180, 3 ਸਾਲ ₹250 – ਸਾਰਕ ਦੇਸ਼ਾਂ ਲਈ ₹530 ; ਯੂਰਪੀ ਤੇ ਹੋਰ ਦੇਸ਼ਾਂ ਲਈ ₹730. ਯੋਜਨਾ ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਭਾਰਤੀ ਖੇਤੀ ਵਿਚ ਵਿਕਾਸ ਵਾਧੇ ਲਈ ਪੂੰਜੀਕਾਰੀ

ਅਸ਼ੋਕ ਗੁਲਾਟੀ ਅਤੇ ਸੁਰਭੀ ਜੈਨ


ਖੇਤੀ ਵਿਚ ਵਿਕਾਸ ਵਾਧੇ ਦੀ ਬਹੁਤ ਮਹੱਤਤਾ ਹੈ, ਜਿਵੇਂ ਕਿ ਖੋਜ ਤੋਂ ਇਹ ਜ਼ਾਹਿਰ ਹੋਇਆ ਹੈ ਕਿ ਖੇਤੀ ਤੋਂ ਉਪਜੇ ਕੁੱਲ ਘਰੇਲੂ ਉਤਪਾਦ ਖੇਤੀ ਤੋਂ ਬਾਹਰਲੇ ਕੁੱਲ ਘਰੇਲੂ ਉਤਪਾਦ ਦੇ ਮੁਕਾਬਲੇ ਗਰੀਬੀ ਹਟਾਉਣ ਵਿਚ ਘੱਟੋ-ਘੱਟ ਦੋ ਗੁਣਾ ਵੱਧ ਅਸਰਦਾਰ ਸਾਬਤ ਹੋਇਆ ਹੈ (ਵਿਸ਼ਵ ਵਿਕਾਸ ਰਿਪੋਰਟ 2008)। ਇਸ ਇਕੱਲੇ ਪ੍ਰਸੰਗ ਵਿਚ ਸਮੁੱਚਤਾ ਵਾਲੇ ਵਿਕਾਸ ਦਾ ਮਾਡਲ ਆਪਣੇ ਟੀਚਿਆਂ 'ਤੇ ਤਾਂ ਹੀ ਖਰਾ ਉਤਰਦਾ ਹੈ ਜੇ ਪਿਛਲੇ ਸਮੇਂ ਦੇ ਮੁਕਾਬਲੇ ਖੇਤੀ ਬਿਹਤਰ ਕਾਰਗੁਜ਼ਾਰੀ ਦਿਖਾਏ। ਇੰਜ, ਉਹ ਸਾਰੇ ਮਾਡਲ ਇਕ ਪਾਸੇ ਹੋ ਜਾਣਗੇ ਜੋ ਕਿਸੇ ਵਿਸ਼ੇਸ਼ ਸਮੁਦਾਇ, ਜਾਤ ਜਾਂ ਸ਼੍ਰੇਣੀ ਨੂੰ ਵਿਸ਼ੇਸ਼ ਰਿਆਇਤਾਂ ਰਾਹੀਂ ਸਮੁੱਚਤਾ ਵਾਲਾ ਵਿਕਾਸ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਖੇਤੀ ਵਿਚ ਕਿਸ ਵਿਕਾਸ ਦਰ ਦੀ ਲੋੜ ਹੈ ਅਤੇ ਕਿੰਨੀ ਵਿਕਾਸ ਦਰ ਸੰਭਵ ਹੈ ਤਾਂ ਜੋ ਭਾਰਤ ਵਿਚੋਂ ਗਰੀਬੀ ਤੇਜ਼ੀ ਨਾਲ ਖਤਮ ਹੋਵੇ, ਵੱਲ ਧਿਆਨ ਦੇਣ ਦੀ ਲੋੜ ਹੈ। ਸਾਡਾ ਮਤ ਹੈ ਕਿ ਦਲੇਰੀ ਵਾਲੇ ਨੀਤੀਗਤ ਫ਼ੈਸਲਿਆਂ ਨਾਲ, ਭਾਰਤੀ ਖੇਤੀ ਅਗਲੇ ਦਸ ਸਾਲਾਂ ਵਿਚ ਪੰਜ ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਿਕਾਸ ਦਰ ਦੇਣ ਦੀ ਸੰਭਾਵਨਾ ਰੱਖਦੀ ਹੈ ਅਤੇ ਇੰਜ ਗਰੀਬੀ, ਭੁੱਖ ਅਤੇ ਕੁਪੋਸ਼ਨ ਹਟਾਉਣ ਦਾ ਆਪਣੀ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦੀ ਹੈ।

## 1991 ਦੇ ਆਰਥਿਕ ਸੁਧਾਰਾਂ ਮਗਰੋਂ ਖੇਤੀ ਵਿਕਾਸ ਕਾਰਗੁਜ਼ਾਰੀ

1991-92 ਤੋਂ 2013-14 ਦੌਰਾਨ ਖੇਤੀ ਅਤੇ ਇਸ ਨਾਲ ਜੁੜੇ ਖੇਤਰਾਂ ਦੀ ਵਿਕਾਸ ਦਰ ਹਾਲੀਆ ਯੋਜਨਾ ਕਾਲ ਲਈ ਮਿਥੀ 4 ਪ੍ਰਤਿਸ਼ਤ ਦੀ ਵਿਕਾਸ ਦਰ ਤੋਂ ਕਾਫ਼ੀ ਹੇਠਾਂ 3.2 ਪ੍ਰਤਿਸ਼ਤ ਰਹੀ ਹੈ, ਪਰ ਵੱਖ-ਵੱਖ ਯੋਜਨਾ ਕਾਲ ਦੌਰਾਨ ਇਸ ਵਿਚ ਵੱਡੇ ਉਤਾਰ-ਚੜ੍ਹਾਅ ਦਰਜ ਹੋਏ ਹਨ। ਚਿੱਤਰ (1)। ਅੱਠਵੀਂ ਯੋਜਨਾ ਦੌਰਾਨ ਇਸ ਵਿਚ 4.8 ਪ੍ਰਤਿਸ਼ਤ ਦੀ ਵਿਕਾਸ ਦਰ ਦਰਜ ਹੋਈ। ਪਰ ਨੌਵੀਂ 1997-2002 ਅਤੇ ਦਸਵੀਂ (2002-2007) ਯੋਜਨਾ ਦੌਰਾਨ ਇਹ ਘਟ ਕੇ 2.5 ਅਤੇ 2.4 ਪ੍ਰਤਿਸ਼ਤ 'ਤੇ ਪਹੁੰਚ ਗਈ। ਗਿਆਰਵੀਂ ਯੋਜਨਾ (2007-12) ਦੌਰਾਨ ਖੇਤੀ ਕੁੱਲ ਘਰੇਲੂ ਉਤਪਾਦ ਦਰ 4.1 ਪ੍ਰਤਿਸ਼ਤ ਚੜ੍ਹ ਕੇ ਫਿਰ 12ਵੀਂ ਯੋਜਨਾ (2012-17) ਦੇ ਪਹਿਲੇ ਦੋ ਸਾਲਾਂ ਦੌਰਾਨ ਘਟ ਕੇ 3.0 ਪ੍ਰਤਿਸ਼ਤ ਹੋ ਗਈ। ਦਹਾਕਿਆਂ ਦੇ ਆਧਾਰ 'ਤੇ 1990 (1991-92) ਤੋਂ 2000-01 ਦੌਰਾਨ ਇਹ 2.9 ਪ੍ਰਤਿਸ਼ਤ ਸਾਲਾਨਾ ਰਹਿ ਕੇ 2000ਵਿਆਂ (2001-02-2013-14) ਦੇ ਦਹਾਕੇ ਦੌਰਾਨ 3.4 ਪ੍ਰਤਿਸ਼ਤ ਤੋਂ ਪਹੁੰਚ ਕੇ ਪੂਰੇ ਕਾਲ ਦੌਰਾਨ ਸਮੁੱਚੇ ਤੌਰ ਤੇ 3.2 ਪ੍ਰਤਿਸ਼ਤ ਰਹੀ। ਮਹੱਤਵਪੂਰਨ ਗੱਲ ਇਹ ਹੈ ਕਿ ਅਸਥਿਰਤਾ ਦੇ ਮਾਪਦੰਡ ਵਜੋਂ ਖੇਤੀ ਕੁੱਲ ਘਰੇਲੂ ਉਤਪਾਦ ਵਜੋਂ ਵਖਰੇਵੇਂ ਦੀ ਸਹਿ-ਕੁਸ਼ਲਤਾ ਇਸ ਕਾਲ ਦੌਰਾਨ ਸਮੁੱਚੀ ਕੁੱਲ ਘਰੇਲੂ ਉਤਪਾਦ ਦਰ ਦੇ ਮੁਕਾਬਲੇ ਚਾਰ ਗੁਣਾ ਰਹੀ। ਇਸ ਨਾਲ ਨਾ ਕੇਵਲ ਖੇਤੀ ਦੀ ਵਧੇਰੇ ਉਤਪਾਦਕਤਾ ਸਗੋਂ ਸਥਿਰਤਾ ਲਈ ਵੀ ਸਿੰਜਾਈ ਅਤੇ ਖੇਤੀ ਖੋਜ-ਵਿਕਾਸ ਲਈ ਵਧੇਰੇ ਪੂੰਜੀਕਾਰੀ ਦੀ ਲੋੜ ਦਾ ਪਤਾ ਲਗਦਾ ਹੈ। ਕੀ ਅਸੀਂ ਇਨ੍ਹਾਂ ਖੇਤਰਾਂ ਵਿਚ ਕਾਫ਼ੀ ਪੂੰਜੀ ਲਾਈ ਹੈ? ਇਸ ਦਾ ਜਵਾਬ ਨਾਂਹ ਵਿਚ ਹੈ। ਉਦਾਹਰਣ ਵਜੋਂ, 12ਵੀਂ ਯੋਜਨਾ ਦੇ ਸ਼ੁਰੂ ਵਿਚ 4,22,012 ਕਰੋੜ ਰੁਪਏ ਦੀ ਲੋੜ ਵਾਲੀਆਂ 337 ਵੱਡੀਆਂ ਅਤੇ ਦਰਮਿਆਨੀਆਂ ਸਿੰਜਾਈ ਸਕੀਮਾਂ ਸਨ, ਜਦ ਕਿ ਸਿੰਜਾਈ ਲਈ ਬਜਟ ਵੰਡ 20,000 ਕਰੋੜ ਰੁਪਏ ਤੋਂ ਵੀ ਘੱਟ ਦੀ ਕੀਤੀ ਗਈ। ਇਸ ਨਾਲ ਪਾਣੀ ਦੇ

ਚਿੱਤਰ-1

ਕੁੱਲ ਘਰੇਲੂ ਉਤਪਾਦ (ਸਮੁੱਚਾ) ਅਤੇ ਕੁੱਲ ਘਰੇਲੂ ਉਤਪਾਦ (ਖੇਤੀ) ਵਿਕਾਸ ਦਾ ਵੱਖ-ਵੱਖ ਯੋਜਨਾ ਸਮਿਆਂ ਦੌਰਾਨ ਤੁਲਨਾਤਮਕ ਅਧਿਐਨ




*ਸਰੋਤ : ਕੇਂਦਰੀ ਅੰਕੜਾ ਦਫ਼ਤਰ। ਸਾਰੇ ਅੰਕੜੇ 2004-05 ਦੀਆਂ ਕੀਮਤਾਂ 'ਤੇ ਆਧਾਰਤ ਹਨ। 2012-13 ਅਤੇ 2013-14 ਦੇ ਅੰਕੜੇ 7 ਫ਼ਰਵਰੀ 2014 ਨੂੰ ਕੇਂਦਰੀ ਅੰਕੜਾ ਦਫ਼ਤਰ ਵਲੋਂ ਜਾਰੀ ਅਗਾਊਂ ਅਨੁਮਾਨ ਅਨੁਸਾਰ ਹਨ।*

ਵਸੀਲਿਆਂ ਅਤੇ ਉਨ੍ਹਾਂ ਦੇ ਢੁਕਵੇਂ ਪ੍ਰਬੰਧਨ ਵਿਚ ਲੋੜੀਂਦੀ ਪੂੰਜੀ ਲਾਉਣ ਨੂੰ ਅੱਖੋਂ ਪਰੋਖੇ ਕੀਤੇ ਜਾਣ ਦਾ ਪਤਾ ਲਗਦਾ ਹੈ।

## ਵਿਕਾਸ ਅਤੇ ਖੇਤੀ ਵਿਚ ਨਿਵੇਸ਼

ਆਮ ਤੌਰ ਤੇ ਕਿਸੇ ਖੇਤਰ ਦਾ ਵਿਕਾਸ ਏ ਲਾ ਹੈਰਡ-ਡੋਮਾਰ ਦੇ ਮਾਡਲ ਅਨੁਸਾਰ, ਇਸ ਖੇਤਰ ਵਿਚ ਹੋਏ ਨਿਵੇਸ਼, ਉਸ ਦੀ ਵਾਧੇ ਵਾਲੀ ਪੂੰਜੀ ਉਤਪਾਦਨ ਔਸਤ ਅਤੇ ਉਸ ਖੇਤਰ ਵਿਚ ਪੂੰਜੀ ਦੀ ਕਾਰਜਕੁਸ਼ਲਤਾ ਦੇ ਤੱਤਾਂ 'ਤੇ ਨਿਰਭਰ ਕਰਦਾ ਹੈ। ਇਸ ਲਈ ਖੇਤੀ ਵਿਕਾਸ ਦਾ ਮੁੱਖ ਵਸੀਲਾ ਖੇਤੀ ਵਿਚ ਕੁੱਲ ਪੂੰਜੀ ਨਿਰਮਾਣ ਹੈ ਜੋ ਕਿ ਅਸਲ ਵਿਚ ਖੇਤੀ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਅਨੁਪਾਤ ਵਿਚ ਸਰਕਾਰੀ ਅਤੇ ਨਿੱਜੀ ਖੇਤਰਾਂ ਵਲੋਂ ਖੇਤੀ ਵਿਚ ਕੀਤਾ ਗਿਆ ਨਿਵੇਸ਼ ਹੀ ਹੈ। ਖੇਤੀ ਵਿਚ 4 ਪ੍ਰਤਿਸ਼ਤ ਵਿਕਾਸ ਦਰ ਲੈਣ ਲਈ, 4:1 ਦੀ ਔਸਤ ਵਾਧੇ ਵਾਲੀ ਪੂੰਜੀ ਉਤਪਾਦਨ ਔਸਤ ਦਰ ਦੀ ਧਾਰਨਾ ਰਖਦਿਆਂ, ਪੂੰਜੀਕਾਰੀ ਖੇਤੀ ਕੁੱਲ ਘਰੇਲੂ ਉਤਪਾਦ ਦਾ ਲਗਭਗ 16 ਪ੍ਰਤਿਸ਼ਤ ਹੋਣਾ ਚਾਹੀਦਾ ਹੈ। 1990-91 ਤੋਂ 2007-08 ਦੇ ਬਹੁਤੇ ਸਮੇਂ ਦੌਰਾਨ ਰਾਸ਼ਟਰੀ ਪੱਧਰ 'ਤੇ ਪੂੰਜੀ ਦਰ ਹਮੇਸ਼ਾ ਇਸ ਟੀਚੇ ਤੋਂ ਹੇਠਾਂ ਰਹੀ ਹੈ। ਇਸੇ ਲਈ ਖੇਤੀ ਕੁੱਲ ਘਰੇਲੂ ਉਤਪਾਦ ਦੀ ਔਸਤ ਸਾਲਾਨਾ ਦਰ ਵੀ 2 ਤੋਂ 3 ਪ੍ਰਤਿਸ਼ਤ ਦੇ ਨੇੜੇ ਘੁੰਮਦੀ ਰਹੀ ਹੈ। 9ਵੀਂ ਯੋਜਨਾ (1997-2002) ਤੋਂ ਇਹ ਰੁਝਾਨ ਉਲਟ ਪਰਿਵਰਤਨ ਲਿਆਉਂਦਾ ਗਿਆ ਜਿਸ ਦੇ ਨਤੀਜੇ ਵਜੋਂ ਦਸਵੀਂ ਯੋਜਨਾ (2002-07) ਦੌਰਾਨ ਇਹ ਦਰ ਵਧ ਕੇ 13.9 ਪ੍ਰਤਿਸ਼ਤ 'ਤੇ ਪਹੁੰਚ ਗਈ ਅਤੇ ਗਿਆਰਵੀਂ ਯੋਜਨਾ ਦੌਰਾਨ 19 ਪ੍ਰਤਿਸ਼ਤ 'ਤੇ ਜਾ ਪਹੁੰਚੀ। ਇੰਜ ਖੇਤੀ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਅਨੁਪਾਤ ਵਜੋਂ, ਕੁੱਲ ਪੂੰਜੀ ਨਿਰਮਾਣ ਦਰ ਪਿਛਲੇ ਦਹਾਕੇ ਦੌਰਾਨ (ਚਿੱਤਰ-2) ਵਧ ਕੇ ਦੋ ਗੁਣਾ ਤੋਂ ਵੱਧ ਹੋ ਗਈ ਹੈ। ਭਾਰਤੀ ਖੇਤੀ ਵਿਚ ਇਹ ਹੁਣ ਤਕ ਦਾ ਸਭ ਤੋਂ ਵੱਡਾ ਹਾਂ-ਪੱਖੀ ਬਦਲਾਅ ਹੈ ਅਤੇ ਇਸ ਰੁਝਾਨ 'ਤੇ ਬਣੇ ਰਹਿਣ ਸਦਕਾ, ਸਮੇਂ ਨਾਲ ਲਾਹੇਵੰਦ ਨਤੀਜੇ ਸਾਹਮਣੇ ਆਉਣਗੇ।

ਇਥੇ ਦਿਲਚਸਪੀ ਵਾਲੀ ਗੱਲ ਹੈ ਕਿ ਭਾਰਤ ਵਿਚ ਖੇਤੀ ਲਈ ਕੁੱਲ ਨਿਵੇਸ਼ ਦਾ 20 ਪ੍ਰਤਿਸ਼ਤ ਯੋਗਦਾਨ ਹੀ ਸਰਕਾਰੀ ਵਸੀਲਿਆਂ ਤੋਂ ਹੁੰਦਾ ਹੈ ਅਤੇ ਬਾਕੀ ਦੇ 80 ਪ੍ਰਤਿਸ਼ਤ ਦਾ ਨਿਵੇਸ਼ ਨਿੱਜੀ ਖੇਤਰ ਵਲੋਂ ਹੁੰਦਾ ਹੈ।


**1980 ਵਿਚ ਸਰਕਾਰੀ ਅਤੇ ਨਿੱਜੀ ਖੇਤਰ ਦਾ ਨਿਵੇਸ਼ ਲਗਭਗ ਬਰਾਬਰ ਸੀ। ਪਰ 2000ਵਿਆਂ ਤਕ ਪਹੁੰਚਦਿਆਂ ਸਰਕਾਰੀ ਖੇਤਰ ਦੇ ਮੁਕਾਬਲੇ ਨਿੱਜੀ ਖੇਤਰ ਦਾ ਨਿਵੇਸ਼ ਚਾਰ ਗੁਣਾ ਹੋ ਗਿਆ। ਸਰਕਾਰੀ ਖੇਤਰ ਦੀ ਥਾਂ ਨਿੱਜੀ ਖੇਤਰ ਦੀ ਪੂੰਜੀਕਾਰੀ ਤੋਂ ਖੇਤੀ ਦੇ ਫ਼ਾਇਦੇ ਦੇਣ ਵਾਲੇ ਢਾਂਚੇ ਵੱਲ ਬਿਹਤਰ ਤੇ ਤੇਜ਼ ਪ੍ਰਤਿਕਰਮ ਮਿਲਦਾ ਹੈ। ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਬਿਹਤਰ ਮੁਨਾਫ਼ੇ ਜਾਂ ਕੀਮਤਾਂ ਦਾ 2000ਵਿਆਂ ਦੇ ਦਹਾਕੇ ਦੇ ਬਾਅਦ ਵਾਲੇ ਅੱਧ ਦੌਰਾਨ ਖੇਤੀ ਵਿਕਾਸ ਵਿਚ ਤੇਜ਼ੀ ਲਿਆਉਣ ਸੰਬੰਧੀ ਵੱਡੀ ਭੂਮਿਕਾ ਰਹੀ ਹੈ।**

ਇਥੇ ਧਿਆਨ ਦੇਣ ਵਾਲਾ ਪੱਖ ਇਹ ਵੀ ਹੈ ਜਿਵੇਂ ਕਿ ਰਾਸ਼ਟਰੀ ਲੇਖਾ ਅੰਕੜੇ ਦੱਸਦੇ ਹਨ, ਭਾਰਤੀ ਖੇਤੀ ਵਿਚ ਸਰਕਾਰੀ ਪੂੰਜੀਕਾਰੀ ਮੁੱਖ ਕਰਕੇ ਵੱਡੀਆਂ ਅਤੇ ਦਰਮਿਆਨੀਆਂ ਸਿੰਜਾਈ ਸਕੀਮਾਂ ਵਿਚ ਹੈ। ਖੋਜ ਅਤੇ ਵਿਕਾਸ, ਦਿਹਾਤੀ ਬੁਨਿਆਦੀ ਢਾਂਚਾ, ਦਿਹਾਤੀ ਬਿਜਲੀਕਰਨ, ਸਿੱਖਿਆ ਜਿਹੇ ਖੇਤਰ ਪੂੰਜੀ ਖਰਚਿਆਂ ਦੀ ਵੱਖਰੀ ਸ਼੍ਰੇਣੀ ਹੇਠ ਰੱਖੇ ਗਏ ਹਨ। ਐੱਨ ਏ ਐੱਸ ਵਲੋਂ ਦਿਤੇ ਗਏ ਅੰਕੜੇ ਹੀ ਇਥੇ ਵਰਤੇ ਗਏ ਹਨ ਅਤੇ ਉਨ੍ਹਾਂ ਅੰਕੜਿਆਂ ਨੂੰ ਵੇਖਦਿਆਂ 4:1 ਦੀ ਵਾਧੇ ਵਾਲੀ ਪੂੰਜੀ ਉਤਪਾਦਨ ਔਸਤ ਨਾਲ ਕੁੱਲ ਪੂੰਜੀ ਨਿਰਮਾਣ ਕੁੱਲ ਘਰੇਲੂ ਖੇਤੀ ਉਤਪਾਦ ਦੇ 20 ਪ੍ਰਤਿਸ਼ਤ ਤੋਂ ਉਪਰ ਪਹੁੰਚਿਆ ਹੋਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਖੇਤੀ ਖੇਤਰ ਨੂੰ ਆਸਾਨੀ ਨਾਲ ਪੰਜ ਪ੍ਰਤਿਸ਼ਤ ਦੀ ਵਿਕਾਸ ਦਰ ਦਰਜ ਕਰਾਉਣੀ ਚਾਹੀਦੀ ਹੈ। ਪਰ ਇਸ ਖੇਤਰ ਦੀ ਵਿਕਾਸ ਦਰ ਅਜੇ ਤਕ 3 ਤੋਂ 4 ਪ੍ਰਤਿਸ਼ਤ ਹੀ ਦਰਜ ਹੋ ਰਹੀ ਹੈ।

ਜੇ ਪੂੰਜੀਕਾਰੀ ਵਿਚ ਕਮੀ ਨਹੀਂ ਤਾਂ ਖੇਤੀ ਵਿਕਾਸ ਦਰ ਵਿਚ ਵਾਧੇ ਦੇ ਕਾਰਨ ਵਿਚ ਕਿਹੜੀਆਂ ਔਕੜਾਂ ਹਨ? ਕੀ ਖੇਤੀ ਲਈ ਸਮੁੱਚੇ ਸਾਧਨਾਂ ਨੂੰ ਵਧਾਉਣ ਦੀ ਲੋੜ ਹੈ ਜਾਂ ਕਿ ਇਨ੍ਹਾਂ ਸਾਧਨਾਂ ਦੀ ਬਣਤਰ ਨੂੰ ਦਰੁਸਤ ਕੀਤਾ ਜਾਣਾ ਚਾਹੀਦਾ ਹੈ? ਜਾਂ ਕਿਰਤੀਆਂ ਦੀ ਕਮੀ ਕਾਰਨ ਵਾਧੇ ਵਾਲੀ ਪੂੰਜੀ ਉਤਪਾਦਨ ਔਸਤ ਬਦਲ ਕੇ 4:5:1 ਜਾਂ 5:1 ਜਾਂ 5:1 ਹੋ ਗਈ ਹੈ ਜਾਂ ਇਹ ਖੇਤਰ ਮੰਗ ਵਿਚ ਬੰਦਿਸ਼ ਦਾ ਸ਼ਿਕਾਰ ਹੋ ਗਿਆ ਹੈ। ਜਾਂ ਕੋਈ ਹੋਰ ਢਾਂਚਾਗਤ ਸਮੱਸਿਆਵਾਂ ਹਨ ਜੋ 5 ਪ੍ਰਤਿਸ਼ਤ ਸਾਲਾਨਾ ਖੇਤੀ ਵਿਕਾਸ ਦਰ ਹਾਸਲ ਕਰਨ ਲਈ ਮੂਲ ਬਦਲਾਵਾਂ ਦੀ ਮੰਗ

ਚਿੱਤਰ-2

ਕੁੱਲ ਘਰੇਲੂ ਉਤਪਾਦਨ (ਖੇਤੀ) ਦੇ ਔਸਤਨ ਦਰ ਵਜੋਂ ਖੇਤੀ ਕੁੱਲ ਪੂੰਜੀ




*ਸਰੋਤ : ਰਾਸ਼ਟਰੀ ਲੇਖਾ ਅੰਕੜੇ, ਸੀ ਐੱਸ ਓ; ਖੇਤੀਬਾੜੀ ਅੰਕੜਿਆਂ ਉੱਤੇ ਇਕ ਝਾਤ, ਵੱਖ-ਵੱਖ ਅੰਕ ਸਾਰੇ ਅਨੁਮਾਨ 2004-05 ਦੀਆਂ ਕੀਮਤਾਂ ਅਨੁਸਾਰ*

ਕਰਦੀਆਂ ਹਨ। ਕੀ ਇਹ ਬਾਜ਼ਾਰ ਵਾਲੇ ਪੱਧਰ 'ਤੇ ਹੋਣ ਵਾਲੇ ਬਦਲਾਅ ਹਨ ਜੋ ਖੇਤ ਤੋਂ ਛੜਾਈ, ਲਦਾਈ ਦੇ ਅਮਲ ਤੋਂ ਸੰਗਠਿਤ ਵਿਕਰੇਤਾ ਤਕ ਇਕ ਸਿਲਸਿਲੇਬੱਧ ਸੰਪਰਕ ਕਾਇਮ ਕਰਨ ਦੀ ਲੋੜ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਸਭ ਮੁੱਦਿਆਂ ਉਪਰ ਡੂੰਘਾ ਵਿਸ਼ਲੇਸ਼ਨ ਕੀਤੇ ਜਾਣ ਦੀ ਲੋੜ ਹੈ। ਪਰ ਇਥੇ ਅਸੀਂ ਖੇਤੀ ਖੇਤਰ ਵਿਚ ਸਰਕਾਰੀ ਪੂੰਜੀ ਦੇ ਸੁਭਾਅ ਅਤੇ ਮਿਕਦਾਰ ਅਤੇ ਖੇਤੀ ਕੁੱਲ ਘਰੇਲੂ ਉਤਪਾਦ ਵਿਚ ਇਸ ਨੂੰ ਕਿਵੇਂ ਤਰਕਸੰਗਤ ਬਣਾਇਆ ਜਾ ਸਕਦਾ ਹੈ, ਉਪਰ ਹੀ ਧਿਆਨ ਕੇਂਦਰਤ ਕਰਾਂਗੇ।

## ਖੇਤੀ ਵਿਚ ਜਨਤਕ ਨਿਵੇਸ਼

ਕੁੱਲ ਘਰੇਲੂ ਉਤਪਾਦ (ਖੇਤੀ) ਦੀ ਔਸਤ ਵੇਖਦਿਆਂ ਖੇਤੀ ਖੇਤਰ ਵਿਚ ਸਰਕਾਰੀ ਨਿਵੇਸ਼ ਅਤੇ ਸਬਸਿਡੀਆਂ ਪਿਛਲੇ ਦਹਾਕੇ ਦੌਰਾਨ 1993–94 ਵਿਚ 8.6 ਪ੍ਰਤਿਸ਼ਤ ਤੋਂ 2009–10 ਵਿਚ 20.6 ਪ੍ਰਤਿਸ਼ਤ 'ਤੇ ਪਹੁੰਚ ਕੇ ਲਗਭਗ ਦੁੱਗਣਾ ਹੋ ਗਈਆਂ ਹਨ। ਇਹ ਅੰਤਰਰਾਸ਼ਟਰੀ ਰੁਝਾਨਾਂ ਦੇ ਮੁਕਾਬਲੇ ਵਾਲਾ ਵਾਧਾ ਹੈ ਅਤੇ ਉਚੇਰੀ ਦਰ ਹੈ ਜਿਸ ਤੋਂ ਇਹ ਝਾਉਲਾ ਪੈਂਦਾ ਹੈ ਕਿ ਖੇਤੀ ਲਈ ਚੋਖੇ ਸਰਕਾਰੀ ਸਾਧਨ ਹਨ। ਪਰ ਉਕਾਈ ਇਸ ਖਰਚੇ ਦੇ ਸਰੋਤਾਂ ਦੀ ਬਣਤਰ ਵਿਚ ਹੈ ਕਿਉਂਕਿ ਭਾਰਤੀ ਖੇਤੀ ਖੇਤਰ ਵਧੇਰੇ ਕਰਕੇ ਸਰਕਾਰੀ ਖਰਚੇ ਸਬਸਿਡੀਆਂ ਦੇ ਰੂਪ ਵਿਚ ਲੈਂਦਾ ਹੈ ਨਾ ਕਿ ਜਨਤਕ ਖੇਤੀ ਪੂੰਜੀਕਾਰੀ ਲਈ। ਖੇਤੀ ਖੇਤਰ 80 ਪ੍ਰਤਿਸ਼ਤ ਸਬਸਿਡੀਆਂ ਦੇ ਰੂਪ ਵਿਚ ਅਤੇ ਬਚਿਆ 20 ਪ੍ਰਤਿਸ਼ਤ ਖੇਤੀ ਨਿਵੇਸ਼ ਲਈ ਲੈਂਦਾ ਹੈ (ਚਿੱਤਰ-3)।

## ਸਬਸਿਡੀਆਂ


ਤਿੰਨ ਮੁੱਖ ਸਬਸਿਡੀਆਂ (ੳ) ਉਤਪਾਦਨ ਦਰ ਜਾਂ ਦਰਾਮਦੀ ਦਰ ਤੋਂ ਘੱਟ ਕੀਮਤ ਤੇ ਪ੍ਰਚੂਨ ਪੱਧਰ 'ਤੇ ਖਾਦ ਮੁਹੱਈਆ ਕਰਾਉਣ, (ਅ) ਸਿਲਸਿਲੇ ਨੂੰ ਚਲਾਉਣ ਦੇ ਖਰਚੇ ਅਤੇ ਰੱਖ-ਰਖਾਅ ਖਰਚੇ ਦੀ ਦਰ ਤੋਂ ਹੇਠਾਂ ਸਬਸਿਡੀ ਵਾਲੀ ਸਿੰਜਾਈ ਮੁਹੱਈਆ ਕਰਾਉਣਾ ਅਤੇ (ੲ) ਬਿਜਲੀ ਪੈਦਾ ਕਰਨ ਅਤੇ ਪਹੁੰਚਾਉਣ ਦੀ ਦਰ ਤੋਂ ਹੇਠਾਂ ਦੀ ਕੀਮਤ ਤੇ ਸਬਸਿਡੀ ਵਾਲੀ ਬਿਜਲੀ ਮੁਹੱਈਆ ਕਰਾਉਣਾ ਹਨ। ਇਸ ਤੋਂ ਇਲਾਵਾ, ਕਰਜ਼ਾ ਸਬਸਿਡੀ ਪੂਰੇ ਦੇ ਪੂਰੇ ਕਰਜ਼ੇ ਮੁਆਫ਼ ਕਰ ਦੇਣਾ। ਖੇਤੀ ਬੀਮਾ ਸਬਸਿਡੀਆਂ ਅਤੇ ਬੀਜਾਈ ਸਬਸਿਡੀ ਵਾਲੀ ਕੀਮਤ 'ਤੇ ਵਿਕਰੀ ਹੈ। ਇਨ੍ਹਾਂ ਸਬਸਿਡੀਆਂ ਵਿਚੋਂ ਸਭ ਤੋਂ ਵੱਧ ਹਿੱਸਾ ਖਾਦਾਂ ਲਈ ਦਿਤੀ ਜਾਣ ਵਾਲੀ ਸਬਸਿਡੀ ਦਾ ਹੈ ਜਿਸ ਦੇ ਰੁਝਾਨ ਵਿਚ ਹਾਲੀਆ ਵਰ੍ਹਿਆਂ ਦੌਰਾਨ ਵਾਧਾ ਦਰਜ ਹੋਇਆ ਹੈ। ਖਾਦ ਸਬਸਿਡੀ 2001–02 ਵਿਚ 12595 ਕਰੋੜ ਰੁਪਏ ਤੋਂ ਵਧ ਕੇ 2013–14 ਵਿਚ 67971 ਕਰੋੜ ਰੁਪਏ 'ਤੇ ਪਹੁੰਚ ਕੇ ਪਿਛਲੇ 10 ਸਾਲਾਂ ਦੌਰਾਨ 5 ਗੁਣਾ ਵਧ ਗਈ ਹੈ। ਪਰ ਖੇਤੀ ਕੁੱਲ ਘਰੇਲੂ ਉਤਪਾਦ ਦੀ ਔਸਤ ਵਿਚ ਇਸੇ ਕਾਲ ਦੌਰਾਨ ਇਹ 2.6 ਪ੍ਰਤਿਸ਼ਤ ਤੋਂ ਵਧ ਕੇ 3.5 ਪ੍ਰਤਿਸ਼ਤ ਹੋਈ ਹੈ। ਇਸ ਤੋਂ ਇਲਾਵਾ, ਭਾਰਤੀ ਖਾਦ ਐਸੋਸੀਏਸ਼ਨ ਅਨੁਸਾਰ ਉਨ੍ਹਾਂ ਅਨੁਮਾਨਾਂ ਵਿਚ 2013–14 ਦੌਰਾਨ ਦੇਣਦਾਰੀਆਂ ਦੀ ਹਵਾਲਗੀ ਦੇ ਲੁਕਵੇਂ ਤੱਤ ਵਜੋਂ ਇਸ ਵਿਚ 30,000 ਕਰੋੜ ਰੁਪਏ ਦੀ ਰਕਮ ਵੀ ਹੈ। ਖਾਦ ਸਬਸਿਡੀ ਵਿਚ ਵਾਧੇ ਦਾ ਕਾਰਨ ਖਾਦਾਂ ਦੀ ਵਧੇਰੇ ਵਰਤੋਂ ਹੈ ਜਿਸ ਦੀ ਮੰਗ ਨੂੰ ਬਹੁਤਾ ਕਰਕੇ ਦਰਾਮਦਾਂ ਰਾਹੀਂ ਪੂਰਾ ਕੀਤਾ ਜਾਂਦਾ ਹੈ ਅਤੇ ਜਿਸ ਵਿਚ ਅੰਤਰਰਾਸ਼ਟਰੀ ਬਾਜ਼ਾਰ ਵਿਚ ਖਾਦਾਂ ਦੀਆਂ ਕੀਮਤਾਂ ਵਿਚ ਤਿੱਖਾ ਵਾਧਾ ਅਤੇ ਯੂਰੀਆ ਜਿਹੀਆਂ ਘਰੇਲੂ ਖਾਦਾਂ ਦੀਆਂ ਕੀਮਤਾਂ ਵਿਚ ਵੀ ਸਥਿਰਤਾ ਦੀ ਭੂਮਿਕਾ ਹੁੰਦੀ ਹੈ। ਇਸ ਗੱਲ ਦੇ ਸਪੱਸ਼ਟ ਸੰਕੇਤ ਹਨ ਕਿ ਇਸ ਸਬਸਿਡੀ ਦੀ ਪੰਜਾਬ ਅਤੇ ਹਰਿਆਣਾ ਜਿਹੇ ਰਾਜਾਂ ਵਿਚ ਐੱਨ, ਪੀ ਅਤੇ ਕੇ ਦੀ ਅਸਾਵੀਂ ਵਰਤੋਂ ਹੋਈ ਹੈ ਜਿਸ ਨਾਲ ਮਿੱਟੀ ਦੀ ਸਥਿਤੀ ਵਿਗੜੀ ਹੈ ਅਤੇ ਵਾਤਾਵਰਨ ਦੀ ਜਾਰੀ ਰਹਿਣਯੋਗਤਾ ਉਪਰ ਪ੍ਰਸ਼ਨ ਚਿੰਨ੍ਹ ਲੱਗਾ ਹੈ।

ਇਨ੍ਹਾਂ ਸਬਸਿਡੀਆਂ ਤੋਂ ਇਲਾਵਾ, ਮੁੱਖ ਤੌਰ ਤੇ ਕਣਕ ਅਤੇ ਚੌਲਾਂ ਦੇ ਰੂਪ ਵਿਚ ਵੱਡੀ ਵਸੋਂ ਨੂੰ ਵਾਜਬ ਕੀਮਤ 'ਤੇ ਖੁਰਾਕ ਸਬਸਿਡੀ ਦਿਤੀ ਜਾਂਦੀ ਹੈ ਜਿਸ ਤਹਿਤ ਕੇਂਦਰੀ ਸਰਕਾਰ ਨੂੰ ਜਨਤਕ ਵੰਡ ਸਿਲਸਿਲਿਆਂ ਲਈ ਖਰੀਦ, ਸੰਭਾਲ ਅਤੇ ਪੂਰਤੀ ਖਰਚੇ ਬਰਦਾਸ਼ਤ ਕਰਨੇ ਪੈਂਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਯਾਨਿ ਕਿ 2001–02 ਵਿਚ 17494 ਕਰੋੜ ਰੁਪਏ ਤੋਂ 2013–14 ਦੌਰਾਨ 10 ਗੁਣਾ ਤੋਂ ਵੀ ਵਧ ਕੇ ਖੁਰਾਕ ਸਬਸਿਡੀ 92,000 ਕਰੋੜ ਰੁਪਏ 'ਤੇ ਪਹੁੰਚ ਗਈ ਹੈ। ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ 2013 ਦੇ ਪਾਸ ਹੋਣ ਤੋਂ ਬਾਅਦ ਇਸ ਵਿਚ ਹੋਰ ਵਾਧਾ ਹੋਣ ਦੀ ਪੂਰੀ ਸੰਭਾਵਨਾ ਹੈ। 2013–14 ਦੌਰਾਨ ਖਾਦ ਅਤੇ ਖੁਰਾਕ ਸਬਸਿਡੀ ਉਪਰ 1.5 ਲੱਖ ਕਰੋੜ ਰੁਪਏ ਖਰਚ ਹੋਏ ਹਨ। ਜਿਸ ਦੇ ਮੁਕਾਬਲੇ ਖੇਤੀ ਖੇਤਰ ਵਿਚ ਪੂੰਜੀਕਾਰੀ ਇਸ ਦਾ ਚੌਥਾ ਹਿੱਸਾ ਮਹਿਜ 22,000 ਕਰੋੜ ਰੁਪਏ ਹੈ। ਇਸ ਤੋਂ ਖੇਤੀ ਵਿਕਾਸ ਅਤੇ ਗਰੀਬੀ ਦੂਰ ਕਰਨ ਲਈ ਨੀਤੀ ਸਾਧਨ ਵਜੋਂ ਸਬਸਿਡੀਆਂ ਅਤੇ ਨਿਵੇਸ਼ ਵਿਚਲੇ ਅਸਾਵੇਂਪਨ ਦਾ ਪਤਾ ਲਗਦਾ ਹੈ। ਇਸ ਨੂੰ ਫੌਰੀ ਤੌਰ ਤੇ ਦਰੁਸਤ ਕਰਨ ਦੀ ਲੋੜ ਹੈ, ਖ਼ਾਸ ਕਰਕੇ ਇਹ ਵੇਖਦਿਆਂ ਕਿ ਪੂੰਜੀਕਾਰੀ ਦੇ ਮੁਕਾਬਲੇ ਸਬਸਿਡੀਆਂ ਉਪਰ ਖਰਚੇ ਉਪਰ ਫ਼ਾਇਦਾ ਬਹੁਤ ਮਾਮੂਲੀ ਹੈ।

ਆਰਥਿਕ ਬੰਦਸ਼ ਨੂੰ ਸਾਹਮਣੇ ਰਖਦਿਆਂ, ਸਬਸਿਡੀਆਂ ਲਈ ਪੂੰਜੀ ਰਾਖਵੀਂ ਕਰਨ ਅਤੇ ਨਿਵੇਸ਼ ਵਧਾਉਣ ਵਿਚ ਦਵੰਧ ਬਣਿਆ ਰਹਿੰਦਾ

ਚਿੱਤਰ-3


ਖੇਤੀ ਵਿਚ ਜਨਤਕ ਖਰਚੇ ਦੀ ਬਣਤਰ




*ਸਰੋਤ : ਸੀ ਐੱਸ ਓ, ਸਾਰੇ ਅਨੁਮਾਨ 2004-05 ਦੀਆਂ ਕੀਮਤਾਂ 'ਤੇ ਆਧਾਰਤ ਹਨ*

ਚਿੱਤਰ-4

ਖੇਤੀ ਵਿਕਾਸ ਅਤੇ ਗਰੀਬੀ ਹਟਾਉਣ ਲਈ ਨਿਵੇਸ਼ ਅਤੇ ਸਬਸਿਡੀਆਂ ਤੋਂ ਲਾਭ ਦੀ ਤੁਲਨਾ





*ਸਰੋਤ : ਫੈਨ-ਗੁਲਾਟੀ ਅਤੇ ਥੋਰਾਤ-2007*

ਹੈ। ਸਪੱਸ਼ਟ ਟੀਚੇ ਅਤੇ ਸੀਮਤ ਮਿਆਦ ਵਾਲੀਆਂ ਸਬਸਿਡੀਆਂ ਤੋਂ ਇਲਾਵਾ, ਬਾਕੀ ਸਬਸਿਡੀਆਂ ਕਾਰਗਰ ਅਤੇ ਫ਼ਾਇਦੇਮੰਦ ਸਾਬਤ ਨਹੀਂ ਹੁੰਦੀਆਂ ਅਤੇ ਇਨ੍ਹਾਂ ਕਾਰਨ ਖੇਤੀ ਖੋਜ, ਸਿੰਜਾਈ, ਦਿਹਾਤੀ ਸੜਕਾਂ ਅਤੇ ਬਿਜਲੀ ਉਪਰ ਨਿਵੇਸ਼ 'ਤੇ ਰੋਕ ਲਗਦੀ ਹੈ। ਸਬਸਿਡੀ ਵਾਲੀਆਂ ਖਾਦਾਂ ਅਤੇ ਪਾਣੀ ਦੀ ਲੋੜੋਂ ਵੱਧ ਵਰਤੋਂ ਨਾਲ ਪੌਣ-ਪਾਣੀ ਅਤੇ ਮਿੱਟੀ ਨੂੰ ਨੁਕਸਾਨ ਪਹੁੰਚਦਾ ਹੈ। ਖੇਤੀ ਨਿਵੇਸ਼ ਅਸਲ ਲਾਭ ਦੇਣ ਲਈ ਸਮਾਂ ਲੈਂਦਾ ਹੈ ਪਰ ਨਤੀਜਾ ਵਿਕਾਸ ਅਤੇ ਲਗਾਤਾਰ ਫ਼ਾਇਦਾ ਹੈ।

***ਖੋਜ ਅਤੇ ਵਿਕਾਸ ਵਿਚ ਨਿਵੇਸ਼ ਜਿਹੇ ਖਰਚਿਆਂ ਨਾਲ ਖੇਤੀ ਵਿਚ ਤਕਨੀਕੀ ਬਦਲਾਅ ਅਤੇ ਉਤਪਾਦਿਕਤਾ ਵਿਕਾਸ ਨਜ਼ਰ ਆਉਂਦਾ ਹੈ, ਜਿਸ ਨਾਲ ਖੇਤੀ ਆਮਦਨ ਵਧਦੀ ਹੈ ਅਤੇ ਖਪਤਕਾਰਾਂ ਲਈ ਕੀਮਤਾਂ ਘਟਦੀਆਂ ਹਨ। ਇਸ ਤੱਥ ਨੂੰ ਇਕ ਖੋਜ ਰਾਹੀਂ ਦਰਸਾਇਆ ਗਿਆ ਹੈ ਕਿ ਕਿਵੇਂ ਸਬਸਿਡੀਆਂ ਵਾਲੇ ਗਰੀਬੀ ਦੂਰ ਕਰਨ ਅਤੇ ਤੇਜ਼ੀ ਨਾਲ ਖੇਤੀ ਵਿਕਾਸ ਦੇ ਮੁਕਾਬਲੇ, ਦਿਹਾਤੀ ਸੜਕਾਂ ਜਾਂ ਖੇਤੀ ਖੋਜ ਵਿਕਾਸ ਜਾਂ ਸਿੰਜਾਈ ਬਲਕਿ ਸਿਹਤ ਅਤੇ ਸਿੱਖਿਆ ਉਪਰ ਨਿਵੇਸ਼ ਕਿਤੇ ਵੱਧ ਫ਼ਾਇਦੇਮੰਦ ਹੈ।***

ਉਪਰੋਕਤ ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਸਬਸਿਡੀਆਂ ਨੂੰ ਤਰਕਸੰਗਤ ਬਣਾਉਣ ਨਾਲ ਕੇਵਲ ਬਜਟ ਵਿਚੋਂ ਰਕਮਾਂ ਨੂੰ ਉੱਚ ਫ਼ਾਇਦਿਆਂ ਵਾਲੇ ਨਿਵੇਸ਼ ਵਿਚ ਲਾਉਣ ਵਿਚ ਮਦਦ ਮਿਲੇਗੀ ਸਗੋਂ ਵਿਸ਼ੇਸ਼ ਕਰਕੇ ਖਾਦਾਂ ਜਿਹੇ ਸਰੋਤਾਂ ਦੀ ਢੁਕਵੀਂ ਵਰਤੋਂ ਵੀ ਯਕੀਨੀ ਬਣਾਈ ਜਾ ਸਕੇਗੀ ਅਤੇ ਨਾਲ ਦੀ ਨਾਲ ਵਾਤਾਵਰਨ ਨੂੰ



ਲੱਗ ਰਹੀ ਢਾਹ ਉਪਰ ਵੀ ਕਾਬੂ ਪਾਇਆ ਜਾ ਸਕੇਗਾ। ਕੇਂਦਰ ਅਤੇ ਰਾਜਾਂ ਉਪਰ ਮੌਜੂਦਾ ਭਾਰੀ ਸਬਸਿਡੀਆਂ ਦਾ ਬੋਝ ਹੈ। ਉੱਚ ਖੇਤੀ ਸਬਸਿਡੀਆਂ ਨਾਲ ਸਰੋਤਾਂ ਦੀ ਗ਼ੈਰ-ਕਾਰਜ ਕੁਸ਼ਲਤਾ ਵੰਡ ਹੁੰਦੀ ਹੈ। ਜਨਤਕ ਖੇਤਰ ਵਿਚ ਪੂੰਜੀਕਾਰੀ ਉਪਰ ਰੋਕ ਲਗਦੀ ਹੈ ਅਤੇ ਵਾਤਾਵਰਨ ਵਿਗੜਦਾ ਹੈ, ਜਿਸ ਨਾਲ ਖੇਤੀ ਉਤਪਾਦਕਤਾ ਪ੍ਰਭਾਵਤ ਹੁੰਦੀ ਹੈ। ਖੇਤੀ ਵਿਕਾਸ ਅਤੇ ਗਰੀਬੀ ਵਿਚ ਕਮੀ ਵਧੇਰੇ ਕਰਕੇ ਦਿਹਾਤੀ ਬੁਨਿਆਦੀ ਢਾਂਚੇ (ਸਿੰਜਾਈ, ਸੜਕਾਂ, ਆਵਾਜਾਈ ਦੇ ਸਾਧਨ ਆਦਿ), ਬਾਜ਼ਾਰ ਵਿਚ ਨਿਵੇਸ਼, ਦਿਹਾਤੀ ਆਰਥਿਕ ਪ੍ਰਬੰਧਨ ਅਤੇ ਖੋਜ/ਪਾਸਾਰ ਉਪਰ ਨਿਰਭਰ ਕਰਦੇ ਹਨ। ਇਸ ਲਈ ਭਾਰਤੀ ਖੇਤੀ ਖੇਤਰ ਵਿਚ ਲਗਾਤਾਰ ਵਿਕਾਸ ਅਤੇ ਸਮੁੱਚੀ ਆਰਥਿਕ ਤਰੱਕੀ ਲਈ ਸਬਸਿਡੀਆਂ ਅਤੇ ਨਿਵੇਸ਼ ਵਿਚਲੇ ਇਸ ਖੱਪੇ ਨੂੰ ਪੂਰਨ ਦੀ ਫੌਰੀ ਲੋੜ ਹੈ। ਸਬਸਿਡੀਆਂ ਘਟਾਉਣ ਨਾਲ ਜਨਤਕ ਖੇਤਰ ਲਈ ਸਰੋਤ ਪੈਦਾ ਹੋ ਸਕਣਗੇ ਜਿਸ ਨਾਲ ਦਿਹਾਤੀ ਬੁਨਿਆਦੀ ਢਾਂਚਾ ਉਸਾਰਿਆ ਜਾ ਸਕੇਗਾ ਜੋ ਅੱਗੋਂ ਪੂਰਤੀ ਨੂੰ ਮਜ਼ਬੂਤ ਕਰੇਗਾ, ਆਮਦਨ ਵਧਾਵੇਗਾ ਅਤੇ ਖੇਤੀ ਉਤਪਾਦਾਂ ਦੀ ਮੰਗ ਵਿਚ ਵੀ ਵਾਧਾ ਕਰੇਗਾ। ਸਾਨੂੰ ਅਜਿਹੇ ਸਿਲਸਿਲੇ ਵੱਲ ਵਧਣ ਦੀ ਲੋੜ ਹੈ ਜਿਥੇ ਸਬਸਿਡੀਆਂ ਸਪੱਸ਼ਟ ਟੀਚੇ ਵਾਲੀਆਂ ਹਨ ਅਤੇ ਨਗਦ ਤਬਾਦਲੇ ਰਾਹੀਂ ਦਿਤੀਆਂ ਜਾਂਦੀਆਂ ਹਨ। ਇਸ ਲਈ ਆਧਾਰ ਕਾਰਡ ਨਾਲ ਜੁੜੇ ਬੈਂਕ ਖਾਤੇ ਜਿਹੇ ਤਕਨੀਕੀ ਉਪਾਅ ਵਰਤੇ ਜਾ ਸਕਦੇ ਹਨ।

ਕੀ ਨਵੀਂ ਸਰਕਾਰ ਕੌੜਾ ਘੁੱਟ ਕਰ ਕੇ ਸਬਸਿਡੀਆਂ ਉਪਰ ਰੋਕ ਲਾ ਕੇ ਪਾਰਦਰਸ਼ੀ ਅਤੇ ਸਮੇਂਬਧ ਤਰੀਕੇ ਨਾਲ ਨਤੀਜਿਆਂ ਲਈ ਖੇਤੀ ਨਿਵੇਸ਼ ਵਧਾਵੇਗੀ। ਸਿਆਸੀ ਆਰਥਿਕਤਾ ਦੇ ਪ੍ਰਸੰਗ ਵਿਚ ਖੇਤੀ ਸਬਸਿਡੀਆਂ ਤੋਂ ਖੇਤੀ ਨਿਵੇਸ਼ ਵੱਲ ਤੁਰਨ ਵਾਲਾ ਫ਼ਾਇਦੇ ਵਿਚ ਰਹੇਗਾ ਅਤੇ ਰਾਸ਼ਟਰ ਲਈ ਵੀ ਇਹ ਫ਼ਾਇਦੇ ਵਾਲੀ ਸਥਿਤੀ ਹੀ ਹੋਵੇਗੀ ਕਿਉਂਕਿ ਅਜਿਹਾ ਕਰਨ ਨਾਲ 5 ਪ੍ਰਤਿਸ਼ਤ ਤੋਂ ਵੱਧ ਖੇਤੀ ਵਿਕਾਸ ਦਰ ਹਾਸਲ ਹੋ ਸਕੇਗੀ ਅਤੇ ਗਰੀਬੀ ਦੂਰ ਕਰਨ ਦੇ ਅਮਲ ਵਿਚ ਵੀ ਹੋਰ ਤੇਜ਼ੀ ਆਵੇਗੀ।


*(ਲੇਖਕ ਚੇਅਰ ਪ੍ਰੋਫੈਸਰ - ਐਗਰੀਕਲਚਰ, ਦਿ ਇੰਡੀਅਨ ਕੌਂਸਲ ਫਾਰ ਰਿਸਰਚ ਆਨ ਇੰਟਰਨੈਸ਼ਨਲ ਇਕਨਾਮਿਕ ਰਿਲੇਸ਼ਨ (ਆਈ ਸੀ ਆਰ, ਆਈ ਈ ਆਰ ਅਤੇ ਸੁਰਭੀ ਜੈਨ ਡਾਇਰੈਕਟਰ, ਕਮਿਸ਼ਨ ਫਾਰ ਐਗਰੀਕਲਚਰਲ ਕੌਸਟਸ ਐਂਡ ਪ੍ਰਾਈਸਸ ਹੈ। ਲੇਖਕਾਂ ਵਲੋਂ ਪ੍ਰਗਟਾਏ ਗਏ ਵਿਚਾਰ ਉਨ੍ਹਾਂ ਦੇ ਆਪਣੇ ਹਨ ਨਾ ਕਿ ਉਨ੍ਹਾਂ ਅਦਾਰਿਆਂ ਦੇ ਜਿਨ੍ਹਾਂ ਨਾਲ ਉਹ ਸੰਬੰਧਿਤ ਹਨ)*

*e-mail :agulati115@gmail.com*

# ਭਾਰਤ ਦੇ ਵਿਸ਼ੇਸ਼ ਪ੍ਰਸੰਗ ਵਿਚ

## ਵਿਕਾਸਸ਼ੀਲ ਦੇਸ਼, ਖੇਤੀਬਾੜੀ ਅਤੇ ਵਿਸ਼ਵ ਵਪਾਰ ਸੰਘ

ਜੇ.ਪੀ. ਸਿੰਘ

2008 ਦੇ ਆਰਥਿਕ ਸੰਕਟ ਤੋਂ ਵਿਸ਼ਵੀ ਆਰਥਿਕਤਾ ਵਿਚ ਮੰਦੀ ਆਉਣ ਦੇ ਬਾਵਜੂਦ ਅੰਤਰਰਾਸ਼ਟਰੀ ਵਪਾਰ ਵਧ-ਫੁਲ ਰਿਹਾ ਹੈ। 2012 ਵਿਚ ਵਿਸ਼ਵੀ ਤਜਾਰਤੀ ਬਰਾਮਦ 17.3 ਖਰਬ ਅਮਰੀਕੀ ਡਾਲਰ ਸੀ ਜਿਸ ਵਿਚ ਵਿਕਾਸਸ਼ੀਲ ਦੇਸ਼ਾਂ ਦਾ ਹਿੱਸਾ 42 ਪ੍ਰਤਿਸ਼ਤ ਸੀ। ਬਰਾਮਦ ਉਤਪਾਦਨ ਤੋਂ ਵੀ ਉਪਰ ਚਲੀ ਗਈ ਜਦ ਵਿਸ਼ਵੀ ਤਜਾਰਤੀ ਬਰਾਮਦ ਦੀ 2005-12 ਦੀ ਸਾਲਾਨਾ ਵਿਕਾਸ ਦਰ 3.5 ਪ੍ਰਤਿਸ਼ਤ ਸੀ ਜਦ ਕਿ ਇਸੇ ਕਾਲ ਦੌਰਾਨ ਵਿਸ਼ਵੀ ਤਜਾਰਤੀ ਉਤਪਾਦਨ 2.0 ਪ੍ਰਤਿਸ਼ਤ ਰਿਹਾ। ਭਾਰਤ ਨੇ ਇਸ ਤੋਂ ਵੀ ਬਿਹਤਰ ਕਾਰਗੁਜ਼ਾਰੀ ਦਿਖਾਈ ਜਦ 2005-12 ਦੌਰਾਨ ਕੁਝ ਤਜਾਰਤੀ ਬਰਾਮਦ ਸਾਲਾਨਾ 10.5 ਪ੍ਰਤਿਸ਼ਤ ਦੀ ਦਰ ਨਾਲ ਵਿਕਸਤ ਹੋਈ ਭਾਵੇਂ ਕਿ 2012 ਵਿਚ ਨਾਂਹ ਪੱਖੀ ਰੁਝਾਨ ਦਰਸਾਉਂਦਿਆਂ ਇਹ -0.5 ਪ੍ਰਤਿਸ਼ਤ 'ਤੇ ਵੀ ਪਹੁੰਚੀ (ਤਾਲਿਕਾ-1)।

ਉੱਚ ਤਕਨਾਲੋਜੀ ਅਤੇ ਸੇਵਾਵਾਂ ਨੂੰ ਆਮ ਤੌਰ ਤੇ ਵਿਸ਼ਵ ਆਰਥਿਕਤਾ ਨੂੰ ਵਿਕਸਤ ਕਰਨ ਵਾਲੇ ਮੁੱਖ ਸਾਧਨ ਮੰਨਿਆ ਜਾਂਦਾ ਹੈ, ਤਾਂ ਵੀ ਇਸ ਤੋਂ ਬਾਅਦ ਦੀਆਂ ਵਸਤਾਂ ਜਿਵੇਂ ਕਿ ਖੇਤੀ ਉਤਪਾਦ ਅਤੇ ਬਸਤਰ ਦੇ ਖੇਤਰ ਆਪਣੇ ਢੰਗ ਨਾਲ ਮਹੱਤਵਪੂਰਨ ਬਣੇ ਰਹਿੰਦੇ ਹਨ ਸਗੋਂ ਤਕਨਾਲੋਜੀ ਵਿਚ ਆਈ ਕ੍ਰਾਂਤੀ ਤੋਂ ਉਨ੍ਹਾਂ ਨੂੰ ਲਾਭ ਵੀ ਮਿਲਿਆ ਹੈ। ਆਵਾਜਾਈ ਦੇ ਸਾਧਨਾਂ ਅਤੇ ਬੈਂਕਿੰਗ ਜਿਹੀਆਂ ਬੁਨਿਆਦੀ ਢਾਂਚੇ ਦੀਆਂ ਸੇਵਾਵਾਂ ਤੋਂ ਖੇਤੀ ਨੂੰ ਲਾਭ ਪਹੁੰਚਿਆ ਹੈ ਜਦ ਕਿ ਕੱਪੜਾ ਸੱਨਅਤ ਵਿਚ ਕੰਪਿਊਟਰ ਦੀ ਸਹਾਇਤਾ ਨਾਲ ਨਮੂਨੇ ਅਤੇ ਨਿਰਮਾਣ ਨੇ ਇਨਕਲਾਬ ਲੈ ਆਂਦਾ ਹੈ। 2012 ਵਿਚ ਵਿਸ਼ਵ ਤਜਾਰਤੀ ਬਰਾਮਦ ਦਾ 9.2 ਪ੍ਰਤਿਸ਼ਤ ਹਿੱਸਾ ਖੇਤੀ ਦਾ ਸੀ ਅਤੇ ਖੇਤੀ ਬਰਾਮਦ 2005 ਤੋਂ 2012 ਦੇ ਕਾਲ ਦੌਰਾਨ 10 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਿਕਸਤ ਹੋਈ (ਵਿਸ਼ਵ ਵਪਾਰ ਸੰਘ 2013:60-61) ਭਾਰਤ, ਅਮਰੀਕਾ ਅਤੇ ਯੂਰਪੀਅਨ ਯੂਨੀਅਨ ਸਮੇਤ ਖੇਤੀ ਉਤਪਾਦਨ ਦਾ 8ਵਾਂ ਸਭ ਤੋਂ ਵੱਡਾ ਬਰਾਮਦਕਾਰ ਹੈ। ਭਾਰਤ ਦੀ ਖੇਤੀ ਬਰਾਮਦ ਦੀ ਸਾਲਾਨਾ ਵਿਕਾਸ ਦਰ 22 ਪ੍ਰਤਿਸ਼ਤ ਰਹੀ ਜਦ ਕਿ 2012 ਵਿਚ ਭਾਰਤ ਨੇ ਕੁੱਲ ਵਿਸ਼ਵ ਵਪਾਰ ਬਰਾਮਦ ਦਾ 2.6 ਪ੍ਰਤਿਸ਼ਤ ਹਿੱਸਾ ਬਰਾਮਦ ਕੀਤਾ। ਖੇਤੀ ਨਾ ਕੇਵਲ ਇਕ ਮਹੱਤਵਪੂਰਨ ਬਰਾਮਦੀ ਵਸਤ ਹੈ ਸਗੋਂ ਬਰਾਮਦੀ ਸੇਵਾਵਾਂ ਦੇ ਭਾਰਤ ਦੇ ਉੱਘੇ ਖੇਤਰ ਵਿਚ ਵੀ ਇਹ ਚੰਗੀ ਕਾਰਗੁਜ਼ਾਰੀ ਦਿਖਾ ਰਹੀ ਹੈ (ਤਾਲਿਕਾ-2 ਅਤੇ 3)।

ਖੇਤੀ ਬਰਾਮਦ ਜਿਥੇ ਭਾਰਤ ਸਮੇਤ ਸਾਰੇ ਵਿਕਾਸਸ਼ੀਲ ਦੇਸ਼ਾਂ ਨੂੰ ਨਿਵੇਕਲੇ ਮੌਕਿਆਂ ਦੀ ਪੇਸ਼ਕਸ਼ ਕਰਦੀ ਹੈ ਉਥੇ ਇਹ ਘਰੇਲੂ ਅਤੇ ਅੰਤਰਰਾਸ਼ਟਰੀ ਤਰਜੀਹਾਂ ਅਤੇ ਦਬਾਵਾਂ ਦਰਮਿਆਨ ਸੰਤੁਲਨ ਕਾਇਮ ਕਰਨ ਦੀ ਚੁਨੌਤੀ ਵੀ ਪੇਸ਼ ਕਰਦੀ ਹੈ।

***ਸਭ ਤੋਂ ਪਹਿਲਾਂ, ਇਹ ਲੇਖ ਤੇਜ਼ੀ ਨਾਲ ਵੰਨ-ਸੁਵੰਨਤਾ ਵੱਲ ਵਧ ਰਹੀਆਂ ਘਰੇਲੂ ਆਰਥਿਕਤਾਵਾਂ ਵਿਚ ਖੇਤੀ ਨੂੰ ਢੁਕਵੀਂ ਥਾਂ ਦੇਣਾ ਹੈ, ਬਾਰੇ ਦੱਸਦਾ ਹੈ। ਦੂਜਾ, ਇਹ ਵੱਖ-ਵੱਖ ਹਿੱਸੇ ਪੂੰਜੀਕਾਰਾਂ ਦੀ ਸ਼ਮੂਲੀਅਤ ਅਤੇ ਵਿਚਾਰ-ਵਟਾਂਦਰੇ ਲਈ ਬਣਦੀ ਭੂਮਿਕਾ ਦੇ ਮੱਦੇ ਨਜ਼ਰ ਖੇਤੀ ਵਪਾਰ ਨੀਤੀ ਦੀ ਗੁੰਝਲਦਾਰ ਘਰੇਲੂ ਸਿਆਸੀ ਆਰਥਿਕਤਾ ਦੀ ਗੱਲ ਕਰਦਾ ਹੈ।***

ਤੀਜਾ, ਇਹ ਅੰਤਰਰਾਸ਼ਟਰੀ ਸਮਝੌਤੇਬਾਜ਼ੀ (ਵਪਾਰਕ ਸੌਦੇਬਾਜ਼ੀ) ਅਤੇ ਵਿਕਸਤ ਦੇਸ਼ਾਂ ਦੇ ਸੁਰੱਖਿਆਵਾਦ ਸਮੇਤ ਅੰਤਰਰਾਸ਼ਟਰੀ ਚੁਨੌਤੀਆਂ ਦੀ ਸਿਆਸੀ ਆਰਥਿਕਤਾ ਦੀ ਗੱਲ ਕਰਦਾ ਹੈ। ਭਾਰਤ ਵਰਗੇ ਦੇਸ਼ ਨੂੰ ਖੇਤੀ ਵਿਚ ਮੰਗ ਨਾਲ ਨਜਿੱਠਣ ਲੱਗਿਆਂ ਆਪਣੀਆਂ ਮੰਡੀਆਂ ਦੀ ਸੁਤੰਤਰਤਾ ਦੀ ਗੱਲ ਕਰਦਿਆਂ ਸੇਵਾਵਾਂ, ਖੇਤੀ

ਤਾਲਿਕਾ-1 ਤਜਾਰਤੀ ਬਰਾਮਦਾਂ ਤੇ ਉਤਪਾਦਨ ਦੇ ਅੰਕ ਵਿਚ ਵਿਕਾਸ, 2005-2012

| | | 2005-12 |
|---|---|---|
| ਵਿਸ਼ਵ ਤਜਾਰਤੀ ਬਰਾਮਦਾਂ | | **3.5** |
| | ਖੇਤੀਬਾੜੀ ਉਤਪਾਦ | 4.0 |
| | ਈਧਨ ਤੇ ਖਣਿਜ ਉਤਪਾਦ | 2.0 |
| | ਨਿਰਮਾਣ | 4.0 |
| ਵਿਸ਼ਵ ਤਜਾਰਤੀ ਉਤਪਾਦਨ | | **2.0** |
| | ਖੇਤੀਬਾੜੀ | 2.0 |
| | ਖਣਿਜ | 1.0 |
| | ਨਿਰਮਾਣ | 2.5 |
| ਵਿਸ਼ਵ ਕੁੱਲ ਘਰੇਲੂ ਉਤਪਾਦ | | 2.0 |
| ਭਾਰਤ: ਬਰਾਮਦਾਂ ਵਿਚ ਵਿਕਾਸ | | **10.5** |
| ਭਾਰਤ : ਦਰਾਮਦਾਂ ਵਿਚ ਵਿਕਾਸ | | **13.5** |

*ਸਰੋਤ : ਵਿਸ਼ਵ ਵਪਾਰ ਸੰਘ, ਅੰਤਰਰਾਸ਼ਟਰੀ ਵਪਾਰ ਅੰਕੜੇ, 2013, ਜੇਨੇਵਾ, ਪੰਨਾ 19*

ਬਰਾਮਦਾਂ ਅਤੇ ਵਿਕਸਤ ਦੇਸ਼ਾਂ ਦੇ ਚੁਨੌਤੀਪੂਰਨ ਸੁਰੱਖਿਆਵਾਦ ਵਿਚਕਾਰ ਧਿਆਨ ਪੂਰਬਕ ਸੰਤੁਲਨ ਬਿਠਾਉਣਾ ਹੋਵੇਗਾ।

## ਆਰਥਿਕ ਵੰਨ-ਸੁਵੰਨਤਾ, ਅੰਤਰਰਾਸ਼ਟਰੀ ਵਪਾਰ ਅਤੇ ਖੇਤੀ

ਵਿਸ਼ਵ ਵਪਾਰ ਸੰਘ ਅਤੇ ਉਸ ਤੋਂ ਪਹਿਲਾਂ ਦੇ ਅਦਾਰੇ 'ਗੈਟ' (ਜਨਰਲ ਐਗਰੀਮੈਂਟ ਇਨ ਟੈਰਿਫ ਐਂਡ ਟਰੇਡ) ਦੀ ਸਥਾਪਨਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਵਿਸ਼ਵ ਵਪਾਰ ਵਿਚ ਵਾਧਾ ਕਰਨ ਅਤੇ ਇਸ ਨੂੰ ਨੇਮ ਆਧਾਰਤ ਬਣਾਉਣ ਲਈ ਕੀਤੀ ਗਈ ਸੀ। ਤਾਂ ਵੀ, 'ਗੈਟ' ਮੁੱਖ ਤੌਰ ਤੇ ਵੱਡੇ ਰਾਸ਼ਟਰਾਂ ਅਮਰੀਕਾ ਅਤੇ ਬਰਤਾਨੀਆ ਦਰਮਿਆਨ ਹੋਇਆ ਸਮਝੌਤਾ ਸੀ ਅਤੇ ਮੈਂਬਰ ਹੋਣ ਦੇ ਬਾਵਜੂਦ ਵਿਕਸਤ ਦੇਸ਼ਾਂ ਕੋਲ ਕੋਈ ਰੁਤਬਾ ਜਾਂ ਅਖਤਿਆਰ ਨਹੀਂ ਸਨ।

ਵਿਸ਼ਵ ਵਪਾਰ ਵਿਚ ਵਿਕਾਸਸ਼ੀਲ ਦੁਨੀਆਂ ਦੀ ਇਤਿਹਾਸਕ ਸਥਿਤੀ ਉਹੀ ਖੇਤੀ ਉਤਪਾਦਾਂ ਲਈ ਸਮਰਥਨ ਮੁੱਲ ਚਾਹੁਣਾ, ਕੀਮਤ ਡਿਗਣ ਖ਼ਿਲਾਫ਼ ਸੁਰੱਖਿਆ ਮੰਗਣੀ ਅਤੇ ਨਵੀਂ ਸ਼ੁਰੂ ਹੋਈ ਸੱਨਅਤ ਨੂੰ ਸੁਰੱਖਿਆ ਦੇਣੀ ਤਾਂ ਜੋ ਇਸ ਦੀ ਨਿਰਮਾਣ ਬਾਰੇ ਸੱਨਅਤ ਵਿਗਸ ਸਕੇ, ਤਕ ਸੀਮਤ ਸੀ। ਵਿਕਾਸਸ਼ੀਲ ਦੇਸ਼ਾਂ ਵਲੋਂ ਮੁੱਖ ਬਰਾਮਦ ਖੇਤੀ ਉਤਪਾਦ ਹੀ ਸਨ ਪਰ ਖੇਤੀ ਉਤਪਾਦਨਾਂ ਦੀਆਂ ਕੀਮਤਾਂ ਦੇ ਉਤਾਰ-ਚੜ੍ਹਾਅ ਕਾਰਨ ਗਰੀਬ ਦੇਸ਼ਾਂ ਨੂੰ ਘਾਟੇ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਘਟਦੀਆਂ ਕੀਮਤਾਂ ਕਾਰਨ ਜ਼ਰੂਰੀ ਨਹੀਂ ਸੀ ਕਿ ਵਧੇਰੇ ਬਰਾਮਦ ਹੋਣ ਦੀ ਸੂਰਤ ਵਿਚ ਵੱਡੀ ਆਮਦਨ ਵੀ ਹੋਵੇ। ਅਰਥ ਸ਼ਾਸ਼ਤਰੀ ਜਗਦੀਸ਼ ਭਗਵਤੀ (1958) ਨੇ ਇਸ ਅਮਲ ਨੂੰ ਅਜਿਹਾ ਅਮਲ ਦੱਸਿਆ ਜਿਥੇ ਵਪਾਰਕ ਗਿਰਾਵਟ ਨਾਲ ਸਮੁੱਚੀ ਵਿਕਾਸ ਦਰ 'ਤੇ ਨਾਂਹ ਪੱਖੀ ਅਸਰ ਪੈਂਦਾ ਹੈ। ਇਸ ਤੋਂ ਇਲਾਵਾ, ਘਰੇਲੂ ਪੱਧਰ 'ਤੇ ਵਿਕਲਪੀ ਉਤਪਾਦ ਤਿਆਰ ਕਰਨ ਦੇ ਬਾਵਜੂਦ ਮਹਿੰਗੀ ਦਰਾਮਦ ਕਾਰਨ ਵਿਦੇਸ਼ੀ ਸਿੱਕੇ ਦਾ ਭੰਡਾਰ ਖਤਮ ਹੋ ਜਾਂਦਾ ਰਿਹਾ।

ਇੰਝ, ਵਿਕਾਸਸ਼ੀਲ ਦੁਨੀਆਂ ਦੇ ਖੇਤੀ ਵਪਾਰ ਨੂੰ ਜਾਂ ਤਾਂ ਘਾਟੇ ਵਾਲੇ ਰੁਝਾਨ ਦਾ ਸਾਹਮਣਾ ਕਰਨਾ ਪਿਆ ਜਾਂ ਫਿਰ ਵਿਕਸਤ ਰਾਸ਼ਟਰਾਂ ਵਿਚ ਤਰਜੀਹੀ ਪਹੁੰਚ 'ਤੇ ਨਿਰਭਰ ਕਰਨਾ ਪਿਆ। ਤਰਜੀਹੀ ਪਹੁੰਚ ਨੀਤੀ, ਜੋ ਕਿ ਆਰੰਭ ਵਿਚ ਬਸਤੀਵਾਦੀ ਵਸਤ ਸਿਲਸਿਲੇ ਤੇ ਪਾਸਾਰ ਵਜੋਂ ਸ਼ੁਰੂ ਹੋਈ ਸੀ, ਹੁਣ ਵਿਕਾਸਸ਼ੀਲ ਦੁਨੀਆਂ ਵਲੋਂ ਖੇਤੀ ਬਰਾਮਦ ਦਾ ਹੀ ਦੂਜਾ ਨਾਂ ਬਣ ਗਿਆ। ਅਫ਼ਰੀਕਨ ਤੇ ਕੈਰੀਬੀਅਨ ਤੇ ਪੈਸਿਫਿਕ (ਏ ਸੀ ਪੀ) ਦੇਸ਼ਾਂ ਦਾ ਸਮੂਹ ਕਾਫੀ ਸਮੇਂ ਤੋਂ ਆਪਣੇ ਖੇਤੀ ਉਤਪਾਦਾਂ ਲਈ ਬਹੁਤ ਹੱਦ ਤਕ ਤਰਜੀਹੀ ਪਹੁੰਚ 'ਤੇ ਨਿਰਭਰ ਹੈ। ਇਸ ਜ਼ਾਮਨੀਸ਼ੁਦਾ ਤਰਜੀਹੀ ਪਹੁੰਚ ਨੇ ਉਤਪਾਦਨ ਕਾਰਜ-ਕੁਸ਼ਲਤਾਵਾਂ ਅਤੇ ਵੰਨ-ਸੁਵੰਨਤਾ ਦੀ ਆਗਿਆ ਨਹੀਂ ਦਿਤੀ ਅਤੇ ਕਈ ਏ ਸੀ ਪੀ ਦੇਸ਼ ਹੁਣ ਦੂਜੇ ਅਜਿਹੇ ਵਿਕਾਸਸ਼ੀਲ ਦੇਸ਼ਾਂ ਤੋਂ ਮੁਕਾਬਲੇ ਦਾ ਸਾਹਮਣਾ ਕਰ ਰਹੇ ਹਨ ਜੋ ਇਸ ਵਿਸ਼ੇਸ਼ ਸੁਰੱਖਿਆ ਨੂੰ ਖਤਮ ਕਰਨ ਦੀ ਮੰਗ ਕਰ ਰਹੇ ਹਨ। ਇਕੁਆਡੋਰ ਨੇ 2000ਵਿਆਂ ਦੇ ਸ਼ੁਰੂ ਵਿਚ ਯੂਰਪੀਅਨ ਯੂਨੀਅਨ ਵਲੋਂ ਮੁੱਖ ਤੌਰ ਤੇ ਏ ਸੀ ਪੀ ਦੇਸ਼ਾਂ ਲਈ ਕੇਲਿਆਂ ਦੀ ਬਰਾਮਦ ਬਾਰੇ, ਤਰਜੀਹੀ ਪਹੁੰਚ ਖ਼ਿਲਾਫ਼ ਸਫਲ ਵਿਰੋਧ ਦਰਜ ਕਰਾਇਆ। ਨਤੀਜੇ ਵਜੋਂ, 2005 ਵਿਚ ਵਿਸ਼ਵ ਵਪਾਰ ਸੰਘ ਵਿਖੇ ਇਸ ਵਿਵਾਦ ਦਾ ਨਿਬੇੜਾ ਕਰਕੇ ਉਸ ਨੂੰ ਅੰਤਮ ਜਿੱਤ ਹਾਸਲ ਹੋਈ।

ਵਿਕਾਸਸ਼ੀਲ ਦੁਨੀਆਂ ਤੋਂ ਖੇਤੀ ਬਰਾਮਦ ਵਿਚ ਉਪਰ ਦੱਸੇ ਗਏ ਮੌਜੂਦਾ ਵਾਧੇ ਨੂੰ ਤਰਜੀਹੀ ਅਤੇ ਮਹਿਸੂਲ-ਮੁਆਫ਼ ਪਹੁੰਚ ਵਾਲੇ ਪੁਰਾਣੇ ਵਪਾਰਕ ਸਿਲਸਿਲੇ ਤੋਂ ਜ਼ਰਾ ਹਟ ਕੇ, ਵੱਖਰੇ ਪ੍ਰਸੰਗ ਵਿਚ ਸੋਚਣਾ ਹੋਵੇਗਾ। ਪਹਿਲਾ, ਵਿਕਾਸਸ਼ੀਲ ਦੁਨੀਆਂ ਦੀ ਚੋਟੀ ਦੇ ਖੇਤੀ ਬਰਾਮਦਕਾਰਾਂ ਵਿਚ ਉਹ ਦੇਸ਼ ਸ਼ਾਮਿਲ ਹਨ, ਜਿਨ੍ਹਾਂ ਨੇ ਜਾਂ ਤਾਂ ਤਰਜੀਹੀ ਪਹੁੰਚ ਦੇ ਪੁਰਾਣੇ ਸੁਰੱਖਿਆਵਾਦੀ ਸਿਲਸਿਲੇ ਨੂੰ

ਤਾਲਿਕਾ-2:

ਖ਼ਿੱਤੇਵਾਰ ਤਜਾਰਤੀ ਵਪਾਰ ਵਿਚ ਖੇਤੀਬਾੜੀ ਉਤਪਾਦਾਂ ਦਾ ਹਿੱਸਾ

| | ਬਰਾਮਦਾਂ | ਦਰਾਮਦਾਂ |
|---|---|---|
| ਵਿਸ਼ਵ | 9.2 | 9.2 |
| ਉੱਤਰੀ ਅਮਰੀਕਾ | 10.9 | 6.6 |
| ਦੱਖਣੀ ਅਤੇ ਕੇਂਦਰੀ ਅਮਰੀਕਾ | 27.4 | 8.6 |
| ਯੂਰਪ | 10.3 | 10.1 |
| ਸੁਤੰਤਰ ਦੇਸ਼ਾਂ ਦਾ ਰਾਸ਼ਟਰ ਮੰਡਲ | 8.2 | 12.2 |
| ਅਫਰੀਕਾ | 9.1 | 16.2 |
| ਮੱਧ ਪੂਰਬ | 2.2 | 12.6 |
| ਏਸ਼ੀਆ | 6.8 | 8.7 |

*ਸਰੋਤ : ਵਿਸ਼ਵ ਵਪਾਰ ਸੰਘ, ਅੰਤਰਰਾਸ਼ਟਰੀ ਵਪਾਰ ਅੰਕੜੇ, 2013, ਜੇਨੇਵਾ, ਪੰਨਾ 61*

ਤਾਲਿਕਾ-3 : ਖੇਤੀਬਾੜੀ ਉਤਪਾਦਾਂ ਦੀਆਂ ਲੀਡਿੰਗ ਬਰਾਮਦਾਂ (ਅਰਬ ਡਾਲਰ ਤੇ ਪ੍ਰਤਿਸ਼ਤ)

| | ਮੁੱਲ | ਵਿਸ਼ਵ ਬਰਾਮਦਾਂ ਵਿਚ ਹਿੱਸਾ | 2005-12 : ਸਾਲਾਨਾ ਪ੍ਰਤਿਸ਼ਤ ਦਰ |
|---|---|---|---|
| ਯੂਰਪੀਅਨ ਯੂਨੀਅਨ (27) | 613 | 37.0 | 7 |
| ਐਕਸਟ੍ਰਾ-ਈ ਯੂ(27) ਬਰਾਮਦਾਂ | 163 | 9.8 | 10 |
| ਅਮਰੀਕਾ | 172 | 10.4 | 11 |
| ਬ੍ਰਾਜ਼ੀਲ | 86 | 5.2 | 14 |
| ਚੀਨ | 66 | 4.0 | 13 |
| ਕੈਨੇਡਾ | 63 | 3.8 | 6 |
| ਇੰਡੋਨੇਸ਼ੀਆ | 45 | 2.7 | 18 |
| ਅਰਜਨਟੀਨਾ | 43 | 2.6 | 12 |
| ਭਾਰਤ | 42 | 2.6 | 22 |
| ਥਾਈਲੈਂਡ | 42 | 2.5 | 13 |
| ਅਸਟ੍ਰੇਲੀਆ | 38 | 2.3 | 9 |
| ਮਲੇਸ਼ੀਆ | 34 | 2.0 | 14 |
| ਰੂਸੀ ਸੰਘ | 32 | 1.9 | 12 |
| ਵੀਅਤਨਾਮ | 25 | 1.5 | 19 |
| ਨਿਊਜ਼ੀਲੈਂਡ | 24 | 1.4 | 9 |
| ਮੈਕਸੀਕੋ | 23 | 1.4 | 9 |
| **ਉਪਰ 15** | **1349** | **81.4** | |

*ਸਰੋਤ : ਵਿਸ਼ਵ ਵਪਾਰ ਸੰਘ, ਅੰਤਰਰਾਸ਼ਟਰੀ ਵਪਾਰ ਅੰਕੜੇ, 2013, ਜੇਨੇਵਾ, ਪੰਨਾ 67*

ਚੁਨੌਤੀ ਦਿਤੀ ਹੈ (ਜਿਵੇਂ ਕਿ ਬ੍ਰਾਜ਼ੀਲ), ਜਾਂ ਫਿਰ ਉਹ ਦੇਸ਼ ਜੋ ਕਿ ਹੁਣ ਖੇਤੀ ਵਿਚ ਮੁਕਤ-ਵਪਾਰ ਗਠਜੋੜ ਦਾ ਹਿੱਸਾ ਹਨ ਜਿਵੇਂ ਕਿ ਅਰਜਨਟੀਨਾ (ਇਸ ਸਮੂਹ ਦਾ ਨਾਂ 1986 ਵਿਚ ਕੈਰੰਸ (ਅਸਟ੍ਰੇਲੀਆ) ਵਿਖੇ 19 ਵਿਕਸਤ ਅਤੇ ਵਿਕਾਸਸ਼ੀਲ ਦੇਸ਼ਾਂ ਦੀ ਬੈਠਕ ਤੋਂ ਬਾਅਦ ਕੈਰੰਸ ਖੇਤੀ ਸਮੂਹ ਰੱਖਿਆ ਗਿਆ) ਖੇਤੀ ਬਰਾਮਦ ਸਿਲਸਿਲੇ ਦਾ ਦੂਜਾ ਮੁੱਖ ਨੁਕਤਾ ਇਹ ਹੈ ਕਿ ਕਈ ਵਿਕਾਸਸ਼ੀਲ ਦੇਸ਼ ਪਹਿਲਾਂ ਹੀ, ਖੇਤੀ ਬਰਾਮਦਕਾਰ ਬਣੇ ਰਹਿੰਦਿਆਂ, ਸਫਲਤਾਪੂਰਬਕ ਸੱਨਅਤੀ ਅਤੇ ਸੇਵਾ ਉਤਪਾਦਾਂ ਦੇ ਖੇਤਰ ਵਿਚ ਜਾ ਚੁੱਕੇ ਹਨ।

ਖੇਤੀ ਅਤੇ ਸੇਵਾਵਾਂ ਦੇ ਮੋਢੀ ਬਰਾਮਦਕਾਰ ਵਜੋਂ ਭਾਰਤ ਦੇ ਮਾਮਲੇ ਦਾ ਖੁਲਾਸਾ ਕਰੀਏ ਤਾਂ 1986-94 ਵਿਚ 'ਗੈਟ' ਦੇ ਉਰੂਗੋਏ ਵਪਾਰਕ ਗੱਲਬਾਤ ਗੇੜ ਦੌਰਾਨ ਭਾਰਤ ਨੇ ਅਮਰੀਕਾ ਅਤੇ ਪੱਛਮੀ ਯੂਰਪ ਵਲੋਂ ਤਜਵੀਜ਼ ਕੀਤੇ ਸੇਵਾਵਾਂ ਦੀ ਸੁਤੰਤਰਤਾ ਬਾਰੇ ਏਜੰਡੇ ਦਾ ਵਿਰੋਧ ਕੀਤਾ (ਸਿੰਘ 2008)। ਪਰ ਵਿਚਾਰ-ਵਟਾਂਦਰੇ ਤੋਂ ਬਾਅਦ 'ਗੈਟਸ' ਦੇ ਵਪਾਰ ਅਤੇ ਸੇਵਾਵਾਂ ਬਾਰੇ ਆਮ ਸਮਝੌਤੇ ਵਿਚ ਭਾਰਤ ਦੀਆਂ ਬਰਾਮਦੀ ਸੇਵਾਵਾਂ ਜਿਵੇਂ ਕਿ ਵਿਦੇਸ਼ੀ ਸੇਵਾਵਾਂ, ਦੇਖਣ-ਸੁਣਨ (ਫ਼ਿਲਮਾਂ ਅਤੇ ਟੈਲੀਵੀਜ਼ਨ), ਸੈਰਸਪਾਟਾ ਅਤੇ ਦੂਰ-ਸੰਚਾਰ ਦੇ ਖੇਤਰਾਂ ਵਿਚ ਲਾਭ ਮਿਲਣ ਲੱਗਾ (ਤਾਲਿਕਾ-4 ਅਤੇ 5)। ਪੂਰੀ ਦੁਨੀਆਂ ਵਿਚ ਸੇਵਾਵਾਂ ਦੇ ਬਰਾਮਦਕਾਰ ਵਜੋਂ 3.32 ਪ੍ਰਤਿਸ਼ਤ ਯੋਗਦਾਨ ਨਾਲ 6ਵੇਂ ਸਭ ਤੋਂ ਵੱਡੇ ਸੇਵਾ ਬਰਾਮਦਕਾਰ ਭਾਰਤ, ਬਿਨਾਂ ਖੇਤੀ ਦਾ ਬਲੀਦਾਨ ਕੀਤਿਆਂ, ਖੇਤੀ ਤੋਂ ਸੇਵਾਵਾਂ ਦੀ ਆਰਥਿਕਤਾ ਵੱਲ ਵੱਡੀ ਪੁਲਾਂਘ ਪੁੱਟ ਗਿਆ ਨਜ਼ਰ ਆਉਂਦਾ ਹੈ।

ਤਾਲਿਕਾ-4 : ਭਾਰਤ : ਵਣਜਕ ਸੇਵਾਵਾਂ ਵਿਚ ਵਪਾਰ

| | ਮੁੱਲ | ਹਿੱਸਾ | | ਸਾਲਾਨਾ ਪਤਿਸ਼ਤ ਬਦਲਾਅ |
|---|---|---|---|---|
| | | 2005 | 2012 | 2005-12 |
| ਢੋ-ਢੁਆਈ ਸੇਵਾਵਾਂ | 17.1 | 1.0 | 1.9 | 17 |
| ਯਾਤਰਾ | 17.8 | 1.1 | 1.6 | 13 |
| ਦੂਜੇ ਵਪਾਰ | 103.8 | 3.1 | 4.4 | 15 |

*ਸਰੋਤ : ਵਿਸ਼ਵ ਵਪਾਰ ਸੰਘ, ਅੰਤਰਰਾਸ਼ਟਰੀ ਵਪਾਰ ਅੰਕੜੇ, 2013, ਜੇਨੇਵਾ, ਪੰਨਾ 144-45*

ਤਾਲਿਕਾ-5 : ਭਾਰਤ : ਵਿਸ਼ਵ ਵਪਾਰ ਵਿਚ ਸਥਾਨ

| | ਬਰਾਮਦਾਂ | ਦਰਾਮਦਾਂ |
|---|---|---|
| ਤਜਾਰਤ | 19 | 11 |
| ਅੰਦਰੂਨੀ ਕੱਢ ਕੇ - ਈ ਯੂ ਵਪਾਰ | 14 | 7 |
| ਵਣਜਕ ਸੇਵਾਵਾਂ | 6 | 7 |
| ਅੰਦਰੂਨੀ ਕੱਢ ਕੇ - ਈ ਯੂ ਵਪਾਰ | 4 | 5 |

*ਸਰੋਤ : ਵਿਸ਼ਵ ਵਪਾਰ ਸੰਘ, ਦੇਸ਼ ਵੇਰਵਾ : www.wto.org/statistics*

ਬਸਤੀਵਾਦੀ ਜੁੱਗ ਤੋਂ ਤੁਰੰਤ ਬਾਅਦ ਵਿਕਾਸਸ਼ੀਲ ਦੁਨੀਆਂ ਕੋਲ ਬਰਾਮਦ ਦੇ ਨਾਂ-ਮਾਤਰ ਵਿਕਲਪ ਸਨ ਅਤੇ ਆਪਣੇ ਖੇਤੀ ਉਤਪਾਦਾਂ ਲਈ ਉਹ ਲਗਭਗ ਪੂਰੀ ਤਰ੍ਹਾਂ ਤਰਜੀਹੀ ਪਹੁੰਚ 'ਤੇ ਨਿਰਭਰ ਸੀ, ਹੁਣ ਸਥਿਤੀ ਵੱਖਰੀ ਹੈ। ਵਿਕਾਸਸ਼ੀਲ ਦੁਨੀਆਂ ਦੇ ਕਈ ਦੇਸ਼ ਤਿਆਰਸ਼ੁਦਾ ਵਸਤਾਂ ਅਤੇ ਸੇਵਾਵਾਂ ਵਿਚ ਦਾਖ਼ਲ ਹੋਣ ਕਰਕੇ ਫ਼ਾਇਦੇ ਵਾਲੀ ਸਥਿਤੀ ਵਿਚ ਹਨ। ਵਿਕਾਸਸ਼ੀਲ ਦੁਨੀਆਂ ਦੇ ਖੇਤੀ ਬਰਾਮਦਕਾਰ ਦੇਸ਼ਾਂ ਨੂੰ ਦੂਜੇ ਉਨ੍ਹਾਂ ਦੇਸ਼ਾਂ ਤੋਂ ਵੱਖਰਾ ਕਰਕੇ ਦੇਖਣਾ ਹੋਵੇਗਾ ਜੋ (1) ਤਰਜੀਹੀ ਪਹੁੰਚ 'ਤੇ ਹੀ ਨਿਰਭਰ ਕਰਦੇ ਹਨ, (2) (ਏ ਪੀ ਸੀ) ਮੁਕਤ ਵਪਾਰ ਮੁਖੀ ਕੈਰੰਸ ਸਮੂਹ, ਜੋ ਵਿਕਸਤ ਅਤੇ ਵਿਕਾਸਸ਼ੀਲ ਰਾਸ਼ਟਰਾਂ ਵਿਚ ਖੇਤੀ ਸੁਰੱਖਿਆਵਾਦ ਖ਼ਿਲਾਫ਼ ਲੜ ਰਿਹਾ ਹੈ ਅਤੇ (3) ਇਨ੍ਹਾਂ ਦੋਹਾਂ ਦੇ ਦਰਮਿਆਨ ਵਾਲੇ ਭਾਰਤ ਵਰਗੇ ਦੇਸ਼, ਜੋ ਕੁਝ ਖੇਤੀ ਉਤਪਾਦਾਂ ਨੂੰ ਲੈ ਕੇ ਚੰਗੇਰੀ ਸਥਿਤੀ ਵਿਚ ਹਨ ਅਤੇ ਨਾਲ ਦੀ ਨਾਲ ਆਪਣੀ ਘਰੇਲੂ ਖੇਤੀ ਲਈ ਵੱਡੇ ਪੱਧਰ ਦਾ ਸੁਰੱਖਿਆਵਾਦ ਵੀ ਰੱਖਦੇ ਹਨ।

## ਖੇਤੀ ਅਤੇ ਵਪਾਰ ਨੀਤੀਆਂ ਦੀ ਸਿਆਸੀ ਆਰਥਿਕਤਾ

ਵੱਖ-ਵੱਖ ਦੇਸ਼ਾਂ ਵਿਚ ਖੇਤੀ ਸਮੂਹਾਂ ਦੀ ਮੌਜੂਦਗੀ ਹੈ ਅਤੇ ਖੇਤੀ ਦੀ ਸਿਆਸੀ ਆਰਥਿਕਤਾ ਆਮ ਤੌਰ 'ਤੇ ਜ਼ੋਰਦਾਰ ਧੜੇਬੰਦੀ ਅਤੇ ਪੇਚੀਦਾ ਸਿਆਸਤ ਨਾਲ ਚਲਦੀ ਹੈ। ਅਮਰੀਕਾ ਵਿਚ ਕਪਾਹ ਅਤੇ ਖੰਡ ਦੇ ਸਮੂਹ ਦੀ ਤਾਕਤ ਇਹ ਤੈਅ ਕਰਦੀ ਹੈ ਕਿ ਖੇਤੀ ਬਿਲਾਂ ਵਿਚ ਇਨ੍ਹਾਂ ਖੇਤਰਾਂ ਨੂੰ ਕੀ ਸਬਸਿਡੀਆਂ ਮਿਲਣ। ਵਿਸ਼ਲੇਸ਼ਣ ਦਰਸਾਉਂਦਾ ਹੈ ਕਿ ਜਿਉਂ-ਜਿਉਂ ਦੇਸ਼ ਵਿਕਸਤ ਹੁੰਦੇ ਜਾਂਦੇ ਹਨ ਉਹ ਖੇਤੀ ਬਰਾਮਦਾਂ ਉਪਰ ਕਰ ਦੀ ਥਾਂ ਖੇਤੀ ਸਬਸਿਡੀਆਂ ਦੇਣ ਵੱਲ ਤਬਦੀਲ ਹੁੰਦੇ ਜਾਂਦੇ ਹਨ। ਖੇਤੀ ਵਿਚ ਸਬਸਿਡੀਆਂ ਅਤੇ ਹੋਰ ਛੋਟਾਂ ਦੀਆਂ ਭਲਾਈ ਲਾਗਤਾਂ ਕਾਫ਼ੀ ਜ਼ਿਆਦਾ ਹਨ ਅਤੇ 2015 ਤਕ ਇਨ੍ਹਾਂ ਦੇ ਸੌ ਅਰਬ ਤੋਂ ਤਿੰਨ ਸੌ ਅਰਬ ਅਮਰੀਕੀ ਡਾਲਰ ਸਾਲਾਨਾ ਹੋਣ ਦਾ ਅਨੁਮਾਨ ਹੈ। ਵਿਕਾਸਸ਼ੀਲ ਦੇਸ਼ ਵਿਸ਼ੇਸ਼ ਰੂਪ ਵਿਚ ਵੱਖ-ਵੱਖ ਕਾਰਨਾਂ ਕਰਕੇ ਕੀਮਤਾਂ ਘੱਟ ਬਣਾ ਕੇ ਰੱਖਦੇ ਹਨ, ਜਿਨ੍ਹਾਂ ਵਿਚ ਖੁਰਾਕ ਸੁਰੱਖਿਆ ਦਿਹਾਤੀ ਉਪਜੀਵਕਾ, ਦਿਹਾਤੀ ਰੁਜ਼ਗਾਰ ਜਾਂ ਸਿੱਧ ਪੱਧਰਾ ਪੁਰਾਣਾ ਸੁਰੱਖਿਆਵਾਦ ਜਿਹੇ ਕਾਰਨ ਸ਼ਾਮਿਲ ਹਨ। ਪਰ ਉੱਚੀਆਂ ਕੀਮਤਾਂ ਨਾਲ ਵੀ ਵਿਕਾਸਸ਼ੀਲ ਦੁਨੀਆਂ ਵਿਚ ਬਰਾਮਦਾਂ ਨੂੰ ਫ਼ਾਇਦਾ ਪਹੁੰਚੇਗਾ। ਜਿਵੇਂ ਕਿ ਪੱਛਮੀ ਅਫ਼ਰੀਕਾ ਦੀ ਕਪਾਹ ਸਬਸਿਡੀ ਵਾਲੀ ਅਮਰੀਕੀ ਕਪਾਹ ਦਾ ਮੁਕਾਬਲਾ ਨਹੀਂ ਕਰਦੀ।

ਵਿਕਾਸਸ਼ੀਲ ਦੁਨੀਆਂ ਨੇ ਖੇਤੀ ਵਪਾਰਕ ਨੀਤੀਆਂ ਵਿਚ ਬਸਤੀਯੁਗ ਉਤਪਾਦਾਂ ਨੂੰ ਤਰਜੀਹ ਦੇਣ ਵਰਗੇ ਇਤਿਹਾਸਕ ਰੁਝਾਨਾਂ ਮੁਤਾਬਕ ਚੱਲਣ ਦਾ ਯਤਨ ਕੀਤਾ। ਇਸ ਤੋਂ ਇਲਾਵਾ ਵਪਾਰ ਅਤੇ ਆਰਥਿਕ ਮੰਤਰਾਲਿਆਂ ਦੇ ਵੱਡੇ ਨੌਕਰਸ਼ਾਹਾਂ ਨੇ ਬਾਕੀ ਨੀਤੀਆਂ ਨੂੰ ਆਮ ਤੌਰ ਤੇ ਕੇਂਦਰੀ ਸਰਕਾਰ ਦੇ ਪੱਧਰ 'ਤੇ ਹੀ ਉਲੀਕਿਆ। ਵਿਕਾਸਸ਼ੀਲ ਦੁਨੀਆਂ ਦੇ ਬਹੁਤੇ ਹਿੱਸਿਆਂ ਵਿਚ ਬਸਤੀਵਾਦੀ ਯੁਗ ਤੋਂ ਬਾਅਦ ਖੇਤੀ ਨੂੰ ਸੱਨਅਤਾਂ ਤੋਂ ਪਿਛੇਤ ਸਥਾਨ ਦਿਤਾ ਗਿਆ ਹੈ ਅਤੇ ਜਿਵੇਂ ਕਿ ਉਪਰ ਜ਼ਿਕਰ ਕੀਤਾ ਗਿਆ ਹੈ ਕਿ ਬਹੁਤਾ ਜ਼ੋਰ ਸੱਨਅਤ ਉਪਰ ਹੀ ਦਿਤਾ ਗਿਆ ਹੈ। ਇਥੋਂ ਤਕ ਸ਼ੱਕ ਕੀਤਾ ਗਿਆ ਕਿ ਅਮਰੀਕਾ ਵਰਗੇ ਵਿਕਸਤ ਦੇਸ਼ ਇਸ ਲਈ ਭਾਰਤ ਨੂੰ ਖੇਤੀ ਉਤਪਾਦਨ ਵਧਾਉਣ ਉਪਰ ਜ਼ੋਰ ਦੇ ਰਹੇ ਹਨ ਕਿ ਇਹ ਗਰੀਬ ਹੀ ਬਣਿਆ ਰਹੇ (ਦਾਸ, 2000 : 128)। ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ 1957 ਵਿਚ ਐਲਾਨ ਕੀਤਾ ਸੀ, "ਹੁਣ ਭਾਰਤ ਵਿਚ ਅਸੀਂ ਸੱਨਅਤੀਕਰਨ ਲਈ ਵਚਨਬੱਧ ਹੋ ਗਏ ਹਾਂ। ਅਸੀਂ ਇਸ ਲਈ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਹਰ ਹਾਲਤ ਵਿਚ ਸੱਨਅਤੀ ਦੇਸ਼ ਬਣਨਾ ਹੈ।" ਇਹ ਤਾਂ ਸੱਤਾਧਾਰੀ ਪਾਰਟੀ ਵਲੋਂ 1960 ਦੇ ਅਖੀਰ ਵਿਚ ਅਜਿਹੀ ਹਮਾਇਤ ਵਾਪਸ ਲੈਣ ਤੋਂ ਬਾਅਦ ਸੰਭਵ ਹੋ ਸਕਿਆ ਕਿ ਖੇਤੀ ਨੂੰ ਮੁੜ ਤਰਜੀਹ ਦਿਤੀ ਗਈ ਅਤੇ ਹਰੀ ਕ੍ਰਾਂਤੀ ਨੇ ਉਤਪਾਦਨ ਦੇ ਵਾਧੇ ਵਿਚ ਮਦਦ ਕੀਤੀ।

ਮੌਜੂਦਾ ਯੁਗ ਵਿਚ ਵਪਾਰਕ ਰਣਨੀਤਕ ਸਫਲਤਾ ਲਈ ਸੱਨਅਤ, ਸੇਵਾਵਾਂ ਅਤੇ ਖੇਤੀ ਖੇਤਰਾਂ ਵਿਚਕਾਰ ਸੰਤੁਲਨ ਜ਼ਰੂਰੀ ਹੈ ਜੋ ਕਿ ਵੱਖ-ਵੱਖ ਖੇਤਰਾਂ ਤੋਂ ਦਬਾਅ ਬਰਦਾਸ਼ਤ ਕਰ ਰਹੇ ਭਾਰਤ ਵਰਗੇ ਦੇਸ਼ਾਂ ਲਈ ਮੁਸ਼ਕਿਲ ਕੰਮ ਹੈ। ਭਾਰਤ ਕੋਲ ਇਸ ਵੇਲੇ ਮਾਸ, ਤੇਲੀ ਬੀਜ, ਚੌਲ, ਖੰਡ ਅਤੇ ਚਾਹ ਜਿਹੇ ਖੇਤੀ ਉਤਪਾਦਾਂ ਦੀ

ਬਰਾਮਦ ਵਾਲੀ ਲਾਭ ਦੀ ਸਥਿਤੀ ਮੌਜੂਦ ਹੈ ਪਰ ਵਿਕਾਸ ਲਈ ਸੇਵਾਵਾਂ ਅਤੇ ਸੱਨਅਤ ਖੇਤਰ ਦੀ ਵੀ ਆਪਣੀ ਅਹਿਮੀਅਤ ਹੈ। ਦੇਸ਼ ਦੇ ਕੁੱਲ ਰੁਜ਼ਗਾਰ ਦਾ ਦੋ ਤਿਹਾਈ ਤੋਂ ਵੱਧ ਹਿੱਸਾ ਖੇਤੀ ਵਿਚ ਹੋਣ ਕਾਰਨ ਸਹੀ ਸੰਤੁਲਨ ਕਾਇਮ ਕਰ ਸਕਣਾ ਮੁਸ਼ਕਿਲ ਕੰਮ ਹੈ।

ਵਿਸ਼ਵ ਵਪਾਰ ਸੰਘ ਦੇ ਨਵੰਬਰ 2001 ਵਿਚ ਦੋਹਾ ਵਿਖੇ ਵਪਾਰਕ ਗੱਲਬਾਤ ਗੇੜ ਤੋਂ ਪਹਿਲਾਂ ਖੇਤੀ ਵਪਾਰ ਨੀਤੀ ਬਾਰੇ ਭਾਰਤ ਵਿਚ ਹੋਏ ਵਿਚਾਰ-ਵਟਾਂਦਰੇ ਸਿੱਖਿਆਦਾਇਕ ਹਨ। ਉਰੂਗੁਆਏ ਗੇੜ ਦੀ ਸਮਾਪਤੀ ਉਪਰੰਤ ਕਈ ਰਾਜ ਸਰਕਾਰਾਂ ਨੇ ਆਪਣਾ ਵਿਰੋਧ ਦਰਜ ਕੀਤਾ ਅਤੇ ਸੁਪਰੀਮ ਕੋਰਟ ਵਿਚ ਪਟੀਸ਼ਨ ਵੀ ਦਿਤੀ ਕਿ ਖੇਤੀ ਰਾਜ ਦਾ ਵਿਸ਼ਾ ਹੈ ਅਤੇ ਕੇਂਦਰ ਨੂੰ ਖੇਤੀ ਸਮਝੌਤਿਆਂ ਬਾਰੇ ਵਪਾਰਕ ਗੱਲਬਾਤ ਨੇਪਰੇ ਚਾੜ੍ਹਨ ਦਾ ਕੋਈ ਹੱਕ ਨਹੀਂ ਹੈ। ਇਸ ਲਈ ਦੋਹਾ ਗੇੜ ਤੋਂ ਪਹਿਲਾਂ ਕੇਂਦਰੀ ਸਰਕਾਰ ਨੇ ਵੱਖ-ਵੱਖ ਪੱਧਰਾਂ ਅਤੇ ਸਿਵਲ ਸਮਾਜ ਨਾਲ ਵਿਚਾਰ-ਵਟਾਂਦਰਾ ਕੀਤਾ। ਕੇਂਦਰੀ ਸਰਕਾਰ ਦੇ ਪੱਧਰ 'ਤੇ ਇਨ੍ਹਾਂ ਵਿਚ ਵਪਾਰ ਅਤੇ ਸੱਨਅਤ ਮੰਤਰਾਲਾ, ਖੇਤੀ ਮੰਤਰਾਲਾ ਅਤੇ ਵਿਦੇਸ਼ ਮੰਤਰਾਲਾ ਸ਼ਾਮਿਲ ਸਨ। ਕੇਂਦਰੀ ਸਰਕਾਰ ਨੇ ਨੇਤਾਵਾਂ ਅਤੇ ਕਿਸਾਨਾਂ ਨਾਲ ਖੇਤਰੀ ਅਤੇ ਰਾਜ ਪੱਧਰੀ ਸਲਾਹ-ਮਸ਼ਵਰੇ ਦੇ ਕਈ ਗੇੜ ਕੀਤੇ ਅਤੇ ਸਿਵਲ-ਸਮਾਜ ਅਤੇ ਚਿੰਤਕ ਮਾਹਿਰਾਂ ਦੀ ਟੋਲੀ ਤਿਆਰ ਕੀਤੀ। ਇਥੇ ਜੋ ਤੱਥ ਉੱਭਰ ਕੇ ਸਾਹਮਣੇ ਆਇਆ ਉਹ ਹੈਰਾਨ ਕਰਨ ਵਾਲਾ ਸੀ। ਸੁਰੱਖਿਆਵਾਦ ਦੀ ਪ੍ਰੌੜ੍ਹਤਾ ਦੇ ਉਲਟ ਇਨ੍ਹਾਂ ਸਲਾਹ-ਮਸ਼ਵਰਿਆਂ 'ਚ ਜ਼ਾਹਿਰ ਹੋਇਆ ਕਿ ਭਾਰਤ ਦੇ ਇਸ ਮਾਮਲੇ 'ਚ ਸੁਰੱਖਿਆਵਾਦ ਦੇ ਨਾਲ-ਨਾਲ ਮੁਕਾਬਲੇਬਾਜ਼ੀ ਵਾਲੇ ਸਰੋਕਾਰ ਵੀ ਹਨ (ਪ੍ਰਿਆਦਰਸ਼ਨੀ 2005)।

ਹਿੱਸੇ ਪੂੰਜੀਕਾਰਾਂ ਦੀ ਸ਼ਮੂਲੀਅਤ ਅਤੇ ਵੱਖ-ਵੱਖ ਸਰੋਕਾਰਾਂ ਦਰਮਿਆਨ ਸੰਤੁਲਨ ਬਿਠਾਉਣ ਦੀ ਇਕ ਦਿਲਚਸਪੀ ਵਾਲੀ ਮਿਸਾਲ ਅਰਜਨਟੀਨਾ ਤੋਂ ਮਿਲਦੀ ਹੈ। ਉਰੂਗੁਆਏ ਗੇੜ ਤੋਂ ਪਹਿਲਾਂ ਅਰਜਨਟੀਨਾ ਸ਼ੁਰੂ ਵਿਚ ਖੇਤੀ ਵਿਚ ਸੁਰੱਖਿਆ ਚਾਹੁਣ ਅਤੇ ਸੱਨਅਤ ਲਈ ਬਾਜ਼ਾਰ ਖੋਲ੍ਹਣ ਦੀ ਸੋਚ ਨਾਲ ਕਈ ਵਿਕਾਸਸ਼ੀਲ ਦੇਸ਼ਾਂ ਦੇ ਸਮੂਹ ਵਿਚ ਸ਼ਾਮਿਲ ਹੋ ਗਿਆ ਸੀ। ਪਰ ਸਲਾਹ-ਮਸ਼ਵਰੇ ਤੋਂ ਬਾਅਦ ਵਪਾਰਕ ਨੁਮਾਇੰਦਿਆਂ ਸਾਹਮਣੇ ਇਹ ਗੱਲ ਆਈ ਕਿ ਅਰਜਨਟੀਨਾ ਦਾ ਅਸਲ ਫ਼ਾਇਦਾ ਗਾਂ ਦੇ ਮਾਸ ਦੀ ਬਰਾਮਦ ਜਿਹੇ ਖੇਤੀ ਉਤਪਾਦਨ ਹਨ ਅਤੇ ਇਸ ਤੋਂ ਬਾਅਦ ਉਹ 1986 ਵਿਚ ਉਹ 'ਕੈਰੰਸ ਗਰੁੱਪ' ਵਿਚ ਸ਼ਾਮਿਲ ਹੋ ਗਿਆ।

ਵਪਾਰਕ ਨੀਤੀ ਉਲੀਕਣ ਸਮੇਂ ਹਿੱਸੇ, ਪੂੰਜੀਕਾਰਾਂ ਨੂੰ ਸ਼ਾਮਿਲ ਕਰਨਾ ਮੁਸ਼ਕਿਲ ਕੰਮ ਹੈ ਅਤੇ ਇਸ ਨਾਲ ਉਨ੍ਹਾਂ ਵਲੋਂ ਸਰੋਕਾਰਾਂ ਨੂੰ ਜਤਾਉਣ ਨਾਲ ਆਪਸ ਵਿਚ ਦੂਰੀ ਵਧ ਸਕਦੀ ਹੈ। ਪਰ ਨਾਲ ਦੀ ਨਾਲ ਅਜਿਹੇ ਸਲਾਹ-ਮਸ਼ਵਰੇ ਅਣਕਿਆਸੀਆਂ ਸੰਭਾਵਨਾਵਾਂ ਬਾਰੇ ਵੀ ਦੱਸ ਸਕਦੇ ਹਨ ਅਤੇ ਉਨ੍ਹਾਂ ਮੁਸ਼ਕਿਲ ਚੋਣ ਵਿਕਲਪਾਂ ਬਾਰੇ ਮੈਂਬਰਾਂ ਨੂੰ ਸੂਚਿਤ ਕਰ ਸਕਦੇ ਹਨ, ਜਿਨ੍ਹਾਂ ਨੂੰ ਕਿ ਨੀਤੀ ਘਾੜਿਆਂ ਵਲੋਂ ਵਿਸ਼ਵ ਪੱਧਰ 'ਤੇ ਸ਼ਾਮਿਲ ਕਰਨਾ ਜ਼ਰੂਰੀ ਹੁੰਦਾ ਹੈ।

## ਵਿਸ਼ਵ ਵਪਾਰ ਸੰਘ ਅਤੇ ਅੰਤਰ-ਰਾਸ਼ਟਰੀ ਸਲਾਹ-ਮਸ਼ਵਰੇ

ਵਿਸ਼ਵੀ ਵਪਾਰਕ ਸਮਝੌਤਿਆਂ ਨੂੰ ਆਮ ਤੌਰ ਤੇ ਦੋ ਪੱਧਰੀ ਖੇਡ ਕਿਹਾ ਜਾਂਦਾ ਹੈ। ਪਹਿਲੇ ਪੱਧਰ ਦੇ ਅੰਤਰਰਾਸ਼ਟਰੀ ਮਾਹਰਾਂ ਨੂੰ ਪੇਚੀਦਾ ਸਿਲਸਿਲਿਆਂ ਅਤੇ ਸੰਪਰਕਾਂ ਨਾਲ ਜੂਝਦਿਆਂ ਦੂਜੇ ਪੱਧਰ ਦੇ ਘਰੇਲੂ ਹਲਕਿਆਂ ਨੂੰ ਵੀ ਵਿਚਾਰ ਹੇਠ ਲੈਣਾ ਅਤੇ ਸੰਪਰਕ ਵਿਚ ਰੱਖਣਾ ਹੁੰਦਾ ਹੈ। (ਪੁਤਨਮ 1988)। ਵਿਸ਼ਵ ਵਪਾਰ ਸੰਘ ਵਰਗੇ ਅਦਾਰਿਆਂ ਉਪਰ ਹਕੀਕੀ ਦਬਾਵਾਂ ਨੂੰ ਅੱਖੋਂ ਪਰੋਖੇ ਕਰਨ ਦਾ ਦੋਸ਼ ਲਗਦਾ ਹੈ ਪਰ ਪਹਿਲੇ ਪੱਧਰ ਦੇ ਇਨ੍ਹਾਂ ਮਾਹਰਾਂ ਨਾਲ ਵੀ ਇਹੀ ਸਥਿਤੀ ਬਣ ਸਕਦੀ ਹੈ।

ਵਿਕਾਸਸ਼ੀਲ ਦੁਨੀਆਂ ਨੇ ਪੇਚੀਦਾ ਦਬਾਵਾਂ ਅਤੇ ਸੰਤੁਲਨਾਂ ਨਾਲ ਨਜਿੱਠਣ ਲਈ ਵਿਸ਼ਵ ਵਪਾਰ ਸੰਘ ਵਿਖੇ ਅਸਰਦਾਰ ਢੰਗ ਨਾਲ ਕਈ ਰਣਨੀਤਕ ਵਿਚਾਰ-ਵਟਾਂਦਰੇ ਕੀਤੇ ਹਨ। ਸਭ ਤੋਂ ਪਹਿਲਾਂ ਇਸ ਨੇ ਗੱਠਜੋੜ ਦੀਆਂ ਵੱਖ-ਵੱਖ ਤਾਕਤਾਂ ਨੂੰ ਇਕੱਠਿਆਂ ਕਰਦਿਆਂ ਸਾਂਝੀ ਬਹਿਸ ਸ਼ੁਰੂ ਕੀਤੀ (ਵਿਸ਼ਵ ਵਪਾਰ ਸੰਘ, 2014)। ਏ ਪੀ ਸੀ ਗੱਠਜੋੜ ਤੋਂ ਇਲਾਵਾ, ਵਪਾਰਕ ਵਿਚਾਰ-ਵਟਾਂਦਰਿਆਂ ਤੋਂ ਵੀ ਅੱਗੇ ਵਾਲੇ ਮੰਚ ਜੀ-20 ਵਿਚ ਵੀ ਭਾਰਤ ਅਤੇ ਬ੍ਰਾਜ਼ੀਲ ਵਰਗੇ ਦੇਸ਼ਾਂ ਨੇ ਗੱਠਜੋੜ ਦਬਾਅ ਦਰਸਾਏ ਹਨ। ਦਸੰਬਰ 2013 ਵਿਚ ਬਾਲੀ ਵਿਖੇ ਵਿਸ਼ਵ ਵਪਾਰ ਸੰਘ ਦੀ ਬੈਠਕ ਵਿਚ ਭਾਰਤ ਵਲੋਂ ਖੁਰਾਕ ਸੁਰੱਖਿਆ ਲਈ ਵੱਡੀਆਂ ਸਬਸਿਡੀਆਂ ਦੀ ਮੰਗ ਨੂੰ ਜੀ-33 ਜਿਹੇ ਗੱਠਜੋੜ ਧੜਿਆਂ ਤੋਂ ਹਮਾਇਤ ਮਿਲੀ, ਭਾਵੇਂ ਹਾਲ ਹੀ ਵਿਚ ਕੈਰੰਸ ਸਮੂਹ ਨੇ ਖੇਤੀ ਵਿਚ ਸਬਸਿਡੀਆਂ ਕਾਰਨ ਵਪਾਰ ਨੂੰ ਢਾਹ ਲੱਗਣ ਦੀ ਗੱਲ ਕਰਦਿਆਂ ਭਾਰਤ ਵਰਗੇ ਦੇਸ਼ਾਂ ਦੀ ਨਿਖੇਧੀ ਵੀ ਕੀਤੀ ਹੈ ਅਤੇ ਕਿਹਾ ਕਿ ਸਬਸਿਡੀਆਂ ਦਾ ਬੋਝ 2001 ਵਿਚ 8.2 ਅਰਬ ਅਮਰੀਕੀ ਡਾਲਰ ਤੋਂ ਵਧ ਕੇ 2008 ਵਿਚ 37.6 ਅਰਬ ਅਮਰੀਕੀ ਡਾਲਰ 'ਤੇ ਪਹੁੰਚ ਗਿਆ ਹੈ (ਫੀਨਾਂਸ਼ੀਅਲ ਟਾਈਮਜ਼ 2014)। ਦੂਜਾ, ਵਿਕਾਸਸ਼ੀਲ ਦੁਨੀਆਂ ਨੇ ਅੰਤਰਰਾਸ਼ਟਰੀ ਵਿਚਾਰ-ਵਟਾਂਦਰਿਆਂ ਵਿਚ ਅਦਾਰਾਗਤ ਸੰਪਰਕਾਂ ਅਤੇ ਵਪਾਰ ਸੰਤੁਲਨਾਂ ਦੀ ਇੱਛਾ ਜ਼ਾਹਿਰ ਕੀਤੀ ਹੈ। ਆਮ ਤੌਰ ਤੇ ਇਸ ਵਿਚ ਖੇਤੀ ਲਈ ਸੇਵਾਵਾਂ ਅਤੇ ਸੱਨਅਤੀ ਬਾਜ਼ਾਰ ਖੋਲ੍ਹਣਾ ਸ਼ਾਮਿਲ ਹੈ ਪਰ ਹਾਲ ਹੀ ਵਿਚ ਇਸ ਨੇ ਖੇਤੀ ਦੇ ਅੰਦਰ ਵਿਸ਼ੇਸ਼ ਉਤਪਾਦਾਂ ਦਰਮਿਆਨ ਵਪਾਰਕ ਸੰਤੁਲਨ ਨੂੰ ਵੀ ਸ਼ਾਮਿਲ ਕੀਤਾ ਹੈ।

## ਖੇਤੀਬਾੜੀ ਵਪਾਰ ਨੀਤੀਆਂ ਦਾ ਭਵਿੱਖ

ਖੇਤੀ ਵਪਾਰਕ ਨੀਤੀ ਹੁਣ ਵਿਕਾਸਸ਼ੀਲ ਦੇਸ਼ਾਂ ਨੂੰ ਦਰਪੇਸ਼ ਵਪਾਰਕ ਦਬਾਵਾਂ ਜਾਂ ਕੇਵਲ ਵਿਕਸਤ ਰਾਸ਼ਟਰਾਂ ਵਿਚ ਹੀ ਸਬਸਿਡੀਆਂ ਅਤੇ ਉੱਚ ਮਹਿਸੂਲ ਦੀ ਮੌਜੂਦਗੀ ਦੇ ਮੁੱਦਿਆਂ ਤੋਂ ਕਿਤੇ ਵੱਧ ਗੁੰਝਲਦਾਰ ਹੋ ਗਈ ਹੈ। ਖੇਤੀ ਵਪਾਰ ਸੁਤੰਤਰਤਾ ਨੂੰ ਖੇਤੀ ਖੇਤਰ ਦੀਆਂ ਅੰਦਰੂਨੀ ਅਤੇ ਬਾਹਰਲੀਆਂ ਵੱਖ-ਵੱਖ ਲੋੜਾਂ ਮੁਤਾਬਕ ਸੰਤੁਲਿਤ ਕਰਨ ਦੀ ਫ਼ੌਰੀ ਲੋੜ ਹੈ (ਇੰਗੋ ਐਂਡ ਨਾਸ਼ 2004)। ਖੇਤੀ ਵਪਾਰ ਸੁਤੰਤਰਤਾ ਨੂੰ ਵਿਸ਼ਵਵਿਆਪੀ ਬੁਰਾਈ ਜਾਂ ਤਾਕਤ ਸਮਝੇ ਜਾਣ ਦੇ ਦਿਨ ਖਤਮ ਸਮਝੇ ਜਾਣੇ ਚਾਹੀਦੇ ਹਨ।

ਵਿਕਾਸਸ਼ੀਲ ਦੁਨੀਆਂ ਵਲੋਂ ਧਿਆਨ ਪੂਰਬਕ ਉਲੀਕੀ ਹੋਈ ਖੇਤੀ ਵਪਾਰ ਨੀਤੀ ਵਿਚ ਘਰੇਲੂ ਪੱਧਰ 'ਤੇ ਸਲਾਹ-ਮਸ਼ਵਰੇ ਅਤੇ ਹਿੱਸੇਦਾਰੀ ਸ਼ਾਮਿਲ ਹੋਵੇਗੀ ਅਤੇ ਨਾਲ ਦੀ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਅਸਰਦਾਰ ਰਣਨੀਤਕ ਵਿਚਾਰ-ਵਟਾਂਦਰੇ ਵੀ ਕੀਤੇ ਗਏ ਹੋਣਗੇ। ਸਭਨਾਂ ਦੀ ਸ਼ਮੂਲੀਅਤ ਨਾਲ ਘਰੇਲੂ, ਸਿਆਸੀ ਝਗੜੇ ਖਤਮ ਨਹੀਂ ਹੋਣਗੇ ਪਰ ਹਿੱਸੇਦਾਰਾਂ ਨੂੰ ਸਿਆਸੀ ਨੇਤਾਵਾਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਿਲਾਂ ਦਾ ਅੰਦਾਜ਼ਾ ਲੱਗ ਸਕੇਗਾ ਅਤੇ ਅਜਿਹੇ ਸੁਝਾਅ ਮਿਲਣਗੇ ਜਿਸ ਨਾਲ ਵਪਾਰਕ ਨੀਤੀ ਅੱਗੇ ਵਧ ਸਕੇਗੀ।

ਅੰਤਰਰਾਸ਼ਟਰੀ ਪੱਧਰ 'ਤੇ, ਵਿਕਸਤ ਰਾਸ਼ਟਰ

*ਬਾਕੀ ਸਫ਼ਾ 14 ਉੱਤੇ*

# ਭਾਰਤੀ ਖੇਤੀ - ਨੀਤੀ ਤੇ ਕਾਰਗੁਜ਼ਾਰੀ ਦਾ ਜਾਇਜ਼ਾ

ਸੀ ਐੱਸ ਸੀ ਸ਼ੇਖਰ

**ਇਸ ਲੇਖ ਵਿਚ ਅਸੀਂ ਭਾਰਤ ਦੀ ਖੇਤੀ ਨੀਤੀ ਅਤੇ ਇਸ ਦੇ ਖੇਤੀਬਾੜੀ ਵਿਕਾਸ 'ਤੇ ਪੈਣ ਵਾਲੇ ਪ੍ਰਭਾਵਾਂ ਦਾ ਲੇਖਾ-ਜੋਖਾ ਕਰਾਂਗੇ। ਸਭ ਤੋਂ ਪਹਿਲਾਂ ਮੁੱਲੰਕਣ ਅਤੇ ਬਾਅਦ ਵਿਚ ਨੀਤੀਗਤ ਵਿਕਾਸ ਅਤੇ ਵਿਕਾਸ ਦੀ ਕਾਰਗੁਜ਼ਾਰੀ ਦਾ ਵਿਸਥਾਰ ਵਿਚ ਜਾਇਜ਼ਾ ਲਵਾਂਗੇ।**

ਭਾਰਤੀ ਖੇਤੀ ਨੀਤੀ ਦੀ ਉਤਪਤੀ ਨੂੰ ਖੇਤੀਬਾੜੀ ਦੇ ਵਿਕਾਸ ਪ੍ਰਕਿਰਿਆ ਵਿਚ ਨਿਭਾਈ ਭੂਮਿਕਾ ਅਤੇ ਜਿਹੜੇ ਤੱਥ ਖੇਤੀਬਾੜੀ ਵਿਕਾਸ ਨੂੰ ਪ੍ਰਭਾਵਿਤ ਕਰਦੇ ਹਨ, ਦੇ ਸੰਦਰਭ ਵਿਚ ਵੇਖਣਾ ਚਾਹੀਦਾ ਹੈ। ਕਿਸੇ ਵੀ ਦੇਸ਼ ਦੀ ਵਿਕਾਸ ਦੀ ਪ੍ਰਕਿਰਿਆ ਵਿਚ ਖੇਤੀਬਾੜੀ ਦੇ ਮੁੱਖ ਤਿੰਨ ਕੰਮ ਹੁੰਦੇ ਹਨ (1) ਆਰਥਿਕਤਾ ਦੇ ਦੂਜੇ ਖੇਤਰਾਂ ਲਈ ਸ਼ੁਰੂਆਤੀ ਵਾਧੂ ਭਾਗ ਪ੍ਰਦਾਨ ਕਰਨਾ (2) ਉਦਯੋਗਿਕ ਖੇਤਰ ਨੂੰ ਮਜ਼ਦੂਰੀ ਦੀਆਂ ਚੀਜ਼ਾਂ ਮੁਹੱਈਆ ਕਰਵਾਉਣੀਆਂ (3) ਅਗੇਰੇ ਸੰਬੰਧਾਂ (ਉਦਯੋਗਿਕ ਖੇਤਰ ਲਈ ਨਿਵੇਸ਼ ਉਪਲਬਧ ਕਰਵਾਉਣਾ) ਅਤੇ ਪਿਛਲੇਰੇ ਸੰਬੰਧਾਂ (ਉਦਯੋਗਿਕ ਖੇਤਰ ਦੇ ਉਤਪਾਦਾਂ ਨੂੰ ਖੇਤੀ ਵਿਚ ਵਰਤਣਾ) ਨਾਲ ਵਿਕਾਸ ਨੂੰ ਉਤਸ਼ਾਹ ਦੇਣਾ। ਪਹਿਲੇ ਅਤੇ ਤੀਜੇ ਕੰਮ ਲਈ ਵਿਸ਼ਾਲ ਖੇਤੀਬਾੜੀ ਵਿਕਾਸ ਚਾਹੀਦਾ ਹੈ ਅਤੇ ਦੂਸਰੇ ਵਾਸਤੇ ਉਪਯੁਕਤ ਅਨਾਜ ਦੀ ਪੂਰਤੀ। ਇਸ ਕਰਕੇ ਨਿਰੰਤਰ ਆਰਥਿਕ ਵਿਕਾਸ ਵਾਸਤੇ, ਕੁੱਲ ਖੇਤੀਬਾੜੀ ਵਿਕਾਸ ਅਤੇ ਅਨਾਜ ਉਤਪਾਦਨ ਦਾ ਵਿਕਾਸ, ਦੋਵੇਂ ਬੇਹੱਦ ਜ਼ਰੂਰੀ ਹਨ। ਖੇਤੀ ਵਿਕਾਸ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ - ਕੁਦਰਤੀ (ਜਲ-ਵਾਯੂ), ਤਕਨੀਕੀ, ਆਰਥਿਕ, ਸੰਸਥਾਗਤ ਅਤੇ ਨੀਤੀਗਤ ਮੁੱਦੇ। ਖੇਤੀਬਾੜੀ ਵਿਕਾਸ ਇਨ੍ਹਾਂ ਸਾਰੇ ਮੁੱਦਿਆਂ 'ਤੇ ਨਿਰਭਰ ਹੈ। ਕੁਦਰਤੀ ਮੁੱਦਿਆਂ ਵਿਚ ਮਿੱਟੀ, ਬਾਰਸ਼ ਅਤੇ ਤਾਪਮਾਨ ਆਦਿ ਸ਼ਾਮਿਲ ਹਨ। ਤਕਨੀਕੀ ਪੱਖਾਂ ਵਿਚ ਬੀਜ, ਮਸ਼ੀਨਰੀ, ਕੀਟਾਂ ਤੋਂ ਬਚਾਅ ਅਤੇ ਦੇਸ਼ ਵਿਚ ਉਪਲਬਧ ਰਸਾਇਣਕ ਖਾਦਾਂ ਦੀ ਤਕਨੀਕ ਸ਼ਾਮਿਲ ਹਨ। ਤੀਸਰਾ ਤੱਥ ਆਰਥਿਕ ਹੈ। ਦੂਜੇ ਖੇਤਰਾਂ ਦੇ ਮੁਕਾਬਲੇ ਖੇਤੀਬਾੜੀ ਵਿਚ ਮੁਨਾਫ਼ਾ ਖੇਤੀਬਾੜੀ ਵਿਚ ਨਿੱਜੀ ਨਿਵੇਸ਼ ਨੂੰ ਪ੍ਰਭਾਵਤ ਕਰਦਾ ਹੈ ਅਤੇ ਵੱਖ-ਵੱਖ ਫ਼ਸਲਾਂ ਦਾ ਮੁਨਾਫ਼ਾ ਭੂਮੀ ਅਤੇ ਦੂਜੇ ਸਰੋਤਾਂ ਲਈ ਅੰਤਰ-ਫ਼ਸਲ ਦੀ ਵੰਡ ਨੂੰ ਪ੍ਰਭਾਵਤ ਕਰਦਾ ਹੈ। ਚੌਥਾ ਤੱਥ ਹੈ - ਜਿਸ ਨੂੰ ਕਿ ਬਹੁਤ ਘੱਟ ਸਮਝਿਆ ਗਿਆ ਹੈ। ਸੰਸਥਾਵਾਂ ਵਿਚ ਰਸਮੀ (ਕਾਨੂੰਨ ਦੁਆਰਾ ਬਣਾਏ ਗਏ) ਅਤੇ ਗ਼ੈਰ-ਰਸਮੀ ਦੋਵੇਂ ਕਾਨੂੰਨ ਸ਼ਾਮਿਲ ਹਨ ਜਿਹੜੇ ਕਿ ਆਰਥਿਕ ਏਜੰਟਾਂ ਦੇ ਆਪਸੀ ਸੰਵਾਦ ਨੂੰ ਨਿਰਧਾਰਤ ਕਰਦੇ ਹਨ। ਭਾਰਤੀ ਖਾਧ ਨਿਗਮ, ਜੋ ਫ਼ਸਲਾਂ ਦੀ ਖਰੀਦ ਦਾ ਫ਼ਰਜ਼ ਨਿਭਾਉਂਦਾ ਹੈ ਅਤੇ ਪਿੰਡ ਪੱਧਰ 'ਤੇ ਸ਼ਾਹੂਕਾਰ, ਜੋ ਕਿਸਾਨਾਂ ਨੂੰ ਮੁਢਲਾ ਕਰਜ਼ਾ ਮੁਹੱਈਆ ਕਰਵਾਉਂਦਾ ਹੈ, ਨੂੰ ਰਸਮੀ ਅਤੇ ਗ਼ੈਰ ਰਸਮੀ ਸੰਸਥਾਵਾਂ ਦੀਆਂ ਉਦਾਹਰਣਾਂ ਕਿਹਾ ਜਾ ਸਕਦਾ ਹੈ। ਸੰਸਥਾਵਾਂ ਫ਼ਸਲਾਂ ਦੇ ਸੌਦੇ ਦੀਆਂ ਕੀਮਤਾਂ ਦੇ ਪ੍ਰਮੁੱਖ ਕਾਰਕ ਹੁੰਦੇ ਹਨ। ਅਖ਼ੀਰਲੇ ਤੱਥ ਨੀਤੀ ਨਾਲ ਸੰਬੰਧਿਤ ਹਨ ਜੋ ਉਪਰ ਵਰਣਿਤ ਸਾਰੇ ਤੱਥਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ। ਉਦਾਹਰਣ ਲਈ, ਸਰਕਾਰ ਵਲੋਂ ਪੇਂਡੂ ਜਨਤਕ ਸੇਵਾਵਾਂ ਜਿਵੇਂ ਪੇਂਡੂ ਸੜਕਾਂ, ਪੇਂਡੂ ਬਿਜਲੀਕਰਨ ਅਤੇ ਬਾਜ਼ਾਰ ਲਈ ਨਿਵੇਸ਼ ਕਰਨ ਨਾਲ ਆਰਥਿਕ ਉਤਸ਼ਾਹ ਖੇਤੀਬਾੜੀ ਦੇ ਹੱਕ ਵਿਚ ਹੋ ਜਾਣਗੇ ਕਿਉਂਕਿ ਖੇਤੀ ਲਾਭਕਾਰੀ ਹੋ ਜਾਵੇਗੀ। ਕਾਸ਼ਤਕਾਰੀ ਕਾਨੂੰਨਾਂ ਸੰਬੰਧੀ ਨਰਮ ਨੀਤੀ ਭੂਮੀ ਨੂੰ ਹਿੱਸੇ 'ਤੇ ਦੇਣਾ ਆਸਾਨ ਬਣਾ ਦੇਵੇਗੀ ਅਤੇ ਗ਼ੈਰ ਫ਼ਾਇਦੇ ਵਾਲੇ ਖੇਤਾਂ ਨੂੰ ਪਟੇ 'ਤੇ ਦੇਣਾ ਵੀ ਸੌਖਾ ਹੋ ਜਾਵੇਗਾ। ਇਸ ਨਾਲ ਖੇਤੀ ਵਿਚ ਤਕਨੀਕ ਦਾ ਬੋਲਬਾਲਾ ਹੋ ਜਾਵੇਗਾ। ਖੇਤੀਬਾੜੀ ਖੋਜ ਅਤੇ ਵਿਕਾਸ ਵਿਚ ਨਿਵੇਸ਼ ਦੇ ਵਾਧੇ ਅਤੇ ਦੂਜੇ ਜਨਤਕ ਖਰਚਿਆਂ ਦਾ ਵੀ ਖੇਤੀਬਾੜੀ ਵਿਕਾਸ ਨੂੰ ਹੁਲਾਰਾ ਦੇਣ ਵਿਚ ਹਾਂ ਪੱਖੀ ਅਸਰ ਪਵੇਗਾ। ਇਸ ਕਰਕੇ, ਕੁਦਰਤੀ ਪੱਖ ਨੂੰ ਛੱਡ ਕੇ ਨੀਤੀ ਦੂਜੇ ਸਾਰੇ ਪੱਖਾਂ 'ਤੇ ਅਸਰ ਅੰਦਾਜ਼ ਹੋ ਸਕਦੀ ਹੈ।

### ਪਿਛਲੇ ਛੇ ਦਹਾਕਿਆਂ 'ਚ ਭਾਰਤੀ ਖੇਤੀ

ਭਾਰਤ ਵਿਚ ਖੇਤੀਬਾੜੀ ਨੀਤੀ ਦੀ ਉਤਪਤੀ ਨੂੰ ਮੁੱਖ ਤੌਰ ਤੇ ਪੰਜ ਦੌਰਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਦੌਰ 1951 ਤੋਂ 1965 ਦਾ ਹੈ ਜਦੋਂ ਉਦਯੋਗਾਂ 'ਤੇ ਜ਼ਿਆਦਾ ਜ਼ੋਰ ਦਿਤਾ ਜਾਂਦਾ ਸੀ, ਖੇਤੀ 'ਤੇ ਘੱਟ। ਦੂਜਾ ਦੌਰ (1966-1981) ਦਾ ਉਹ ਦੌਰ ਸੀ ਜਦੋਂ ਹਰੀ ਕ੍ਰਾਂਤੀ ਤਕਨੀਕ ਜਾਂ ਐੱਚ ਵਾਈ ਵੀ ਤਕਨੀਕ ਦੀ ਸ਼ੁਰੂਆਤ ਹੋਈ ਅਤੇ ਵੱਡੇ ਪੱਧਰ 'ਤੇ ਇਸ ਨੂੰ ਦੇਸ਼ ਵਿਚ ਅਪਣਾਇਆ ਗਿਆ। ਇਸ ਦੌਰ ਸਮੇਂ ਤਕਨੀਕ, ਉਪਯੁਕਤ ਨੀਤੀਗਤ ਢਾਂਚਾ ਅਤੇ ਸੰਸਥਾਵਾਂ ਦੇ ਸੁਮਲੇ ਨਾਲ ਭਾਰਤ ਨੇ ਅਨਾਜ ਦੀ ਸਵੈ-ਨਿਰਭਰਤਾ ਹਾਸਲ ਕਰ ਲਈ। ਤੀਜਾ ਦੌਰ 1981 ਤੋਂ 1991 ਦਾ ਸਮਾਂ ਸੀ ਜਦੋਂ ਹਰੀ ਕ੍ਰਾਂਤੀ ਤਕਨੀਕ ਸਾਰੇ ਭਾਰਤ ਵਿਚ ਫੈਲ ਗਈ ਜਿਸ ਨਾਲ ਅੰਤਰ-ਖੇਤਰੀ ਵਿਕਾਸ ਵਿਚ ਵਾਧਾ ਹੋਇਆ। ਇਸ ਦੌਰ ਸਮੇਂ ਖੇਤੀਬਾੜੀ ਵਿਚ ਜਨਤਕ ਨਿਵੇਸ਼ ਦਾ ਵਿਕਾਸ ਮੱਠਾ ਪੈਣਾ ਸ਼ੁਰੂ ਹੋ ਗਿਆ। ਚੌਥਾ ਦੌਰ 1992 ਤੋਂ ਸ਼ੁਰੂ ਹੁੰਦਾ ਹੈ ਜਦੋਂ ਲਘੂ ਆਰਥਿਕ ਸੁਧਾਰ ਸ਼ੁਰੂ ਕੀਤੇ ਗਏ। ਇਹ ਦੌਰ 2004 ਤਕ ਚੱਲਿਆ। ਇਹ ਉਹ ਦੌਰ ਸੀ ਜਦੋਂ ਖੇਤੀ ਵਿਰੋਧੀ ਵਿਤਕਰਾ ਘਟਿਆ। ਇਸ ਦਾ ਕਾਰਨ ਉੱਚ ਮੁੱਲ ਵਟਾਂਦਰਾ ਦਰਾਂ ਦੇ ਨਿਜ਼ਾਮ ਵਿਚ ਕੀਤੀਆਂ ਸੋਧਾਂ ਸਨ। ਖੇਤੀ ਵਿਚ

ਸਰਕਾਰ ਦੀ ਭੂਮਿਕਾ ਨੂੰ ਘਟਾਉਣ ਦੀਆਂ ਵੀ ਕੋਸ਼ਿਸ਼ਾਂ ਹੋਈਆਂ। ਪਿਛਲੇ ਦੌਰ ਵਿਚ ਖੇਤੀਬਾੜੀ ਖੇਤਰ ਵਿਚ ਜਨਤਕ ਨਿਵੇਸ਼ ਦੀ ਗਿਰਾਵਟ ਨੇ ਇਸ ਦੌਰ ਵਿਚ ਖੇਤੀਬਾੜੀ ਵਿਕਾਸ 'ਤੇ ਮਾੜਾ ਅਸਰ ਪਾਉਣਾ ਸ਼ੁਰੂ ਕਰ ਦਿਤਾ। ਆਖ਼ਰੀ ਦੌਰ 2005 ਤੋਂ ਸ਼ੁਰੂ ਹੋਇਆ ਜਦੋਂ ਖੇਤੀ ਵਿਚ ਸਰਕਾਰ ਦੀ ਭੂਮਿਕਾ ਵਧੀ ਅਤੇ ਕਈ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਗਈ।

ਪਹਿਲੇ ਦੌਰ (1951–1965) ਦੌਰਾਨ ਯੋਜਨਾਬੰਦੀ ਜ਼ਿਆਦਾਤਰ ਵਿਕਾਸ ਆਧਾਰਿਤ ਰਣਨੀਤੀ 'ਤੇ ਆਧਾਰਿਤ ਸੀ। ਪਹਿਲੀਆਂ ਪੰਜ ਸਾਲਾ ਯੋਜਨਾਵਾਂ ਵਿਚ ਉਦਯੋਗ ਯੋਜਨਾਬੰਦੀ ਦਾ ਮੁੱਖ ਕੇਂਦਰ ਬਿੰਦੂ ਸਨ ਅਤੇ ਖੇਤੀਬਾੜੀ ਵੱਲ ਬਹੁਤ ਘੱਟ ਧਿਆਨ ਦਿਤਾ ਗਿਆ। ਆਯਾਤ ਵਿਕਲਪਿਕ ਅਤੇ ਉੱਚ ਮੁੱਲ ਵਟਾਂਦਰਾ ਦਰ ਦੀ ਸੁਰੱਖਿਆ ਨਾਲ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ ਵਡੇਰੀ ਰਣਨੀਤੀ ਸੀ। ਇਸ ਦੌਰ ਸਮੇਂ ਅਨਾਜ ਦੀਆਂ ਲੋੜਾਂ ਜ਼ਿਆਦਾਤਰ ਪੀ ਐੱਲ-480 ਅਮਰੀਕਾ ਤੋਂ ਆਯਾਤ ਕਰਕੇ ਪੂਰੀਆਂ ਕੀਤੀਆਂ ਗਈਆਂ। ਖੇਤੀਬਾੜੀ ਢਾਂਚੇ, ਸਿੰਜਾਈ ਅਤੇ ਬਿਜਲੀ ਦੇ ਖੇਤਰਾਂ ਵਿਚ ਕੁਝ ਨਿਵੇਸ਼ ਕੀਤਾ ਗਿਆ। ਇਸ ਸਮੇਂ ਦੌਰਾਨ ਖੇਤੀਬਾੜੀ ਵਿਕਾਸ ਦਾ ਮੁੱਖ ਸਰੋਤ ਖੇਤਰਫਲ ਵਧਾਉਣਾ ਸੀ ਜਿਸ ਨਾਲ ਉਤਪਾਦਕਤਾ ਵਿਚ ਕੋਈ ਖ਼ਾਸ ਵਾਧਾ ਨਹੀਂ ਹੋਇਆ।

ਦੂਜੇ ਦੌਰ (1966–1980) ਦੌਰਾਨ 1960 ਦੇ ਵੱਡੇ ਅਨਾਜ ਸੰਕਟ ਅਤੇ ਅਮਰੀਕਾ ਤੋਂ ਆਯਾਤ ਪੀ ਐੱਲ-480 ਅਨਾਜ ਦੀ ਪੂਰਤੀ ਵਿਚ ਰੁਕਾਵਟ ਕਰਕੇ, ਅਨਾਜ ਵਿਚ ਸਵੈ-ਨਿਰਭਰਤਾ ਨੀਤੀਗਤ ਯੋਜਨਾਬੰਦੀ ਦਾ ਇਕ ਅਹਿਮ ਅੰਗ ਬਣਿਆ। ਕਿਉਂਕਿ ਮੁੱਖ ਉਦੇਸ਼ ਥੋੜ੍ਹੇ ਸਮੇਂ ਵਿਚ ਅਨਾਜ ਦੇ ਉਤਪਾਦਨ ਨੂੰ ਵਧਾਉਣਾ ਸੀ, ਇਸ ਕਰਕੇ ਵਧੇਰੇ ਸੰਭਾਵਨਾਵਾਂ ਵਾਲੇ ਦੇਸ਼ ਦੇ ਸਿੰਜਾਈ ਹੇਠਲੇ ਖੇਤਰਾਂ ਵੱਲ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਗਿਆ। ਸਿੰਜਾਈ, ਖਾਦਾਂ, ਬਿਜਲੀ ਅਤੇ ਕਰਜ਼ਿਆਂ ਵਿਚ ਸਬਸਿਡੀ ਦਿਤੀ ਗਈ। ਘੱਟੋ-ਘੱਟ ਸਮਰਥਨ ਮੁੱਲ ਦੇ ਕੇ ਉਤਪਾਦਨ ਸਹਾਇਤਾ ਦੀ ਸ਼ੁਰੂਆਤ ਕੀਤੀ ਗਈ। ਸਰਕਾਰੀ ਏਜੰਸੀਆਂ ਵਲੋਂ ਅਨਾਜ ਦੀ ਖਰੀਦ ਸ਼ੁਰੂ ਹੋਈ ਤਾਂ ਜੋ ਕਿਸਾਨਾਂ ਨੂੰ ਨਿਸ਼ਚਿਤ ਬਾਜ਼ਾਰ ਮਿਲ ਸਕੇ ਅਤੇ ਜਨਤਕ ਵੰਡ ਪ੍ਰਣਾਲੀ ਰਾਹੀਂ ਗਰੀਬ ਖਪਤਕਾਰਾਂ ਨੂੰ ਅਨਾਜ ਦੀ ਪੂਰਤੀ ਸ਼ੁਰੂ ਕੀਤੀ ਗਈ। ਅਨਾਜ ਦੇ ਵਪਾਰ 'ਤੇ ਸਖਤ ਪਾਬੰਦੀ ਲਾ ਦਿਤੀ ਗਈ ਤਾਂ ਜੋ ਘਰੇਲੂ ਉਤਪਾਦਨ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਕਈ ਮਹੱਤਵਪੂਰਨ ਸੰਸਥਾਨ ਜਿਵੇਂ ਖੇਤੀਬਾੜੀ ਕੀਮਤ ਆਯੋਗ ਜਿਸ ਨੂੰ ਹੁਣ ਸੀ ਏ ਸੀ ਪੀ ਕਰਕੇ ਜਾਣਿਆ ਜਾਂਦਾ ਹੈ, ਭਾਰਤੀ ਖਾਧ ਨਿਗਮ ਅਤੇ ਰਾਸ਼ਟਰੀ ਪਸ਼ੂ ਪਾਲਣ ਵਿਕਾਸ ਬੋਰਡ ਇਸ ਸਮੇਂ ਦੌਰਾਨ ਸਥਾਪਿਤ ਕੀਤੇ ਗਏ। ਖੇਤੀਬਾੜੀ ਵਿਚ ਖੋਜ ਅਤੇ ਵਿਕਾਸ ਕਾਰਜਾਂ ਲਈ ਵੱਡੇ ਨਿਵੇਸ਼ ਕੀਤੇ ਗਏ। ਇਹ ਨੀਤੀਆਂ ਵੱਡੇ ਪੱਧਰ 'ਤੇ ਸਫਲ ਰਹੀਆਂ ਅਤੇ 1970ਵਿਆਂ ਦੇ ਅੱਧ ਤਕ ਭਾਰਤ ਅਨਾਜ ਉਤਪਾਦਨ ਵਿਚ ਸਵੈ-ਨਿਰਭਰ ਹੋ ਗਿਆ ਸੀ। ਦੁੱਧ ਅਤੇ ਖੰਡ ਦੇ ਉਤਪਾਦਨ ਵਿਚ ਵੀ ਵੱਡੀਆਂ ਮੱਲਾਂ ਮਾਰੀਆਂ ਗਈਆਂ। ਇਸ ਸਮੇਂ ਦੌਰਾਨ ਵਿਕਾਸ ਦਾ ਮੁੱਖ ਸਰੋਤ ਉਤਪਾਦਿਕਤਾ ਵਿਚ ਵਾਧਾ ਸੀ।

ਪੂਰਤੀ ਅਤੇ ਮੰਗ ਦਾ ਇਹ ਸੰਸਥਾਗਤ ਢਾਂਚਾ ਜੋ 1960ਵਿਆਂ ਦੇ ਮੱਧ ਵਿਚ ਬਣਾਇਆ ਗਿਆ ਸੀ, ਮਾਮੂਲੀ ਬਦਲਾਵਾਂ ਨਾਲ 1990ਵਿਆਂ ਤਕ ਜਾਰੀ ਰਿਹਾ। ਇਸ ਨੀਤੀ ਨਿਜ਼ਾਮ ਦੇ ਨਤੀਜੇ ਮਿਲੇ ਜੁਲੇ ਹਨ। ਪੂਰਤੀ ਪੱਖ ਦੀਆਂ ਨੀਤੀਆਂ ਨਾਲ ਖੇਤੀਬਾੜੀ ਵਿਚ ਵਧੀਆ ਵਿਕਾਸ ਹੋਇਆ ਅਤੇ ਭਾਰਤ ਅਨਾਜ ਦੀ ਸਵੈ-ਨਿਰਭਰਤਾ ਹਾਸਲ ਕਰ ਸਕਿਆ (ਤਾਲਿਕਾ-1)। ਪਰ ਵਿਕਸਤ ਖੇਤਰਾਂ ਵੱਲ ਜ਼ਿਆਦਾ ਧਿਆਨ ਕੇਂਦਰਿਤ ਹੋਣ ਕਰਕੇ ਵਿਕਾਸ ਵਿਚ ਅੰਤਰ-ਖੇਤਰੀ ਅਸਮਾਨਤਾਵਾਂ ਪੈਦਾ ਹੋ ਗਈਆਂ। ਖਪਤ ਦੇ ਮੋਰਚੇ ਦੀਆਂ ਨੀਤੀਆਂ – ਵਾਧੂ ਭੰਡਾਰ ਅਤੇ ਜਨਤਕ ਵੰਡ ਪ੍ਰਣਾਲੀ ਨਾਲ ਵਸੋਂ ਦੇ ਵੱਡੇ ਹਿੱਸੇ ਨੂੰ, ਵਾਜਬ ਕੀਮਤਾਂ 'ਤੇ ਅਨਾਜ ਦੀ ਨਿਸ਼ਚਿਤ ਪੂਰਤੀ ਯਕੀਨੀ ਹੋ ਗਈ। ਇਨ੍ਹਾਂ ਨੀਤੀਆਂ ਦਾ ਸਭ ਤੋਂ ਵੱਡਾ ਹਾਸਲ ਕੁਦਰਤੀ (ਸੋਕੇ) ਕਾਲ਼ਾਂ ਅਤੇ ਆਦਮੀ ਦੁਆਰਾ ਬਣਾਏ (ਵੰਡ ਪ੍ਰਣਾਲੀ ਦੀ ਅਸਫਲਤਾ ਤੋਂ ਉਪਜੀ) ਭੁੱਖਮਰੀ ਨੂੰ ਪੂਰਨ ਰੂਪ ਵਿਚ ਖਤਮ ਕਰਨਾ ਕਿਹਾ ਜਾ ਸਕਦਾ ਹੈ।

ਤੀਜਾ ਦੌਰ (1981–1991) ਦੌਰਾਨ ਉੱਤਰ ਪੱਛਮੀ ਭਾਰਤ ਤੋਂ ਬਿਨਾਂ ਦੇਸ਼ ਦੇ ਦੂਜੇ ਖੇਤਰਾਂ ਵਿਚ ਐੱਚ ਵਾਈ ਵੀ ਤਕਨੀਕ ਦਾ ਵਿਕਾਸ ਫੈਲਿਆ। ਭਾਰਤੀ ਖੇਤੀ ਲਈ ਇਹ ਸਮਾਂ ਸਭ ਤੋਂ ਵਧੀਆ ਸੀ ਕਿਉਂਕਿ ਅੰਤਰ-ਖੇਤਰੀ ਬਰਾਬਰੀ ਨਾਲ ਵਿਕਾਸ ਕੀਤਾ ਗਿਆ ਸੀ। ਅਨਾਜ ਵਿਚ ਸਵੈ-ਨਿਰਭਰਤਾ ਹੋਣ ਨਾਲ ਧਿਆਨ ਤੇਲ ਬੀਜਾਂ ਅਤੇ ਦਾਲਾਂ ਦੇ ਉਤਪਾਦਨ ਵੱਲ ਕੀਤਾ ਗਿਆ ਜੋ ਵਿਕਾਸ ਪੱਖੋਂ ਪਿੱਛੇ ਰਹਿ ਗਏ ਸਨ। ਤੇਲੀ-ਬੀਜਾਂ ਤੇ ਦਾਲਾਂ ਲਈ ਤਕਨਾਲੋਜੀ ਮਿਸ਼ਨ 1986 ਵਿਚ ਸ਼ੁਰੂ ਕੀਤਾ ਗਿਆ। ਇਨ੍ਹਾਂ ਨੀਤੀਗਤ ਉੱਦਮਾਂ ਨਾਲ ਤੇਲ ਬੀਜਾਂ ਦੇ ਉਤਪਾਦਨ ਵਿਚ ਪ੍ਰਸ਼ੰਸਾਯੋਗ ਵਾਧਾ ਹੋਇਆ। ਭਾਵੇਂ ਕਿ ਸਰੋਤਾਂ ਨੂੰ ਵਰਤਣ ਦੀ ਅਕੁਸ਼ਲਤਾ, ਜਿਵੇਂ ਕਿ ਇਸ਼ਾਰਾ ਕੀਤਾ ਗਿਆ ਹੈ ਕਿ ਸਰੋਤ ਲਾਗਤ ਅਨੁਪਾਤ ਤੇਲ ਬੀਜਾਂ ਲਈ ਇਕ ਤੋਂ ਵੱਧ ਸੀ। ਇਨ੍ਹਾਂ ਕਾਰਨਾਂ ਕਰਕੇ ਇਸ ਵਾਧੇ ਦੀ ਕੀਮਤ ਕਾਫ਼ੀ ਜ਼ਿਆਦਾ ਉਠਾਉਣੀ ਪਈ ਸੀ। ਅਨਾਜ ਉਤਪਾਦਨ ਵਿਚ ਵਾਧਾ ਅਤੇ ਅਨਾਜ ਵਪਾਰ 'ਤੇ ਨਿਯੰਤ੍ਰਣ ਅਤੇ ਜਨਤਕ ਵੰਡ ਪ੍ਰਣਾਲੀ ਦੇ ਕਾਰਜ ਇਸ ਸਮੇਂ ਦੌਰਾਨ ਜਾਰੀ ਰਹੇ।

ਚੌਥਾ ਦੌਰ (1992–2004) ਵੱਡੇ ਆਰਥਿਕ ਸੁਧਾਰ (1991) ਅਤੇ ਖਾਣ ਵਾਲੇ ਤੇਲਾਂ ਦੇ ਖੇਤਰਾਂ (1994) ਵਿਚ ਆਯਾਤ ਉਦਾਰਤਾ ਦਾ ਸਮਾਂ ਸੀ। ਇਸ ਦੌਰ ਨੂੰ ਅੱਗੇ ਦੋ ਉੱਪ-ਕਾਲਖੰਡਾਂ ਵਿਚ ਵੰਡਿਆ ਜਾ ਸਕਦਾ ਹੈ : 1992–1997 ਅਤੇ 1997–2004।ਪਹਿਲੇ ਉੱਪ ਕਾਲਖੰਡ ਦੌਰਾਨ ਵੱਡੇ ਆਰਥਿਕ ਸੁਧਾਰ ਖੇਤੀ ਪ੍ਰਤਿ ਵਿਤਕਰੇ ਵਿਚ ਕਮੀ ਦਾ ਕਾਰਨ ਬਣੇ। ਦੂਜੇ ਉਪ ਕਾਲਖੰਡ ਦੌਰਾਨ ਖੇਤੀ ਵਿਕਾਸ ਵਿਚ ਤੇਜ਼ ਗਿਰਾਵਟ ਆਈ ਜਿਸ ਦਾ ਮੁੱਖ ਕਾਰਨ ਪੂੰਜੀਗਤ ਨਿਵੇਸ਼ ਵਿਚ ਕਮੀ ਅਤੇ ਖੇਤੀ ਮੁਨਾਫ਼ੇ ਵਿਚ ਕਮੀ ਸੀ। 1990ਵਿਆਂ ਦੇ ਸ਼ੁਰੂਆਤ ਤੋਂ ਖੇਤੀਬਾੜੀ ਪ੍ਰਤਿ ਵਿਤਕਰਾ ਕਾਫ਼ੀ ਘਟ ਗਿਆ ਸੀ। ਇਸ ਦਾ ਪ੍ਰਮੁੱਖ ਕਾਰਨ ਨਿਰਮਾਣ ਸੁਰੱਖਿਆ ਵਿਚ ਨਿਰੰਤਰ ਗਿਰਾਵਟ ਅਤੇ ਉੱਚ ਮੁੱਲ ਵਟਾਂਦਰਾ ਦਰ ਨਿਜ਼ਾਮ ਵਿਚ ਕੀਤੀਆਂ ਸੋਧਾਂ ਸਨ ਜੋ ਵੱਡੇ ਆਰਥਿਕ ਸੁਧਾਰਾਂ ਦੀ ਬਦੌਲਤ ਹੋਈਆਂ। 1991-92 ਦੇ ਖੇਤੀ ਉਤਪਾਦਾਂ ਦੇ ਉੱਚ ਕਰ 300 ਪ੍ਰਤਿਸ਼ਤ ਤੋਂ ਘਟ ਕੇ 2002 ਵਿਚ 30 ਪ੍ਰਤਿਸ਼ਤ ਤਕ ਆ ਗਏ। ਇਸੇ ਤਰ੍ਹਾਂ, 1991–92 ਵਿਚ ਆਯਾਤ ਨਿਯੰਤ੍ਰਣ ਵੀ ਤਕਰੀਬਨ ਸਾਰੀਆਂ ਵਸਤਾਂ ਤੋਂ ਹਟਾ ਲਏ ਗਏ। ਇਨ੍ਹਾਂ ਢਾਂਚਾਗਤ ਸੋਧ ਉਪਾਵਾਂ ਦਾ ਇਕ ਪ੍ਰਭਾਵ ਖੇਤੀਬਾੜੀ ਲਈ ਵਪਾਰ ਦੀਆਂ ਸ਼ਰਤਾਂ (ਟੀ ਓ ਟੀ) ਵਿਚ ਸੁਧਾਰ ਸੀ। ਵਪਾਰ ਦੀਆਂ ਸ਼ਰਤਾਂ ਦੀ ਸੂਚੀ (1990–91=100) 1990 ਤੋਂ ਲੈ ਕੇ ਇਸ ਸਾਰੇ ਸਮੇਂ ਵਿਚ 100 ਤੋਂ ਉੱਪਰ ਰਿਹਾ (ਖੇਤੀਬਾੜੀ ਅੰਕੜੇ ਇਕ ਝਾਤ, 2011)। ਵਪਾਰ ਦੀਆਂ ਸ਼ਰਤਾਂ ਵਿਚ ਇਸ

ਸੁਧਾਰ ਦੇ ਕਾਰਨ ਖੇਤੀਬਾੜੀ ਵਿਚ ਸਮੁੱਚੀ ਪੂੰਜੀ ਬਣਤਰ) 1990-91 ਦੇ 11424 ਕਰੋੜ (1993-94 ਦੀਆਂ ਕੀਮਤਾਂ ਅਨੁਸਾਰ) 2000-01 ਵਿਚ ਵਧ ਕੇ 14931 ਕਰੋੜ ਹੋ ਗਿਆ। 90ਵਿਆਂ ਦੀ ਵਿਕਾਸ ਦਰ (2.5 ਪ੍ਰਤਿਸ਼ਤ) ਵੀ 80ਵਿਆਂ ਦੀ ਵਿਕਾਸ ਦਰ (2 ਪ੍ਰਤਿਸ਼ਤ) ਨਾਲੋਂ ਵੱਧ ਸੀ। ਜਦਕਿ ਟੀ ਓ ਟੀ ਵਿਚ ਸੁਧਾਰ ਦਾ ਖੇਤੀਬਾੜੀ ਵਿਚ ਨਿੱਜੀ ਨਿਵੇਸ਼ ਤੇ ਥੋੜ੍ਹਾ ਹਾਂ-ਪੱਖੀ ਅਸਰ ਪਿਆ, ਦੂਜੇ ਪਾਸੇ ਵਧਦੇ ਵਿੱਤੀ ਘਾਟੇ ਨੇ ਜਨਤਕ ਨਿਵੇਸ਼ ਘਟਾਉਣ ਵਿਚ ਭੂਮਿਕਾ ਨਿਭਾਈ। 1981-82 ਦੀ 7130 ਕਰੋੜ ਰੁਪਏ ਦੀ ਜਨਤਕ ਨਿਵੇਸ਼ 1990-91 ਵਿਚ ਘਟ ਕੇ 4992 ਕਰੋੜ ਰੁਪਏ ਰਹਿ ਗਿਆ ਜੋ 2001-02 ਵਿਚ ਹੋਰ ਘਟ ਕੇ 4520 ਕਰੋੜ ਰੁਪਏ ਹੋ ਗਿਆ। ਸਿੱਟੇ ਵਜੋਂ ਸਿੰਜਾਈ, ਪੇਂਡੂ ਬਿਜਲੀਕਰਨ, ਪੇਂਡੂ ਸੜਕਾਂ ਅਤੇ ਮੰਡੀ ਜਿਹੇ ਢਾਂਚਿਆਂ ਦੇ ਵਿਕਾਸ 'ਤੇ ਬੁਰਾ ਅਸਰ ਪਿਆ। ਇਸ ਗਿਰਾਵਟ ਦਾ 1990ਵਿਆਂ ਵਿਚ ਖੇਤੀਬਾੜੀ ਦੀ ਕਾਰਗੁਜ਼ਾਰੀ 'ਤੇ ਅਸੁਖਾਵਾਂ ਪ੍ਰਭਾਵ ਪਿਆ। ਕੁੱਲ ਘਰੇਲੂ ਉਤਪਾਦ ਦੀ ਔਸਤ ਵਿਕਾਸ ਦਰ 1990ਵਿਆਂ ਵਿਚ 3.1 ਪ੍ਰਤਿਸ਼ਤ (1991-92 ਤੋਂ 2001-02) ਹੋ ਗਈ ਜੋ 1980ਵਿਆਂ ਵਿਚ 3.5 ਪ੍ਰਤਿਸ਼ਤ ਸੀ (ਤਾਲਿਕਾ-1)। ਪ੍ਰਮੁੱਖ ਫ਼ਸਲਾਂ ਦੀ ਵਿਕਾਸ ਦਰ 80ਵਿਆਂ ਦੇ 3.19 ਪ੍ਰਤਿਸ਼ਤ ਸਾਲਾਨਾ ਤੋਂ ਘਟ ਕੇ 90ਵਿਆਂ ਵਿਚ 2.28 ਪ੍ਰਤਿਸ਼ਤ ਹੋ ਗਈ।

ਜਨਤਕ ਨਿਵੇਸ਼ ਦੇ ਖੇਤੀਬਾੜੀ ਵਿਚ ਨਿਰੰਤਰ ਨਜ਼ਰਅੰਦਾਜ਼ੀ ਦਾ ਅਸਰ 1990ਵਿਆਂ ਦੇ ਅਖੀਰ ਵਿਚ ਗੰਭੀਰ ਸੰਕਟ ਦੇ ਰੂਪ ਵਿਚ ਪ੍ਰਗਟ ਹੋਣਾ ਸ਼ੁਰੂ ਹੋ ਗਿਆ (ਵੇਖੋ ਚਾਂਦ ਐਟ ਆਲ, 2007)। ਹਰੀ ਕ੍ਰਾਂਤੀ ਦੇ ਸਮੇਂ (ਦੌਰ 1) ਤੋਂ ਪਹਿਲਾਂ ਖੇਤੀਬਾੜੀ ਦੀ ਔਸਤ ਵਿਕਾਸ ਦਰ 2.1 ਪ੍ਰਤਿਸ਼ਤ ਸੀ ਜੋ ਅਗਲੇ ਦੋ ਦੌਰਾਂ ਵਿਚ ਵਧ ਕੇ ਕ੍ਰਮਵਾਰ 3 ਪ੍ਰਤਿਸ਼ਤ ਅਤੇ 3.5 ਪ੍ਰਤਿਸ਼ਤ ਹੋ ਗਈ। ਪਰ 1997-2004 ਦੌਰਾਨ ਵਿਕਾਸ ਦਰ ਤੇਜ਼ੀ ਨਾਲ ਘਟ ਕੇ 2.2 ਪ੍ਰਤਿਸ਼ਤ 'ਤੇ ਆ ਗਈ ਜੋ ਹਰੀ ਕ੍ਰਾਂਤੀ ਤੋਂ ਪਹਿਲਾਂ ਦੇ ਸਮੇਂ ਦੇ ਤਕਰੀਬਨ ਬਰਾਬਰ ਸੀ। ਵਿਡੰਬਨਾ ਦੇਖੋ, ਇਹ ਉਹੀ ਸਮਾਂ ਸੀ ਜਦੋਂ ਗ਼ੈਰ ਖੇਤੀਬਾੜੀ ਕੁੱਲ ਘਰੇਲੂ ਉਤਪਾਦ 7 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਧ ਰਿਹਾ ਸੀ ਜਿਸ ਨਾਲ ਵੱਡੇ ਪੱਧਰ 'ਤੇ ਅੰਤਰ ਖੇਤਰੀ ਨਾਬਰਾਬਰੀ ਪੈਦਾ ਹੋਈ। ਖੇਤੀਬਾੜੀ ਵਿਚ ਇਹ ਮੱਠਾਪਨ ਮੁੱਖ ਤੌਰ ਤੇ ਜਨਤਕ ਨਿਵੇਸ਼ ਵਿਚ ਵੱਡੀ ਗਿਰਾਵਟ ਅਤੇ ਖੇਤੀਬਾੜੀ ਵਿਚ ਲਾਗਤ ਨਿਵੇਸ਼ ਕਰਕੇ ਸੀ ਜੋ ਜ਼ਿਆਦਾਤਰ ਫ਼ਸਲਾਂ ਵਿਚ ਮੁਨਾਫ਼ੇ ਵਿਚ ਕਮੀ ਨਾਲ ਜੋੜਿਆ ਜਾਂਦਾ ਹੈ। ਜਨਤਕ ਨਿਵੇਸ਼ ਅਤੇ ਨਿੱਜੀ ਨਿਵੇਸ਼ ਵਿਚਾਲੇ ਇਹ ਸਮਤੋਲ ਅਤੇ ਨਿਵੇਸ਼ ਵਰਤੋਂ ਕਰਕੇ ਖੇਤੀਬਾੜੀ ਵਿਚ ਗੰਭੀਰ ਸੰਕਟ ਪੈਦਾ ਹੋ ਗਿਆ।

ਤਾਲਿਕਾ-1

ਖੇਤੀ-ਕੁੱਲ ਘਰੇਲੂ ਉਤਪਾਦ ਦੀ ਔਸਤ ਵਿਕਾਸ ਦਰ ਅਤੇ ਕੁੱਲ ਘਰੇਲੂ ਉਤਪਾਦ ਕਾਰਕ ਲਾਗਤ 'ਤੇ

| ਸਮਾਂ | ਖੇਤੀ-ਕੁੱਲ ਘਰੇਲੂ ਉਤਪਾਦ | ਐਸ ਡੀ | ਕੁੱਲ ਘਰੇਲੂ ਉਤਪਾਦ | ਐਸ ਡੀ |
|---|---|---|---|---|
| 1951-52 ਤੋਂ 1965-66 | 2.15 | 5.25 | 3.58 | 3.16 |
| 1966-67 ਤੋਂ 1980-81 | 3.03 | 7.59 | 3.66 | 3.88 |
| 1981-82 ਤੋਂ 1991-92 | 3.45 | 5.15 | 5.04 | 2.43 |
| 1992-93 ਤੋਂ 2004-05 | 3.14 | 3.99 | 6.18 | 1.43 |
| 2005-06 ਤੋਂ 2011-12 | 3.89 | 2.42 | 8.46 | 1.42 |

*ਸਰੋਤ : ਆਰਥਿਕ ਸਰਵੇਖਣ 2012-13* *ਨੋਟ :1- ਸਾਲਾਨਾ ਵਿਕਾਸ ਦਰ ਵਿਕਾਸ ਦਰਾਂ ਦੀ ਔਸਤ ਹੈ, 2-ਐੱਸ ਡੀ ਦਾ ਮਤਲਬ ਹੈ (ਵਿਕਾਸ ਦਰਾਂ ਦਾ ਮਿਆਰ ਤੋਂ ਥਿੜਕਣਾ)*

ਇਸ ਨੁਕਤੇ ਤਕ ਭਾਰਤ ਦੀਆਂ ਖੇਤੀਬਾੜੀ ਨੀਤੀਆਂ ਬਾਰੇ ਕੀ ਕਹੀਏ? ਕੁੱਲ ਮਿਲਾ ਕੇ ਭਾਰਤ ਦੀ ਕਾਰਗੁਜ਼ਾਰੀ ਬੇਸ਼ੱਕ ਕਮਾਲ ਦੀ ਸੀ। ਅਨਾਜ ਉਤਪਾਦਨ ਕਈ ਗੁਣਾ ਵਧ ਗਿਆ ਅਤੇ ਦੇਸ਼ 1951 ਦੇ ਸ਼ੁੱਧ ਆਯਾਤ ਦੇ ਮੁਕਾਬਲੇ 2013 ਵਿਚ ਸ਼ੁੱਧ ਨਿਰਯਾਤਕਾਰ ਬਣ ਗਿਆ। ਇਸ ਸਮੇਂ ਦੌਰਾਨ ਸਿੰਜਾਈ ਵਿਚ 11 ਪ੍ਰਤਿਸ਼ਤ ਵਾਧਾ ਹੋਇਆ (ਕੁੱਲ ਬਿਜਲੀ ਹੇਠਲਾ ਖੇਤਰ) ਜੋ ਵਧ ਕੇ 45 ਪ੍ਰਤਿਸ਼ਤ ਹੋ ਗਿਆ। ਖਾਦਾਂ ਦੀ ਖਪਤ ਨਿਗੂਣੀ ਸੀ ਜੋ ਇਸੇ ਸਮੇਂ ਦੌਰਾਨ ਵਧ ਕੇ 141 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੋ ਗਈ। ਸੱਠਵਿਆਂ ਦੇ ਮੱਧ ਤੋਂ ਪਹਿਲਾਂ ਉਤਪਾਦਨ ਵਿਚ ਵਾਧੇ ਦਾ ਮੁੱਖ ਕਾਰਨ ਰਕਬੇ ਵਿਚ ਵਾਧਾ ਸੀ। ਹਰੀ ਕ੍ਰਾਂਤੀ ਤੋਂ ਬਾਅਦ ਸਾਰੀਆਂ ਫ਼ਸਲਾਂ ਦੇ ਝਾੜ ਵਿਚ ਕਾਫ਼ੀ ਵਾਧਾ ਹੋਇਆ। ਸਭ ਤੋਂ ਵੱਡੀ ਪ੍ਰਾਪਤੀ ਦੇਸ਼ ਵਿਚ ਵੱਡੇ ਪੱਧਰ 'ਤੇ ਪੈਂਦੀ ਭੁੱਖਮਰੀ ਦਾ ਖਾਤਮਾ ਸੀ।


ਨਾਂਹਵਾਚਕ ਪੱਖ ਤੋਂ, ਬਿਜਲੀ, ਖਾਦ ਅਤੇ ਅਨਾਜ 'ਤੇ ਸਬਸਿਡੀਆਂ ਤੇਜ਼ੀ ਨਾਲ ਵਧੀਆਂ। ਸਬਸਿਡੀਆਂ 'ਤੇ ਹੁੰਦੇ ਵਰਤਮਾਨ ਖਰਚੇ ਨਾਲ ਖੇਤੀਬਾੜੀ ਵਿਚ ਜਨਤਕ ਨਿਵੇਸ਼ ਵਿਚ ਗਿਰਾਵਟ ਆਈ। ਇਸ ਦੇ ਸਿੱਟੇ ਵਜੋਂ, ਜਨਤਕ ਖੇਤਰ ਦੁਆਰਾ ਖੇਤੀਬਾੜੀ ਵਿਚ ਕੁੱਲ ਨਿਵੇਸ਼ ਵਿਚ 1980 ਤੋਂ ਬਾਅਦ ਤੇਜ਼ੀ ਨਾਲ ਕਮੀ ਆਈ। ਅੰਤਰ-ਖੇਤਰੀ ਅਤੇ ਅੰਤਰ-ਖੇਤਰ ਨਾਬਰਾਬਰੀ ਸਮੇਂ ਨਾਲ ਵਧਦੀ ਗਈ। ਖੇਤੀਬਾੜੀ ਲਾਹੇਵੰਦ ਧੰਦਾ ਨਾ ਰਿਹਾ ਅਤੇ 1997 ਤੋਂ ਗੰਭੀਰ ਸੰਕਟ ਖੜ੍ਹਾ ਹੋ ਗਿਆ। ਵਿਕਾਸ ਪ੍ਰਕਿਰਿਆ ਦੀ ਵੱਡੀ ਕਮੀ ਇਹ ਰਹੀ ਕਿ ਅਨਾਜ ਉਤਪਾਦਨ ਵਿਚ ਸਵੈ-ਨਿਰਭਰ ਹੋਣ ਤੋਂ ਤਿੰਨ ਦਹਾਕਿਆਂ ਬਾਅਦ ਵੀ ਦੇਸ਼ ਅਨਾਜ ਲਈ ਇਕਸਾਰ ਆਰਥਿਕ ਪਹੁੰਚ ਨਹੀਂ ਪ੍ਰਾਪਤ ਕਰ ਸਕਿਆ।

## ਚੌਥੇ ਦੌਰ ਦੇ ਤਾਜ਼ਾ ਉਪਰਾਲੇ (2005-13)

ਪਿਛਲੇ ਦੌਰ (2005-2013) ਦੌਰਾਨ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੀਆਂ ਕੁੱਝ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ - ਖੇਤੀਬਾੜੀ ਵਿਚ ਘਟਦੇ ਨਿਵੇਸ਼ ਨੂੰ ਠੱਲ੍ਹ ਪਾਉਣਾ, ਖੇਤੀ ਨੂੰ ਲਾਹੇਵੰਦਾ ਬਣਾਉਣਾ ਅਤੇ ਵਸੋਂ ਦੇ ਵੱਡੇ ਹਿੱਸੇ ਨੂੰ ਅੰਨ ਲਈ ਆਰਥਿਕ ਪਹੁੰਚ ਪ੍ਰਦਾਨ ਕਰਨਾ।


ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ (ਆਰ ਕੇ ਵੀ ਵਾਈ) 2007 ਵਿਚ ਸ਼ੁਰੂ ਕੀਤੀ ਗਈ ਸੀ ਜਿਸ ਦੇ ਉਦੇਸ਼ ਰਾਜਾਂ ਨੂੰ ਖੇਤੀਬਾੜੀ ਵਿਚ ਨਿਵੇਸ਼ ਲਈ ਉਤਸ਼ਾਹਿਤ ਕਰਨਾ (ਕਿਉਂਕਿ ਖੇਤੀ ਰਾਜ ਦਾ ਵਿਸ਼ਾ ਹੈ) ਅਤੇ ਇਸ ਨਿਵੇਸ਼ ਨਾਲ ਕਿਸਾਨਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨਾ। ਇਨ੍ਹਾਂ ਦੋ ਉਦੇਸ਼ਾਂ ਦੀ ਪ੍ਰਾਪਤੀ ਲਈ, ਰਾਜਾਂ ਲਈ ਖੇਤੀਬਾੜੀ ਖਰਚੇ ਦੇ ਵਿਕਾਸ ਨੂੰ ਬਣਾਈ ਰੱਖਣਾ ਜਾਂ ਵਧਾਉਣਾ ਜ਼ਰੂਰੀ ਕੀਤਾ ਗਿਆ ਹੈ (ਕੁੱਲ ਖਰਚੇ ਦੇ ਅਨੁਪਾਤ ਨਾਲ) ਅਤੇ ਸਾਰੇ ਰਾਜ ਵਿਚ ਹੇਠੋਂ ਸ਼ੁਰੂ ਹੋਣ ਵਾਲੀ ਯੋਜਨਾ ਪ੍ਰਕਿਰਿਆ ਦੁਆਰਾ

ਚਿੱਤਰ-1 : ਖੇਤੀਬਾੜੀ ਵਿਚ ਕੁੱਲ ਘਰੇਲੂ ਉਤਪਾਦ ਅਤੇ ਖੇਤੀ ਵਿਚ ਕੁੱਲ ਪੂੰਜੀ ਬਣਤਰ




ਸਰੋਤ : ਆਰਥਿਕ ਸਰਵੇਖਣ ਅਤੇ ਐੱਮ ਓ ਐੱਸ ਪੀ ਆਈ (ਨੈਸ਼ਨਲ ਅਕਾਊਂਟ)

ਚਿੱਤਰ-2 : ਖੇਤੀਬਾੜੀ ਵਿਚ ਪੂੰਜੀ ਬਣਤਰ ਅਤੇ ਖੇਤੀ ਕੁੱਲ ਘਰੇਲੂ ਉਤਪਾਦ ਵਿਕਾਸ : ਕ੍ਰਿਸ਼ੀ ਵਿਕਾਸ ਯੋਜਨਾ ਤੋਂ ਪਹਿਲਾਂ ਅਤੇ ਬਾਅਦ




ਸਰੋਤ : ਆਰਥਿਕ ਸਰਵੇਖਣ ਅਤੇ ਐੱਮ ਓ ਐੱਸ ਪੀ ਆਈ (ਨੈਸ਼ਨਲ ਅਕਾਊਂਟ)

ਜ਼ਿਲ੍ਹਾ ਖੇਤੀਬਾੜੀ ਯੋਜਨਾ ਬਣਾਉਣੀਆਂ। ਆਰ ਕੇ ਵੀ ਵਾਈ ਦੇ ਫ਼ੰਡਾਂ ਦਾ ਲਾਹਾ ਲੈਣ ਲਈ ਰਾਜਾਂ ਨੂੰ ਇਹ ਦੋਵੇਂ ਉਦੇਸ਼ ਪੂਰੇ ਕਰਨਾ ਜ਼ਰੂਰੀ ਹੈ। ਸ਼ੁਰੂਆਤੀ ਨਤੀਜੇ ਜੀ ਸੀ ਐੱਫ ਏ ਦੀ ਵਿਕਾਸ ਦਰ ਵਿਚ ਸੁਧਾਰ ਦਿਖਾਉਂਦੇ ਹਨ ਮੁਕਾਬਲਤਨ ਪ੍ਰੋਗਰਾਮ ਸ਼ੁਰੂ ਕਰਨ ਤੋਂ ਪਹਿਲਾਂ ਦੇ ਸਮੇਂ ਤੋਂ। ਇਸ ਸਮੇਂ ਦੌਰਾਨ ਖੇਤੀ ਕੁੱਲ ਘਰੇਲੂ ਉਤਪਾਦ ਦੀ ਦਰ ਵੀ ਪਹਿਲਾਂ ਨਾਲੋਂ ਜ਼ਿਆਦਾ ਅਤੇ ਸੰਤੁਲਿਤ ਰਹੀ ਹੈ (ਚਿੱਤਰ 1 ਅਤੇ 2)। ਪਰ, ਜ਼ਿਲ੍ਹਾ ਖੇਤੀਬਾੜੀ ਯੋਜਨਾਵਾਂ ਵਿਚ ਲੋਕਾਂ ਦੀ ਭਾਗੀਦਾਰੀ ਨਾਂ ਮਾਤਰ ਹੀ ਰਹੀ ਹੈ।

ਦੂਸਰੇ ਵੱਡੇ ਪ੍ਰੋਗਰਾਮ ਦਾ ਟੀਚਾ ਗਿਆਰ੍ਹਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਅਨਾਜ ਉਤਪਾਦਨ ਨੂੰ ਵਧਾਉਣਾ ਹੈ। ਰਾਸ਼ਟਰੀ ਖੁਰਾਕ ਸੁਰੱਖਿਆ ਮਿਸ਼ਨ (ਐੱਨ ਐੱਫ ਐੱਸ ਐੱਮ) 2007 ਵਿਚ ਸ਼ੁਰੂ ਕੀਤਾ ਗਿਆ ਸੀ ਜਿਸ ਦਾ ਸੀਮਤ ਉਦੇਸ਼ ਚੌਲ, ਕਣਕ ਅਤੇ ਦਾਲਾਂ ਦਾ ਉਤਪਾਦਨ 11ਵੀਂ ਪੰਜ ਸਾਲਾ ਯੋਜਨਾ ਦੇ ਅੰਤ ਤਕ ਕ੍ਰਮਵਾਰ 10, 8 ਅਤੇ 2 ਮਿਲੀਅਨ ਟਨ ਵਧਾਉਣਾ ਸੀ। ਹਰੀ ਕ੍ਰਾਂਤੀ ਵਾਂਗ ਇਹ ਪ੍ਰੋਗਰਾਮ ਵੀ ਵੱਖ-ਵੱਖ ਫ਼ਸਲਾਂ ਲਈ ਦੇਸ਼ ਦੇ ਚੋਣਵੇਂ ਜ਼ਿਲ੍ਹਿਆਂ ਤਕ ਹੀ ਕੇਂਦਰਿਤ ਰੱਖਿਆ ਗਿਆ। ਨਤੀਜੇ ਇਸ਼ਾਰਾ ਕਰਦੇ ਹਨ ਕਿ ਇਸ ਪ੍ਰੋਗਰਾਮ ਨੇ ਹਰੇਕ ਫ਼ਸਲ ਦੇ ਉਤਪਾਦਨ ਲਈ ਮਿੱਥਿਆ ਟੀਚਾ ਪ੍ਰਾਪਤ ਕੀਤਾ ਹੈ।

ਤੀਜਾ ਪ੍ਰੋਗਰਾਮ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ (ਐੱਨ ਐੱਫ ਐੱਸ ਏ) ਹੈ ਜਿਸ ਦਾ ਮੁੱਖ ਮੰਤਵ ਅੰਨ ਤਕ ਪਹੁੰਚ ਕਰਵਾਉਣਾ ਹੈ। ਇਸ ਪ੍ਰੋਗਰਾਮ ਤਹਿਤ ਹਰੇਕ ਏ ਏ ਵਾਈ ਪਰਿਵਾਰਾਂ ਲਈ ਪ੍ਰਤਿ ਮਹੀਨੇ 35 ਕਿਲੋਗ੍ਰਾਮ ਅਨਾਜ ਅਤੇ ਪ੍ਰਾਥਮਿਕ ਪਰਿਵਾਰਾਂ ਲਈ 25 ਕਿਲੋਗ੍ਰਾਮ ਅਨਾਜ (ਜਿਸ ਦਾ ਫ਼ੈਸਲਾ ਰਾਜ ਸਰਕਾਰ ਨੇ ਕਰਨਾ ਹੈ) ਨੂੰ ਚੌਲ, ਕਣਕ, ਬਾਜਰਾ ਤਿੰਨ ਸਾਲ ਵਾਸਤੇ ਕ੍ਰਮਵਾਰ 3, 2, 1 ਰੁਪਏ ਦੀ ਕੀਮਤ 'ਤੇ ਦੇਣਾ ਨਿਸ਼ਚਿਤ ਕੀਤਾ ਗਿਆ ਹੈ। ਇਸ ਤਹਿਤ ਲਗਭਗ 75 ਪ੍ਰਤਿਸ਼ਤ ਪੇਂਡੂ ਵਸੋਂ ਅਤੇ 50 ਪ੍ਰਤਿਸ਼ਤ ਸ਼ਹਿਰੀ ਵਸੋਂ ਆਉਂਦੀ ਹੈ। ਇਸ ਪ੍ਰੋਗਰਾਮ ਦਾ ਇਕ ਹੋਰ ਕਾਰਕ ਮਾਤਰੀ ਅਤੇ ਸ਼ਿਸ਼ੂ ਸਹਾਇਤਾ, ਬੇਸਹਾਰਾ ਅਤੇ ਬੇਘਰਿਆਂ ਨੂੰ ਦੂਜੇ ਫ਼ਾਇਦੇ ਪਹੁੰਚਾਉਣਾ ਵੀ ਹੈ। ਇਸ ਪ੍ਰੋਗਰਾਮ ਸੰਬੰਧੀ ਮੁੱਖ ਤੌਖਲੇ ਘਰੇਲੂ ਉਤਪਾਦਨ ਵਿਚ ਕਮੀ, ਖਰੀਦ ਦਾ ਪੱਧਰ ਜੋ ਚਾਹੀਦਾ ਹੈ, ਬਾਜ਼ਾਰ ਕੀਮਤਾਂ 'ਤੇ ਪੈਣ ਵਾਲਾ ਪ੍ਰਭਾਵ, ਉਤਪਾਦਨ ਘੱਟ ਹੋਣ ਦੀ ਸੂਰਤ ਵਿਚ ਆਯਾਤ ਦੀ ਵਿਹਾਰਕਤਾ, ਸਬਸਿਡੀ ਖਰਚ ਦਾ ਪੱਧਰ ਅਤੇ ਜਨਤਕ ਵੰਡ ਪ੍ਰਣਾਲੀ ਦੀ ਅਕੁਸ਼ਲਤਾ ਹੈ।

ਤਾਜ਼ਾ ਖੋਜਾਂ ਇਹ ਸਲਾਹ ਦਿੰਦੀਆਂ ਹਨ ਕਿ ਉਤਪਾਦਨ ਅਤੇ ਖਰੀਦ ਦੇ ਵਰਤਮਾਨ ਪੱਧਰ ਇਸ ਪ੍ਰੋਗਰਾਮ ਦੀ ਸਫਲਤਾ ਲਈ ਕਾਫ਼ੀ ਹਨ। ਨਾਲ ਹੀ, ਸਬਸਿਡੀ ਖਰਚਾ ਵੀ ਹਲਕਾ ਜਿਹਾ ਜ਼ਿਆਦਾ ਹੈ। ਖੋਜਾਂ ਇਹ ਵੀ ਇਸ਼ਾਰਾ ਕਰਦੀਆਂ

ਹਨ ਕਿ ਬਹੁਤ ਸਾਰੇ ਰਾਜਾਂ ਵਿਚ ਜਨਤਕ ਵੰਡ ਪ੍ਰਣਾਲੀ ਵਿਚ ਵੀ ਸੁਧਾਰ ਹੋਇਆ ਹੈ (ਖੇੜਾ 2011ਏ ਅਤੇ 2011ਬੀ)। ਪਰ, ਪਿਛਲੇ ਸਮੇਂ ਦੌਰਾਨ ਅਨਾਜ ਦੀ ਮਹਿੰਗਾਈ ਦਰ ਵਿਚ ਲਗਾਤਾਰ ਵਾਧੇ ਦੇ ਮੱਦੇਨਜ਼ਰ ਬਾਜ਼ਾਰੀ ਕੀਮਤਾਂ ਸੰਬੰਧੀ ਸ਼ੰਕੇ ਸਹੀ ਨਜ਼ਰ ਆਉਂਦੇ ਹਨ। ਨਾਲ ਹੀ, ਆਯਾਤ ਵੀ ਸਵਾਲਾਂ ਦੇ ਘੇਰੇ ਵਿਚ ਆ ਜਾਂਦਾ ਹੈ ਜਿਸ ਦਾ ਕਾਰਨ ਅੰਤਰਰਾਸ਼ਟਰੀ ਬਾਜ਼ਾਰ ਵਿਚ ਬਾਜ਼ਾਰੀ ਢਾਂਚਾ ਅਤੇ ਕਿਫ਼ਾਇਤੀ ਕੀਮਤਾਂ 'ਤੇ ਅਨਾਜ ਦੀ ਉਪਲਬਧਤਾ ਸੰਬੰਧੀ ਅਨਿਸ਼ਚਿਤਤਾ ਹੈ (ਸੇਖਰ 2008)। ਇਹ ਮੁੱਦਾ ਭਾਰਤ ਵਰਗੇ ਵੱਡੇ ਦੇਸ਼ਾਂ ਲਈ ਬਹੁਤ ਅਹਿਮ ਹੈ।

## ਵੱਖ-ਵੱਖ ਦੌਰਾਂ ਦੌਰਾਨ ਨੀਤੀ ਅਤੇ ਦੂਸਰੇ ਕਾਰਕਾਂ ਦੀ ਭੂਮਿਕਾ

ਪਹਿਲੇ ਦੌਰ (1950-1964) ਦੌਰਾਨ ਖੇਤੀਬਾੜੀ ਜ਼ਿਆਦਾਤਰ ਕੁਦਰਤੀ ਕਾਰਕਾਂ 'ਤੇ ਹੀ ਨਿਰਭਰ ਸੀ। ਦੂਜੇ ਦੌਰ (1965-80) ਸਮੇਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਦੇ ਰੂਪ ਵਿਚ ਹੋਏ ਤਕਨੀਕੀ ਕ੍ਰਿਸ਼ਮਿਆਂ ਨਾਲ ਨੀਤੀਗਤ ਕੋਸ਼ਿਸ਼ਾਂ ਨੂੰ, ਆਰਥਿਕਤਾ ਅਨਾਜ ਉਤਪਾਦਨ ਦੇ ਅਨੁਕੂਲ ਬਣਾਉਣ ਵਿਚ ਮਦਦ ਕੀਤੀ। ਸਰਕਾਰ ਵਲੋਂ ਰਸਮੀ ਅਦਾਰੇ ਜਿਵੇਂ ਸੀ ਏ ਸੀ ਪੀ, ਐੱਫ ਸੀ ਆਈ ਅਤੇ ਐੱਨ ਡੀ ਡੀ ਬੀ ਦੀ ਸਥਾਪਨਾ ਕੀਤੀ ਗਈ ਤਾਂ ਜੋ ਇਨ੍ਹਾਂ ਨੀਤੀਆਂ ਨੂੰ ਲਾਗੂ ਕੀਤਾ ਜਾ ਸਕੇ। ਇਸ ਕਰਕੇ, ਇਸ ਦੌਰ ਵਿਚ ਆਰਥਿਕ, ਤਕਨੀਕੀ, ਸੰਸਥਾਗਤ ਨੀਤੀ ਕਾਰਕਾਂ ਦਾ ਇਕ ਢੁਕਵਾਂ ਸੁਮੇਲ ਬਣਿਆ ਜਿਸ ਦੇ ਨਤੀਜੇ ਵਜੋਂ ਉੱਚ ਵਿਕਾਸ ਕਾਰਗੁਜ਼ਾਰੀ ਵੇਖਣ ਨੂੰ ਮਿਲੀ।

ਤੀਜੇ ਦੌਰ ਵਿਚ, ਐੱਚ ਵਾਈ ਵੀ ਤਕਨੀਕ ਦੇਸ਼ ਦੇ ਦੂਜੇ ਹਿੱਸਿਆਂ ਵਿਚ ਫੈਲਣ ਨਾਲ ਵਿਕਾਸ ਦੀ ਨਿਰੰਤਰਤਾ ਯਕੀਨੀ ਹੋਈ। ਪਰ ਇਸ ਦੌਰ ਸਮੇਂ ਕੋਈ ਨਵਾਂ ਤਕਨੀਕੀ ਮਾਅਰਕਾ ਨਹੀਂ ਮਾਰਿਆ ਗਿਆ। ਸਿੱਟੇ ਵਜੋਂ, ਇਸ ਦੌਰ ਦੇ ਧਿਆਨ ਦੇ ਕੇਂਦਰ - ਦਾਲਾਂ ਅਤੇ ਖਾਣ ਵਾਲੇ ਤੇਲਾਂ ਵਿਚ ਵਿਕਾਸ ਮੁੱਖ ਤੌਰ ਤੇ ਰਾਜ ਦੀ ਸਹਾਇਤਾ ਨਾਲ, ਪਰ ਬਿਨਾਂ ਕੁਸ਼ਲਤਾ ਵਿਚ ਸੁਧਾਰ ਦੇ ਵੇਖਣ ਵਿਚ ਆਇਆ। ਜਦੋਂ 1990ਵਿਆਂ ਦੇ ਅੱਧ ਵਿਚ ਖਾਣ ਵਾਲੇ ਤੇਲ ਦੇ ਖੇਤਰ ਵਿਚ ਸਰਕਾਰੀ ਸਹਾਇਤਾ ਵਾਪਸ ਲੈ ਲਈ ਗਈ ਤਾਂ ਵਿਕਾਸ ਕਾਰਗੁਜ਼ਾਰੀ ਡਾਵਾਂਡੋਲ ਹੋ ਗਈ। ਇਸ ਦੌਰ ਦੀ ਇਕ ਹੋਰ ਸਮੱਸਿਆ ਦਿਲਚਸਪੀ ਵਾਲੇ ਸਮੂਹਾਂ ਵਲੋਂ ਫ਼ਾਇਦਿਆਂ ਨੂੰ ਆਪਣੇ ਹੱਥ ਵਿਚ ਕਰਨ ਨਾਲ ਸੰਬੰਧਿਤ ਸੀ। ਹਰੀ ਕ੍ਰਾਂਤੀ ਦੇ ਖੇਤਰ, ਜਿਨ੍ਹਾਂ ਨੇ 1960ਵਿਆਂ ਵਿਚ ਪ੍ਰਾਰੰਭਿਕ ਸਰਕਾਰੀ ਸਹਾਇਤਾ ਤੋਂ ਫ਼ਾਇਦਾ ਉਠਾਉਇਆ, ਇਸ ਸਹਾਇਤਾ ਨੂੰ ਜਾਰੀ ਰੱਖਣ ਲਈ ਲਗਾਤਾਰ ਕੇਂਦਰ ਸਰਕਾਰ 'ਤੇ ਦਬਾਅ ਬਣਾਉਂਦੇ ਰਹੇ। ਇਸ ਨਾਲ ਖੇਤੀ ਵਿਚ ਜਨਤਕ ਨਿਵੇਸ਼ ਵਿਚ ਕਮੀ ਆਈ ਕਿਉਂਕਿ ਸਰੋਤ ਅਨਾਜ, ਖਾਦਾਂ, ਬਿਜਲੀ ਅਤੇ ਸਿੰਜਾਈ ਲਈ ਸਬਸਿਡੀ ਦੇਣ ਵਿਚ ਇਸਤੇਮਾਲ ਹੋਣ ਲੱਗੇ। ਸਬਸਿਡੀਆਂ 'ਤੇ ਹੋਣ ਵਾਲੇ ਜਨਤਕ ਖਰਚੇ ਨਾਲ 1990ਵਿਆਂ ਦੌਰਾਨ ਵਿਕਾਸ ਵਿਚ ਲਗਾਤਾਰ ਕਮੀ ਆਈ ਜੋ ਅਖ਼ੀਰ ਨੂੰ 1997 ਵਿਚ ਇਕ ਵੱਡੇ ਸੰਕਟ ਦਾ ਰੂਪ ਧਾਰ ਗਈ।

ਜਨਤਕ ਨਿਵੇਸ਼ ਵਿਚ ਗਿਰਾਵਟ ਅਤੇ ਅੰਨ ਲਈ ਆਰਥਿਕ ਪਹੁੰਚ ਪ੍ਰਾਪਤ ਕਰਨ ਤੋਂ ਉਪਜੇ ਪ੍ਰਸਿੱਧ ਸੰਵਾਦਾਂ ਨਾਲ ਨੀਤੀ ਦੇ ਮੁਹਾਜ 'ਤੇ ਸੋਧ ਸੁਧਾਈ ਦਾ ਕੰਮ ਸ਼ੁਰੂ ਹੋਇਆ। ਸਿਵਲ ਸੋਸਾਇਟੀ ਅਤੇ ਮੀਡੀਆ ਨੇ ਇਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਰਾਸ਼ਟਰੀ ਖ਼ੁਰਾਕ ਸੁਰੱਖਿਆ ਮਿਸ਼ਨ ਅਤੇ ਰਾਸ਼ਟਰੀ ਖ਼ੁਰਾਕ ਸੁਰੱਖਿਆ ਕਾਨੂੰਨ ਦੀ ਸ਼ੁਰੂਆਤ ਇਸੇ ਸੰਵਾਦ ਦਾ ਸਿੱਟਾ ਹਨ। ਇਨ੍ਹਾਂ ਪ੍ਰੋਗਰਾਮਾਂ ਰਾਹੀਂ ਜ਼ਰੂਰੀ ਢਾਂਚਾਗਤ ਅਤੇ ਨੀਤੀ ਢਾਂਚਾ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਤਾਂ ਕਿ ਕਿਸਾਨਾਂ ਲਈ ਖੇਤੀ ਲਾਹੇਵੰਦ ਬਣਾਈ ਜਾ ਸਕੇ ਅਤੇ ਨਾਲ ਹੀ ਅਨਾਜ ਪ੍ਰਤਿ ਭੌਤਿਕ ਅਤੇ ਆਰਥਿਕ ਪਹੁੰਚ ਵੀ ਵਧਾਈ ਜਾ ਸਕੇ।

## ਸਿੱਟਾ

ਤਕਨੀਕੀ, ਨੀਤੀਗਤ ਅਤੇ ਸੰਸਥਾਗਤ ਢਾਂਚਿਆਂ ਦੇ ਸੁਮੇਲ ਨਾਲ ਭਾਰਤ ਨੇ ਅਨਾਜ ਦੀ ਆਮ ਨਿਰਭਰਤਾ ਹਾਸਲ ਕੀਤੀ। ਪਰ ਖੇਤੀਬਾੜੀ ਨਾਲ ਸੰਬੰਧਿਤ ਦੂਜੇ ਕੰਮ ਜਿਵੇਂ ਵਾਧੂ ਭੰਡਾਰ ਮੁਹੱਈਆ ਕਰਵਾਉਣਾ ਅਤੇ ਗ਼ੈਰ-ਖੇਤੀ ਖੇਤਰ ਦੇ ਅਗਲੇ ਪਿਛਲੇ ਸੰਪਰਕ ਨੂੰ ਹਿਲਾਉਣਾ, ਅਧੂਰੇ ਹੀ ਰਹੇ। ਪੇਂਡੂ ਉਦਯੋਗੀਕਰਨ ਅਤੇ ਪੇਂਡੂ ਮਜ਼ਦੂਰ ਸ਼ਕਤੀ ਦੀ ਕੁਸ਼ਲਤਾ ਲਈ ਨੀਤੀਆਂ ਦਾ ਪੁਨਰ-ਨਿਰਮਾਣ ਜ਼ਰੂਰੀ ਹੈ ਤਾਂ ਜੋ ਖੇਤੀ ਖੇਤਰ ਵਿਚੋਂ ਮਜ਼ਦੂਰੀ ਨੂੰ ਬਾਹਰ ਕੱਢ ਕੇ ਖੇਤੀ ਉਤਪਾਦਨ ਨੂੰ ਵਧਾਇਆ ਜਾ ਸਕੇ। ਕਿਸਾਨਾਂ ਦੀ ਨਿਵੇਸ਼ ਅਤੇ ਉਤਪਾਦਨ ਬਾਜ਼ਾਰ ਤਕ ਵਧੀਆ ਪਹੁੰਚ, ਤਕਨੀਕੀ ਅਤੇ ਪੇਂਡੂ ਬੁਨਿਆਦੀ ਢਾਂਚਾ ਬੇਹੱਦ ਜ਼ਰੂਰੀ ਹਨ। ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਤੇ ਰਾਸ਼ਟਰੀ ਖ਼ੁਰਾਕ ਸੁਰੱਖਿਆ ਮਿਸ਼ਨ ਦੇ ਸ਼ੁਰੂਆਤੀ ਨਤੀਜੇ ਤਸੱਲੀਬਖਸ਼ ਜਾਪਦੇ ਹਨ। ਨਿੱਜੀ ਖੇਤਰ ਨੂੰ ਖੇਤੀ ਖੇਤਰ ਵਿਚ ਹੋਰ ਨਿਵੇਸ਼ ਲਈ ਉਤਸ਼ਾਹਿਤ ਕਰਕੇ ਇਨ੍ਹਾਂ ਕਦਮਾਂ ਨੂੰ ਉਤਸ਼ਾਹ ਮਿਲ ਸਕਦਾ ਹੈ। ਭਾਵੇਂ ਕਿ ਅਲਪ ਕਾਲ ਵਿਚ ਰਾਸ਼ਟਰੀ ਖ਼ੁਰਾਕ ਸੁਰੱਖਿਆ ਕਾਨੂੰਨ ਆਰਥਿਕ ਪਹੁੰਚ ਮੁਹੱਈਆ ਕਰਵਾਉਣ ਲਈ ਫਾਇਦੇਮੰਦ ਹੈ, ਪੇਂਡੂ ਆਮਦਨ ਨੂੰ ਰੁਜ਼ਗਾਰ ਸੁਰੱਖਿਆ ਦੀ ਨੀਤੀ ਅਪਣਾ ਕੇ ਨਿਰੰਤਰਤਾ ਵਾਲੀਆਂ ਨੀਤੀਆਂ ਅਪਣਾਏ ਜਾਣ ਦੀ ਜ਼ਰੂਰਤ ਹੈ।

*(ਲੇਖਕ ਇੰਸਟੀਚਿਊਟ ਆਫ਼ ਇਕਨਾਮਿਕ ਗ੍ਰੋਥ, ਦਿੱਲੀ ਵਿਖੇ ਐਸੋਸੀਏਟ ਪ੍ਰੋਫ਼ੈਸਰ ਹੈ।)*

*e-mail :csekhar@iegindia.org*

***ਸਫ਼ਾ 9 ਦੀ ਬਾਕੀ***

ਆਪਣੀਆਂ ਖੇਤੀ ਮੰਡੀਆਂ ਤਕ ਸੁਆਗਤੀ ਦਾਖ਼ਲਾ ਨਹੀਂ ਦੇਣਗੇ। ਵਿਕਾਸਸ਼ੀਲ ਰਾਸ਼ਟਰਾਂ ਦੇ ਦਬਾਵਾਂ ਨਾਲ ਵਿਕਸਤ ਰਾਸ਼ਟਰ ਤਰਜੀਹੀ ਵਪਾਰ ਸਮਝੌਤੇ ਦੀ ਰਾਹ ਫੜਨਗੇ, ਜਿਥੇ ਜਾਂ ਵਿਕਸਤ ਦੇਸ਼ ਨੂੰ ਅਲਗ ਕੀਤਾ ਜਾ ਸਕਦਾ ਹੈ ਜਾਂ ਫਿਰ ਵਿਕਸਤ ਦੇਸ਼ ਲਈ ਦੁਵੱਲੇ ਸਮਝੌਤਿਆਂ ਦੀ ਲੜੀ ਕਾਇਮ ਕੀਤੀ ਜਾ ਸਕਦੀ ਹੈ, ਜਿਥੇ ਇਸ ਕੋਲ ਵਿਕਸਤ ਦੇਸ਼ ਦੇ ਮੁਕਾਬਲੇ ਬਹੁਤ ਘੱਟ ਸਮਝੌਤਾ ਵਿਕਲਪ ਮੌਜੂਦ ਹੋਣਗੇ।

ਖ਼ੈਰ, ਖੇਤੀ ਉਤਪਾਦਾਂ ਵਾਲੇ ਰਵਾਇਤੀ ਵਪਾਰ ਅਤੇ ਉੱਚ ਤਕਨਾਲੋਜੀ ਵਾਲੀਆਂ ਸੇਵਾਵਾਂ ਸਮੇਤ ਵਿਕਾਸਸ਼ੀਲ ਦੇਸ਼ਾਂ ਦਾ ਯੋਗਦਾਨ ਵਧਦੇ ਜਾਣ ਕਾਰਨ ਇਨ੍ਹਾਂ ਨਵੇਂ ਮੁੱਦਿਆਂ ਉਪਰ ਵਿਚਾਰ ਕਰਨਾ ਜ਼ਰੂਰੀ ਹੋਵੇਗਾ। ਅਜਿਹੇ ਮਾਮਲਿਆਂ ਵਿਚ, ਵਿਕਸਤ ਰਾਸ਼ਟਰ ਨਾ ਤਾਂ ਵਿਕਾਸਸ਼ੀਲ ਰਾਸ਼ਟਰਾਂ ਨੂੰ ਇਕ ਪਾਸੇ ਕਰ ਸਕਦੇ ਹਨ ਅਤੇ ਨਾ ਹੀ ਉਪਦੇਸ਼ ਦੇ ਕੇ ਬੁੱਤਾ ਸਾਰ ਸਕਦੇ ਹਨ ਕਿਉਂਕਿ ਵਿਕਾਸਸ਼ੀਲ ਰਾਸ਼ਟਰਾਂ ਕੋਲ ਪ੍ਰਭਾਵੀ ਢੰਗ ਨਾਲ ਅੰਤਰਰਾਸ਼ਟਰੀ ਵਪਾਰ ਸਿਲਸਿਲੇ 'ਚ ਸ਼ਾਮਿਲ ਹੋਣ ਲਈ ਹਾਂ-ਪੱਖੀ ਵਿਕਲਪਾਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ।

*(ਲੇਖਕ ਜਾਰਜ ਮੈਨ ਯੂਨੀਵਰਸਿਟੀ ਅਮਰੀਕਾ ਦੇ ਜਨਤਕ ਨੀਤੀ ਬਾਰੇ ਸਕੂਲ ਵਿਖੇ ਵਿਸ਼ਵੀ ਮਾਮਲਿਆਂ ਅਤੇ ਸਭਿਆਚਾਰਕ ਅਧਿਐਨ ਦਾ ਪ੍ਰੋਫ਼ੈਸਰ ਅਤੇ ਸੀਨੀਅਰ ਫੈਲੋ ਹੈ।)*

*e-mail :jsingh19@gmu.edu*

# ਭਾਰਤ ਵਿਚ ਰਾਜ ਦੀ ਸਮਰੱਥਾ ਦਾ ਨਿਰਮਾਣ

ਅਜੈ ਸ਼ਾਹ

ਮੌਜੂਦਾ ਸਮੇਂ ਭਾਰਤ ਵਿਚ ਮਾੜੀ ਕਾਰਗੁਜ਼ਾਰੀ ਵਾਲੇ ਰਾਜ-ਪ੍ਰਬੰਧ ਨੂੰ ਲੈ ਕੇ ਬੇਹੱਦ ਗੁੱਸਾ ਹੈ। ਉਦੇਸ਼ਾਂ ਅਤੇ ਉਨ੍ਹਾਂ 'ਤੇ ਅਮਲ ਕਰਨ ਵਿਚ ਫ਼ਰਕ ਨੂੰ ਸਮਝਣਾ ਮਹੱਤਵਪੂਰਨ ਹੈ। ਬਹੁ-ਗਿਣਤੀ ਲੋਕ ਇਸ ਗੱਲ ਨਾਲ ਅਸਹਿਮਤ ਹੋ ਸਕਦੇ ਹਨ ਕਿ ਕੀ ਭਾਰਤ ਸਰਕਾਰ ਲਈ ਨਰੇਗਾ ਨੂੰ ਚਲਾਉਣਾ ਲਾਹੇਵੰਦ ਹੈ ਜਾਂ ਨਹੀਂ ਜਾਂ ਪੂੰਜੀ ਨਿਯੰਤ੍ਰਣ ਕਰਨ ਦਾ ਪ੍ਰਬੰਧ ਤੰਤਰ ਜਾਂ ਬਿਜਲਈ ਮੀਡੀਆ ਦੀ ਸੈਂਸਰਸ਼ਿਪ ਜਾਂ ਆਵਾਜਾਈ ਦੀਆਂ ਪਾਲਾਂ। ਪਰ ਇਨ੍ਹਾਂ ਉਦੇਸ਼ਾਂ ਦੀਆਂ ਚੰਗਿਆਈਆਂ ਨੂੰ ਧਿਆਨ ਵਿਚ ਲਿਆਏ ਬਿਨਾਂ, ਅਸੀਂ ਇਸ ਗੱਲ 'ਤੇ ਸਹਿਮਤ ਹੋ ਸਕਦੇ ਹਾਂ ਕਿ ਸਾਡੇ ਵਿਚ ਵਰਣਿਤ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੀ ਕਾਬਲੀਅਤ ਹੋਣੀ ਚਾਹੀਦੀ ਹੈ। ਪਿਛਲੇ ਦਹਾਕਿਆਂ ਵਿਚ ਨਿਯੰਤ੍ਰਣ ਨੂੰ ਖਤਮ ਕਰਨ, ਪਰਮਿਟ ਰਾਜ ਪ੍ਰਣਾਲੀ ਨੂੰ ਖਤਮ ਕਰਨ ਅਤੇ ਉਸ ਉਦਯੋਗਿਕ ਨੀਤੀ ਨੂੰ ਖਤਮ ਕਰਨ 'ਤੇ ਵਧੇਰੇ ਜ਼ੋਰ ਰਿਹਾ ਜਿਸ ਤਹਿਤ ਸਰਕਾਰ ਤੈ ਕਰਦੀ ਸੀ ਕਿ ਕਿਹੜੇ ਉਦਯੋਗ ਜਾਂ ਤਕਨੀਕਾਂ ਵਧੀਆ ਹਨ। ਸਹੀ ਮਾਮਲਿਆਂ ਵਿਚ ਉਨ੍ਹਾਂ ਨੀਤੀਆਂ ਤੋਂ ਪੂਰੀ ਤਰ੍ਹਾਂ ਪਿੱਛੇ ਹਟਣ ਦੀ ਜ਼ਰੂਰਤ ਹੈ ਜਿਹੜੀਆਂ ਗਲਤ ਉਦੇਸ਼ਾਂ ਪ੍ਰਤਿ ਸੇਧਿਤ ਸਨ। ਪਰ, ਅੱਜ ਚੁਨੌਤੀ ਸਿਰਫ਼ ਨਿਯੰਤ੍ਰਣ ਮੁਕਤ ਕਰਨ ਦੀ ਹੀ ਨਹੀਂ ਹੈ ਸਗੋਂ ਕਲਮ ਦੀ ਨੋਕ ਦੁਆਰਾ ਕੀਤੇ ਜਾਣ ਵਾਲੇ ਸੁਧਾਰ ਵੀ ਹਨ ਜਿਹੜੇ ਕਾਨੂੰਨਾਂ ਦਾ ਖ਼ਾਤਮਾ ਕਰਦੇ ਹਨ ਅਤੇ ਵਰਤਮਾਨ ਸਰਕਾਰੀ ਅਦਾਰਿਆਂ ਨੂੰ ਬੰਦ ਕਰਨ ਵਾਲੇ ਹਨ। ਰਾਜ ਕੋਲ ਸੁਰੱਖਿਆ ਵਰਗੀਆਂ ਮੂਲ ਜਨਤਕ ਸੇਵਾਵਾਂ ਤੋਂ ਬਚ ਨਿਕਲਣ ਦਾ ਕੋਈ ਰਾਹ ਨਹੀਂ। ਸਿਰਫ਼ ਸਰਕਾਰ ਹੀ ਅਪਰਾਧਿਕ ਨਿਆਂ ਪ੍ਰਣਾਲੀ, ਸੁਰੱਖਿਆ ਸੈਨਾਵਾਂ ਅਤੇ ਅੰਤਰ-ਰਾਸ਼ਟਰੀ ਸੰਬੰਧਾਂ ਨੂੰ ਵਿਕਸਤ ਅਤੇ ਸੰਚਾਲਿਤ ਕਰ ਸਕਦੀ ਹੈ। ਸਿਰਫ਼ ਸਰਕਾਰ ਹੀ ਤਿੰਨ ਬਾਜ਼ਾਰੀ ਅਸਫਲਤਾਵਾਂ – ਬਾਹਰੀ, ਬਾਜ਼ਾਰ ਸ਼ਕਤੀ ਅਤੇ ਅਸਾਵੀਂ ਜਾਣਕਾਰੀ 'ਤੇ ਕਾਬੂ ਪਾ ਸਕਦੀ ਹੈ। ਇਨ੍ਹਾਂ ਖੇਤਰਾਂ ਵਿਚ ਇਕ ਪ੍ਰਭਾਵੀ ਸਰਕਾਰ ਦੀ ਭੂਮਿਕਾ ਬੇਹੱਦ ਜ਼ਰੂਰੀ ਹੈ। ਹਰੇਕ ਸਭਿਅਕ ਦੇਸ਼ ਵਿਚ ਇਕ ਯੋਗ ਸਰਕਾਰ ਹੁੰਦੀ ਹੈ ਜਿਹੜੀ ਇਹ ਕੰਮ ਕਰਦੀ ਹੈ ਅਤੇ ਨਾਗਰਿਕਾਂ ਦੀ ਆਜ਼ਾਦੀ ਨਾਲ ਦਖ਼ਲਅੰਦਾਜ਼ੀ ਕਰਨ ਤੋਂ ਬਚਦੀ ਹੈ। ਰਾਜ ਦੀ ਸਮਰੱਥਾ ਦੀ ਚੁਨੌਤੀ ਹੈ ਕਿ ਨਿਪੁੰਨਤਾ ਨਾਲ ਖਰਚੇ ਨੂੰ ਜਨਤਕ ਸੇਵਾਵਾਂ ਦੇ ਨਤੀਜਿਆਂ ਵਿਚ ਤਬਦੀਲ ਕਰਨਾ ਅਤੇ ਅਣਚਾਹੇ ਸਿੱਟਿਆਂ ਤੋਂ ਬਚਣਾ।

ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਭਾਰਤ ਵਿਚ ਬਹੁਤ ਹੀ ਆਧੁਨਿਕ ਸੋਚ ਵਿਚਾਰ ਅਤੇ ਨੀਤੀ ਵਿਚਾਰਾਂ ਹੋ ਰਹੀਆਂ ਹਨ। ਅੱਜ ਬੰਧਨਕਾਰੀ ਮਜਬੂਰੀ ਰਾਜ ਦੀ ਸਮਰੱਥਾ ਦੀ ਹੈ ਜਿਸ ਦੀ ਵਿਆਖਿਆ ਉਦੇਸ਼ਾਂ ਅਤੇ ਸਰੋਤਾਂ ਨੂੰ ਨਤੀਜਿਆਂ ਵਿਚ ਬਦਲਣ ਦੀ ਸਮਰੱਥਾ ਵਜੋਂ ਕੀਤੀ ਜਾ ਸਕਦੀ ਹੈ। ਜਿਵੇਂ ਕਿ ਪ੍ਰਿਟਚੈਟ (2009) ਕਹਿੰਦਾ ਹੈ, *'ਮੈਂ ਸਹਿਮਤ ਹਾਂ ਕਿ ਭਾਰਤ ਅੱਜ ਇਕ ਘਿਸਰਦਾ ਹੋਇਆ ਦੇਸ਼ ਹੈ – ਇਕ ਅਜਿਹਾ ਦੇਸ਼ ਜਿਸ ਦਾ ਮੁਖੀ, ਜੋ ਰਾਸ਼ਟਰੀ (ਕੁੱਝ ਮਾਮਲਿਆਂ ਵਿਚ ਰਾਜ ਪੱਧਰ 'ਤੇ ਵੀ) ਕੁਲੀਨ ਸੰਸਥਾਵਾਂ ਦੇ ਪੱਧਰ 'ਤੇ ਤਕੜਾ ਅਤੇ ਵਿਅਸਤ ਰਹਿੰਦਾ ਹੈ ਪਰ ਇਹ ਮੁਖੀ ਹੁਣ ਭਰੋਸੇ ਯੋਗ ਤੌਰ ਤੇ ਨਾੜੀਆਂ ਅਤੇ ਆਂਤੜੀਆਂ ਦੁਆਰਾ ਆਪਣੇ ਅੰਗਾਂ ਨਾਲ ਜੁੜਿਆ ਹੋਇਆ ਨਹੀਂ ਹੈ।"* ਜਨਤਕ ਨੀਤੀ ਸੰਵਾਦ ਦੇ ਸਾਰੇ ਮੁੱਖ ਪਾਤਰ ਇਸ ਗੱਲ 'ਤੇ ਸਹਿਮਤ ਹੋਣਗੇ ਕਿ ਲਾਗੂ ਕਰਨ ਦੀਆਂ ਕਮੀਆਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ, ਜੋ ਭਾਰਤ ਦੇਸ਼ ਨੂੰ ਪੀੜਾ ਦੇ ਰਹੀਆਂ ਹਨ।

ਮਿਸਾਲ ਦੇ ਤੌਰ ਤੇ, ਬੁਨਿਆਦੀ ਢਾਂਚੇ ਦੀ ਗੱਲ ਕਰ ਸਕਦੇ ਹਾਂ। ਢਾਂਚੇ ਬਾਰੇ ਪੁਰਾਣੀ ਬਹਿਸ ਜਨਤਕ ਬਨਾਮ ਨਿੱਜੀ ਢਾਂਚੇ ਦੀਆਂ ਸੇਵਾਵਾਂ ਦੇ ਉਤਪਾਦਨ ਬਾਰੇ ਸੀ। ਢਾਂਚੇ ਦਾ ਵੱਡਾ ਹਿੱਸਾ, ਅਸਲ ਵਿਚ ਨਿੱਜੀ ਫਰਮਾਂ ਦੁਆਰਾ ਬਣਾਇਆ ਅਤੇ ਚਲਾਇਆ ਜਾ ਸਕਦਾ ਹੈ – ਪਰ ਇੱਛਿਤ ਨਤੀਜੇ ਤਾਂ ਹੀ ਮਿਲਣਗੇ ਜੇ ਸਰਕਾਰ ਯੋਜਨਾਬੰਦੀ, ਇਕਰਾਰਾਂ ਅਤੇ ਨਿਯਮਾਂ ਦੇ ਪੱਧਰਾਂ 'ਤੇ ਪੂਰੀ ਉਤਰੇ। ਸਰਕਾਰੀ ਤੰਤਰ ਕੋਲ ਢਾਂਚਾਗਤ ਵਿਕਾਸ ਲਈ ਤਰਕਸੰਗਤ ਯੋਜਨਾ ਬਣਾਉਣ, ਮਜ਼ਬੂਤ ਠੇਕੇ ਦੇਣ ਜੋ ਨਿੱਜੀ ਫਰਮਾਂ ਦੇ ਵਿਵਹਾਰ ਨੂੰ ਠੀਕ ਰੱਖਣ, ਇਕ ਵਾਰ ਠੇਕਾ ਦਿਤਾ ਜਾਵੇ ਅਤੇ ਕੰਮ ਪੂਰਾ ਹੋ ਜਾਵੇ ਤਾਂ ਨਿੱਜੀ ਫਰਮਾਂ ਨੂੰ ਨਿਯਮਿਤ ਕਰਨ ਦੇ ਕੰਮ ਤੋਂ ਭੱਜ ਨਹੀਂ ਸਕਦਾ। ਭਾਰਤ ਦੇ ਢਾਂਚਾਗਤ ਵਿਕਾਸ ਦੀਆਂ ਤਕਰੀਬਨ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਰਾਜ ਦੀ ਯੋਜਨਾਬੰਦੀ, ਠੇਕੇ ਦੇਣ ਅਤੇ ਨਿਯੰਤ੍ਰਣ ਦੀਆਂ ਕਮੀਆਂ ਵਿਚ ਹੈ। ਜਦੋਂ ਯੋਜਨਾਬੰਦੀ, ਠੇਕੇ ਦੇਣ ਅਤੇ ਨਿਯੰਤ੍ਰਣ ਵਿਚ ਕਮੀਆਂ ਹੋਣ ਤਾਂ ਜਨਤਕ-ਨਿੱਜੀ ਭਾਈਵਾਲੀ ਮਾਡਲ ਜੋ ਨਤੀਜੇ ਦੇਵੇਗਾ, ਉਹ ਪਹਿਲਾਂ ਦੇ ਰਾਜ ਕੇਂਦਰਿਤ ਸਿਧਾਂਤ ਦੇ ਨਤੀਜਿਆਂ ਨਾਲੋਂ ਕਿਤੇ ਮਾੜੇ ਹੋਣਗੇ।

ਜ਼ਿਆਦਾਤਰ ਲੋਕ ਇਸ ਗੱਲ ਨਾਲ ਸਹਿਮਤ ਹਨ ਕਿ ਸਰਕਾਰ ਨੂੰ ਅੰਡੇ ਅਤੇ ਮੀਟ ਦੀ ਪੂਰਤੀ ਲੜੀ ਵਿਚੋਂ ਬੈਕਟੀਰੀਆ ਨੂੰ ਦੂਰ ਕਰਨਾ ਚਾਹੀਦਾ ਹੈ। ਪਰ ਇਕ ਵਾਰ ਅਜਿਹੇ ਉਦੇਸ਼ 'ਤੇ ਸਹਿਮਤੀ ਬਣ ਜਾਵੇ ਅਤੇ ਸਰੋਤਾਂ ਦੀ ਭਾਲ ਕਰ ਲਈ ਜਾਵੇ ਤਾਂ ਸਵਾਲ ਇਹ ਖੜ੍ਹਾ ਹੋ ਜਾਂਦਾ ਹੈ ਕਿ ਸਰਕਾਰ ਨੂੰ ਕਿਵੇਂ ਸੰਗਠਿਤ ਕੀਤਾ ਜਾਵੇ ਤਾਂ ਜੋ ਉਦੇਸ਼ਾਂ ਅਤੇ ਸਰੋਤਾਂ ਨੂੰ ਨਤੀਜਿਆਂ ਵਿਚ ਬਦਲਿਆ ਜਾ ਸਕੇ। ਭਾਰਤ ਵਿਚ ਇਹ ਅੱਜ

ਸਭ ਤੋਂ ਵੱਡੀ ਰੁਕਾਵਟ ਹੈ। ਇਸ ਲੇਖ ਵਿਚ ਅਸੀਂ ਵਿਚਾਰ ਕਰਾਂਗੇ ਕਿ ਰਾਜ ਦੀ ਸਮਰੱਥਾ ਨੂੰ ਕਿਵੇਂ ਵਿਕਸਤ ਕੀਤਾ ਜਾ ਸਕਦਾ ਹੈ।

## ਬਲੈਕ ਬਾਕਸ ਵਿਚਾਰ

ਸੰਖੇਪ ਵਿਚ, ਹਰੇਕ ਸੰਗਠਨ ਨੂੰ ਅਜਿਹਾ ਚਿਤਵਿਆ ਜਾ ਸਕਦਾ ਹੈ ਜਿਸ ਕੋਲ ਅਜਿਹੀ ਰਹਿਨੁਮਾਈ ਹੋਵੇ ਜੋ ਸਰੋਤਾਂ ਨੂੰ ਉਦੇਸ਼ਾਂ ਦੀ ਪ੍ਰਾਪਤੀ ਲਈ ਵਰਤਣ ਦੀ ਕਾਬਲੀਅਤ ਰੱਖਦੀ ਹੋਵੇ। ਸੰਗਠਨ ਕੰਮ ਕਰ ਪਾਵੇਗਾ ਜੇ ਦੋ ਮਾਪਦੰਡਾਂ 'ਤੇ ਖਰਾ ਉੱਤਰੇ :

1. ਕੀ ਸੰਸਥਾ ਦੀ ਰਹਿਨੁਮਾਈ ਸਰੋਤਾਂ ਦੀ ਵਰਤੋਂ ਦੇ ਮਾਮਲੇ ਵਿਚ ਪੂਰਾ ਨਿਯੰਤ੍ਰਣ ਰੱਖਦੀ ਹੈ?

2. ਕੀ ਲੀਡਰਸ਼ਿਪ (ਰਹਿਨੁਮਾਈ) ਜਵਾਬਦੇਹ ਹੈ?

ਇਕ ਜਵਾਬਦੇਹ ਲੀਡਰਸ਼ਿਪ, ਜੋ ਸੰਸਥਾ ਨੂੰ ਆਪਣੇ ਅਧਿਕਾਰ ਹੇਠ ਰੱਖਦੀ ਹੈ, ਸਫਲਤਾਵਾਂ ਅਤੇ ਅਸਫਲਤਾਵਾਂ ਪ੍ਰਤਿ ਜਾਗਰੂਕ ਹੋਵੇਗੀ ਤਾਂ ਕਿ ਇੱਛਿਤ ਨਤੀਜੇ ਪ੍ਰਾਪਤ ਕੀਤੇ ਜਾ ਸਕਣ। ਇਸ ਨਾਲ ਜਵਾਬਦੇਹੀ ਲਈ ਪ੍ਰੇਰਨਾ ਮਿਲਦੀ ਹੈ ਅਤੇ ਅਮਲ ਸੰਬੰਧੀ ਪ੍ਰੇਰਨਾ ਵੀ।

## ਚੋਣਾਂ, ਵਿਧਾਨ ਮੰਡਲ ਅਤੇ ਨਿਆਂਪਾਲਿਕਾ ਦੁਆਰਾ ਜਵਾਬਦੇਹੀ

ਕਿਸੇ ਵੀ ਠੀਕ ਤਰ੍ਹਾਂ ਕੰਮ ਕਰ ਰਹੇ ਲੋਕਤੰਤਰ ਵਿਚ ਜਵਾਬਦੇਹੀ ਦਾ ਇਕ ਲੰਮਾ ਰਸਤਾ ਹੁੰਦਾ ਹੈ ਜੋ ਚੋਣਾਂ, ਵਿਧਾਨਮੰਡਲ ਅਤੇ ਨਿਆਂਪਾਲਿਕਾ ਰਾਹੀਂ ਕੰਮ ਕਰਦਾ ਹੈ। ਰਾਜ ਕਰ ਰਹੇ ਪ੍ਰਬੰਧਨ ਦੀ ਚੋਣਾਂ ਵਿਚ ਜਵਾਬਦੇਹੀ ਹੁੰਦੀ ਹੈ। ਇਕ ਬਹੁਤ ਹੀ ਕਮਜ਼ੋਰ ਪ੍ਰਣਾਲੀ ਹੈ ਜਿਸ ਰਾਹੀਂ ਕਿਸੇ ਵੀ ਮੰਤਰਾਲਾ ਦੀ ਕਾਰਗੁਜ਼ਾਰੀ ਮੰਤਰੀ ਦੀ ਨੌਕਰੀ ਦੀ ਸੁਰੱਖਿਆ ਨੂੰ ਪ੍ਰਭਾਵਤ ਕਰਦਾ ਹੈ। ਵਿਧਾਨ ਮੰਡਲ ਕਾਰਜਕਾਰਨੀ 'ਤੇ ਜ਼ਰੂਰੀ ਰੋਕਾਂ ਅਤੇ ਨਿਗਰਾਨੀ ਬਣਾ ਕੇ ਰੱਖਦਾ ਹੈ (ਕਪੂਰ ਅਤੇ ਮਹਿਤਾ, 2006)। ਨਿਆਂਪਾਲਿਕਾ ਕਾਨੂੰਨ ਦੇ ਰਾਜ ਦੀ ਉਲੰਘਣਾ ਨੂੰ ਰੋਕਦੀ ਹੈ ਜੋ ਬਣਾਏ ਗਏ ਕਾਨੂੰਨਾਂ ਅਨੁਸਾਰ ਹੁੰਦਾ ਹੈ।

ਫਿਰ ਵੀ, ਜਵਾਬਦੇਹੀ ਦਾ ਇਹ ਲੰਮਾ ਰਸਤਾ ਜਵਾਬਦੇਹੀ ਦਾ ਬਿਖਰਿਆ ਹੋਇਆ ਰੂਪ ਹੈ। ਕਿਸੇ ਵੀ ਮੰਤਰਾਲਾ ਜਾਂ ਜਨਤਕ ਅਦਾਰੇ ਵਿਚ ਕੰਮ ਕਰ ਰਹੇ ਵਿਅਕਤੀ 'ਤੇ ਆਉਣ ਵਾਲੀਆਂ ਪਾਰਲੀਮਾਨੀ ਚੋਣਾਂ ਦਾ ਬਹੁਤ ਘੱਟ ਦਬਾਅ ਹੁੰਦਾ ਹੈ। ਜਦ ਤਕ ਕਾਨੂੰਨ ਦੀ ਪ੍ਰਤੱਖ ਰੂਪ ਵਿਚ ਉਲੰਘਣਾ ਨਾ ਹੋਵੇ, ਨਿਆਂਪਾਲਿਕਾ ਕਾਰਜਕਾਰੀ ਵਿਵੇਕ, ਖ਼ਾਸ ਕਰਕੇ 'ਤਜਰਬੇਕਾਰ ਸੰਸਥਾ ਸਿਧਾਂਤ' ਰਾਹੀਂ ਉਸ ਦਾ ਪੂਰਾ ਸਨਮਾਨ ਕਰਦੀ ਹੈ।

**ਵਿਧਾਨ ਮੰਡਲ ਅਤੇ ਨਿਆਂਪਾਲਿਕਾ ਦੀ ਕਾਰਜ ਪ੍ਰਣਾਲੀ ਵਿਚ ਸੁਧਾਰ ਨਾਲ ਬਿਨਾ ਸ਼ੱਕ ਜਵਾਬਦੇਹੀ ਵਿਚ ਸੁਧਾਰ ਆਵੇਗਾ, ਜਿਸ ਨਾਲ ਰਾਜ ਦੀ ਸਮਰੱਥਾ ਵਿਚ ਵੀ ਵਾਧਾ ਹੋਵੇਗਾ। ਇਸ ਲੇਖ ਵਿਚ ਅਸੀਂ ਵਿਧਾਨ ਮੰਡਲ ਅਤੇ ਨਿਆਂਪਾਲਿਕਾ ਦੇ ਕੰਮ ਕਰਨ ਦੇ ਤਰੀਕੇ ਬਾਰੇ ਵਿਚਾਰ ਕਰਾਂਗੇ ਅਤੇ ਉਨ੍ਹਾਂ ਰਣਨੀਤੀਆਂ 'ਤੇ ਧਿਆਨ ਕੇਂਦਰਿਤ ਕਰਾਂਗੇ ਜੋ ਜਨਤਕ ਪ੍ਰਬੰਧਨ ਦੁਆਰਾ ਕਾਰਗੁਜ਼ਾਰੀ ਨੂੰ ਸੁਧਾਰਨ ਲਈ ਲਾਹੇਵੰਦ ਹਨ। ਇਹ ਵਿਚਾਰ ਤਿੰਨਾਂ – ਵਿਧਾਨ ਮੰਡਲ, ਕਾਰਜਕਾਰਨੀ ਅਤੇ ਨਿਆਂਪਾਲਿਕਾ ਲਈ ਬੇਸ਼ਕੀਮਤੀ ਹੋਣਗੇ।**

## ਭੂਮਿਕਾ ਅਤੇ ਕੰਮ ਸੌਂਪਣ ਦੇ ਸਿਧਾਂਤ

*4.1 ਪੀ1 ਵੱਧ ਤੋਂ ਵੱਧ ਹੱਦ ਤਕ ਉਨ੍ਹਾਂ ਸਮੱਸਿਆਵਾਂ ਬਾਰੇ ਜਾਣਨਾ ਜੋ ਸਰਕਾਰੀ ਵਿਭਾਗਾਂ ਤੋਂ ਬਾਹਰ ਸੌਂਪੀਆਂ ਜਾ ਸਕਦੀਆਂ ਹਨ*

ਜਵਾਬਦੇਹੀ ਵਧਾਉਣ ਲਈ ਸਾਨੂੰ ਸਮੱਸਿਆਵਾਂ ਦਾ ਹੱਲ ਤਲਾਸ਼ਣਾ ਹੋਵੇਗਾ। ਮਿਸਾਲ ਦੇ ਤੌਰ ਤੇ, ਇਕ ਸਮੱਸਿਆ ਜਿਵੇਂ ਸ਼ੁੱਧਤਾ ਅਤੇ ਪੂਰੇ ਦਬਾਅ 'ਤੇ 24 ਘੰਟੇ ਪਾਣੀ ਦੀ ਪੂਰਤੀ ਦੇਣਾ, ਨਾਲ ਸਰਕਾਰ ਤੋਂ ਇਕ ਏਜੰਟ ਨੂੰ ਠੇਕਾ ਦੇਣਾ ਸੰਭਵ ਬਣਾਉਂਦੀ ਹੈ। ਏਜੰਟ ਨੂੰ ਅਗਲੀਆਂ ਆਮ ਚੋਣਾਂ ਜਿੱਤਣ ਵਿਚ ਕੋਈ ਦਿਲਚਸਪੀ ਨਹੀਂ ਵੀ ਹੋ ਸਕਦੀ। ਇਹ ਇਕ ਉਪ-ਸਮੱਸਿਆ 'ਤੇ ਕੇਂਦਰਿਤ ਹੈ ਜੋ ਠੇਕੇ ਦੇਣ ਦੀਆਂ ਸ਼ਰਤਾਂ ਵਿਚ ਸ਼ਾਮਿਲ ਕੀਤੀ ਗਈ ਹੈ। ਇਸ ਨੂੰ ਉਸ ਇਕ ਸਮੱਸਿਆ ਦੇ ਹੱਲ ਲਈ ਜਵਾਬਦੇਹ ਬਣਾਇਆ ਜਾਂਦਾ ਹੈ।

ਜਨਤਕ ਸੰਸਥਾਵਾਂ ਉਦੋਂ ਵਧੀਆ ਕੰਮ ਕਰਦੀਆਂ ਹਨ ਜਦੋਂ ਸਮੱਸਿਆ ਸਪੱਸ਼ਟ ਰੂਪ ਵਿਚ ਪੇਸ਼ ਕੀਤੀ ਗਈ ਹੋਵੇ। ਉਦਾਹਰਣ ਲਈ, ਇਕ ਕੇਂਦਰੀ ਬੈਂਕ ਨੂੰ ਮਹਿੰਗਾਈ ਦਰ ਦੇ ਟੀਚੇ ਦੇ ਦੁਆਲੇ ਸੰਗਠਿਤ ਕੀਤਾ ਜਾ ਸਕਦਾ ਹੈ। ਏਜੰਟ, ਮਤਲਬ ਕੇਂਦਰੀ ਬੈਂਕ ਨੂੰ 4 ਪ੍ਰਤਿਸ਼ਤ ਉਪਭੋਗਤਾ ਕੀਮਤ ਸੂਚੀ ਮਹਿੰਗਾਈ ਦਾ ਟੀਚਾ ਦਿਤਾ ਜਾਂਦਾ ਹੈ ਅਤੇ ਅਸਫਲਤਾ ਦੀ ਸੂਰਤ ਵਿਚ ਕੁੱਝ ਜੁਰਮਾਨਾ ਵੀ ਲਾਇਆ ਜਾਂਦਾ ਹੈ। ਇਸ ਨਾਲ ਜਵਾਬਦੇਹੀ ਪੈਦਾ ਹੁੰਦੀ ਹੈ। ਇਸ ਦੇ ਉਲਟ, ਜੇ ਕਿਸੇ ਕੇਂਦਰੀ ਬੈਂਕ ਦੇ ਉਦੇਸ਼ ਹੀ ਸਪੱਸ਼ਟ ਨਹੀਂ ਹਨ ਤਾਂ ਅਸਫਲਤਾ ਦਾ ਵਾਤਾਵਰਨ ਪੈਦਾ ਹੋ ਜਾਂਦਾ ਹੈ।

ਪ੍ਰਬੰਧਨ ਦਾ ਬੁਨਿਆਦੀ ਸਿਧਾਂਤ ਹੈ ਕਿ ਇਕ ਉਦੇਸ਼ ਹੋਵੇ, ਕਾਰਗੁਜ਼ਾਰੀ ਦਾ ਮੁੱਲੰਕਣ ਕੀਤਾ ਜਾਵੇ ਅਤੇ ਸਫਲਤਾਵਾਂ/ਅਸਫਲਤਾਵਾਂ ਦੇ ਸਿੱਟੇ ਹੋਣ। ਇਹ ਸਰਕਾਰ ਦੇ ਮੁੱਖ ਢਾਂਚੇ ਵਿਚ ਅਸੰਭਵ ਹੈ। ਸਰਕਾਰ ਦੇ ਮੁੱਖ ਢਾਂਚੇ ਦੇ ਅੰਦਰ ਰਣਨੀਤੀ ਇਹ ਹੋਣੀ ਚਾਹੀਦੀ ਹੈ ਜਿਸ ਨਾਲ ਸਾਰੀਆਂ ਉਪ-ਸਮੱਸਿਆਵਾਂ ਨੂੰ ਰੇਖਾਂਕਿਤ ਕੀਤਾ ਜਾ ਸਕੇ, ਜਿਥੇ ਇਕ ਏਜੰਟ ਨੂੰ ਠੇਕੇ ਦਿਤੇ ਜਾ ਸਕਣ – ਨਿੱਜੀ ਫਰਮ ਨੂੰ ਜਾਂ ਜਨਤਕ ਅਦਾਰੇ ਨੂੰ, ਇਸ ਨਾਲ ਸਮੱਸਿਆਵਾਂ ਘੱਟ ਤੋਂ ਘੱਟ ਰਹਿ ਜਾਣਗੀਆਂ। ਜਿਥੇ ਠੇਕਾ ਦੇਣਾ ਸੰਭਵ ਨਾ ਹੋਵੇ ਤਾਂ ਇਹ ਸਰਕਾਰ ਲਈ ਛੱਡ ਦੇਣਾ ਚਾਹੀਦਾ ਹੈ, ਜਿਥੇ ਸਾਨੂੰ ਜਵਾਬਦੇਹੀ ਦਾ ਲੰਮਾ ਰਸਤਾ ਤੈ ਕਰਨਾ ਪਵੇਗਾ। ਅਸਲ ਜ਼ਿੰਦਗੀ ਵਿਚ ਰਾਜਨੀਤੀ ਜਟਿਲ, ਆਪਸ ਵਿਚ ਟਕਰਾਉਣ ਵਾਲੇ ਉਦੇਸ਼ਾਂ ਦਾ ਖੇਤਰ ਹੈ। ਸਪੱਸ਼ਟ ਉਦੇਸ਼ ਨਿਸ਼ਚਤ ਕਰਨੇ ਸੌਖਾ ਕੰਮ ਨਹੀਂ। ਸਰਕਾਰੀ ਵਿਭਾਗਾਂ ਵਿਚ ਜਨਤਕ ਪ੍ਰਬੰਧਨ ਦਾ ਕੰਮ ਧੁੰਦ ਵਿਚੋਂ ਨਿਕਲਣ ਦੇ ਬਰਾਬਰ ਹੈ ਅਤੇ ਸਮੱਸਿਆਵਾਂ ਦੀ ਸੂਚੀ ਬਾਹਰ ਲੈ ਕੇ ਆਉਣਾ ਹੈ ਜਿਨ੍ਹਾਂ ਨੂੰ ਫਿਰ ਠੇਕੇ 'ਤੇ ਦਿਤਾ ਜਾ ਸਕਦਾ ਹੈ ਜਿਸ ਨਾਲ ਸਰਕਾਰ ਦੇ ਮੁੱਖ ਢਾਂਚੇ ਵਿਚ ਜ਼ਿਆਦਾ ਕੁੱਝ ਕਰਨ ਨੂੰ ਨਹੀਂ ਬਚੇਗਾ। ਅੰਤਰਰਾਸ਼ਟਰੀ ਸੰਵਾਦ ਅਨੁਸਾਰ ਠੇਕੇ 'ਤੇ ਕੰਮ ਦੇਣਾ ਜਵਾਬਦੇਹੀ ਦੇ ਪੱਖ ਤੋਂ ਵਧੀਆ ਹੈ। ਨਾਲ ਹੀ ਨਾਲ ਭਾਰਤ ਵਿਚ ਠੇਕੇ 'ਤੇ ਦੇਣਾ ਸਗੋਂ ਵਧੀਆ ਹੈ ਕਿਉਂਕਿ ਸਾਡੀ ਸਰਕਾਰ ਵਿਚ ਮਨੁੱਖੀ ਸਰੋਤ ਅਤੇ ਪ੍ਰਬੰਧਨ ਦੀਆਂ ਸਮੱਸਿਆਵਾਂ ਸਭ ਤੋਂ ਜ਼ਿਆਦਾ ਹਨ ਜਿਨ੍ਹਾਂ ਨੂੰ ਬਾਹਰੀ ਸੰਸਥਾਵਾਂ, ਜੋ ਜਨਤਕ ਜਾਂ ਨਿੱਜੀ ਖੇਤਰ ਵਿਚ ਹਨ, ਰਾਹੀਂ ਹੱਲ ਕੀਤਾ ਜਾ ਸਕਦਾ ਹੈ।

*4.2 ਪੀ2 ਠੇਕੇ 'ਤੇ ਦੇਣ ਤੋਂ ਪਹਿਲਾਂ*

*ਰਾਜਨੀਤਕ ਵਿਚਾਰਾਂ ਨੂੰ ਪਹਿਲ*

ਜਦੋਂ ਮੁੱਖ ਧਿਰ ਇਕ ਸਪੱਸ਼ਟ ਉਦੇਸ਼ ਨਿਸ਼ਚਤ ਕਰਦੀ ਹੈ ਜੋ ਏਜੰਟ ਨੇ ਪੂਰਾ ਕਰਨਾ ਹੈ ਤਾਂ ਉਸ ਉਦੇਸ਼ ਨੂੰ ਸਪੱਸ਼ਟ ਕਰਨ ਤੋਂ ਪਹਿਲਾਂ ਰਾਜਨੀਤਕ ਵਿਚਾਰ ਚਰਚਾ ਜ਼ਰੂਰੀ ਹੈ। ਉਦਾਰਣ ਵਜੋਂ, ਰਾਸ਼ਟਰੀ ਜਰਨੈਲੀ ਸੜਕ ਦੀ ਯੋਜਨਾਬੰਦੀ ਤੋਂ ਪਹਿਲਾਂ ਰਾਜਨੀਤਕ ਵਿਚਾਰ ਚਰਚਾ ਬਿਲਕੁਲ ਨੈਤਿਕ ਅਤੇ ਜ਼ਰੂਰੀ ਹੁੰਦੀ ਹੈ। ਇਸ ਕਰਕੇ, ਕਿਹੜੇ ਰਾਸ਼ਟਰੀ ਮਾਰਗ ਬਣਾਏ ਜਾਣੇ ਹਨ, ਇਨ੍ਹਾਂ ਦਾ ਨਿਰਣਾ ਰਾਜਨੀਤਕ ਨਿਯੰਤ੍ਰਣ ਹੇਠ ਮਤਲਬ ਮੰਤਰਾਲਾ 'ਤੇ ਛੱਡ ਦੇਣਾ ਚਾਹੀਦਾ ਹੈ।

ਜਦੋਂ, ਮੰਨ ਲਓ ਮੁੰਬਈ ਤੋਂ ਕੋਲਕਾਤਾ ਤਕ ਰਾਸ਼ਟਰੀ ਮਾਰਗ ਬਣਾਉਣ ਦਾ ਫੈਸਲਾ ਹੋ ਗਿਆ ਤਾਂ ਇਹ ਕੰਮ ਇਕ ਜਨਤਕ ਸੰਸਥਾ, ਜਿਵੇਂ ਭਾਰਤੀ ਰਾਸ਼ਟਰੀ ਹਾਈਵੇਅ ਅਥਾਰਿਟੀ ਨੂੰ ਦਿਤਾ ਜਾ ਸਕਦਾ ਹੈ ਜੋ ਠੇਕੇ ਦੇ ਕੇ ਕਿਸੇ ਨਿੱਜੀ ਫਰਮ ਨੂੰ ਠੇਕੇ ਦੇ ਕੇ ਰਾਸ਼ਟਰੀ ਮਾਰਗ ਬਣਾਉਣ ਦਾ ਕੰਮ ਸ਼ੁਰੂ ਕਰ ਸਕਦੀ ਹੈ।

ਜੇ ਏਜੰਟ ਨੂੰ ਰਾਜਨੀਤਕ ਉਦੇਸ਼ ਦੇ ਦਿਤੇ ਜਾਣ, ਉਦਾਹਰਣ ਲਈ ਐੱਨ ਐੱਚ ਏ ਆਈ ਨੂੰ ਇਹ ਅਧਿਕਾਰ ਦੇ ਦਿਤਾ ਜਾਵੇ ਕਿ ਕਿਹੜਾ ਰਾਸ਼ਟਰੀ ਸ਼ਾਹਰਾਹ ਬਣਾਉਣਾ ਹੈ ਤਾਂ ਇਸ ਨਾਲ ਪ੍ਰਬੰਧਨ ਵਿਚ ਟਕਰਾਅ ਪੈਦਾ ਹੋਣਗੇ ਅਤੇ ਜਵਾਬਦੇਹੀ ਘਟੇਗੀ। ਰਾਜਨੀਤਕ ਠੀਕ ਹੀ ਏਜੰਟ ਦੇ ਕੰਮਕਾਰ ਵਿਚ ਦਖ਼ਲ ਦੇਣਗੇ। ਜਵਾਬਦੇਹੀ ਖ਼ਤਮ ਹੋ ਜਾਵੇਗੀ ਕਿਉਂਕਿ ਏਜੰਟ ਦੀ ਲੀਡਰਸ਼ਿਪ ਆਖੇਗੀ ਕਿ ਉਸ ਦੇ ਕੰਮ ਵਿਚ ਰਾਜਨੀਤਕ ਦਖ਼ਲਅੰਦਾਜ਼ੀ ਹੋ ਰਹੀ ਹੈ।

ਰਾਜਨੀਤਕ ਉਦੇਸ਼ਾਂ ਲਈ ਲੋੜਾਂ ਦੇ ਚੁਣੇ ਹੋਏ ਪ੍ਰਤਿਨਿਧਾਂ ਦੇ ਫ਼ੈਸਲੇ ਦੀ ਲੋੜ ਹੁੰਦੀ ਹੈ। ਰਾਜਨੀਤਕ ਲੋਕ ਵੱਖ-ਵੱਖ ਧਿਰਾਂ ਦੇ ਹਿਤਾਂ ਬਾਰੇ ਸੁਣਨ ਅਤੇ ਰਾਜਨੀਤਕ ਫ਼ੈਸਲੇ ਲੈਣ ਦੇ ਸਮਰੱਥ ਹੁੰਦੇ ਹਨ ਕਿਉਂਕਿ ਉਹ ਚੋਣਾਂ ਵਿਚ ਜਵਾਬਦੇਹ ਹੁੰਦੇ ਹਨ। ਇਹ ਫ਼ੈਸਲੇ ਵਜ਼ਾਰਤ ਵਲੋਂ ਲਏ ਜਾਣੇ ਚਾਹੀਦੇ ਹਨ ਅਤੇ ਆਮ ਤੌਰ ਤੇ ਠੇਕੇ 'ਤੇ ਨਹੀਂ ਦਿਤੇ ਜਾਣੇ ਚਾਹੀਦੇ। ਵੱਖ-ਵੱਖ ਸਮੱਸਿਆਵਾਂ ਵਾਲੇ ਖੇਤਰ ਜੋ ਜਨਤਕ ਜਾਂ ਨਿੱਜੀ ਫਰਮਾਂ ਨੂੰ ਠੇਕੇ 'ਤੇ ਦਿਤੇ ਜਾਂਦੇ ਹਨ – ਬਿਲਕੁਲ ਸਪੱਸ਼ਟ ਹੋਣੇ ਚਾਹੀਦੇ ਹਨ ਅਤੇ ਉਨ੍ਹਾਂ ਉਦੇਸ਼ਾਂ ਨੂੰ ਅਮਲੀ ਰੂਪ ਦੇਣ ਲਈ ਤਕਨੀਕੀ ਨਿਵੇਸ਼ ਦੀ ਹੀ ਲੋੜ ਹੋਣੀ ਚਾਹੀਦੀ ਹੈ। ਨੌਕਰਸ਼ਾਹਾਂ, ਤਕਨੀਕੀ ਮਾਹਰਾਂ ਅਤੇ ਰਾਜਨੇਤਾਵਾਂ ਨੂੰ ਇਕ ਦੂਜੇ ਦੇ ਕੰਮ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਰਣਨੀਤੀ ਦੀ ਇਕ ਮਿਸਾਲ ਸ੍ਰੀ ਕ੍ਰਿਸ਼ਨਾ (2013) ਤੋਂ ਮਿਲਦੀ ਹੈ ਜੋ ਰਾਜਨੀਤਕ ਕਾਰਜਾਂ ਨੂੰ ਸਰਕਾਰ ਪਾਸ ਰੱਖਣ ਦਾ ਸਪੱਸ਼ਟ ਸੰਕੇਤ ਕਰਦੀ ਹੈ ਨਾ ਕਿ ਨਿਯਮਕਾਂ ਕੋਲ ਜਿਥੇ ਕਾਰਜਕਾਰੀ ਆਜ਼ਾਦੀ ਇੱਛਿਤ ਹੁੰਦੀ ਹੈ।

*4.3 ਧੀਤ ਖਾਪ ਪੰਚਾਇਤ ਤੋਂ ਕਾਨੂੰਨ ਦੇ ਰਾਜ ਤਕ ਜਾਣ ਲਈ ਸਪੱਸ਼ਟ ਉਦੇਸ਼ ਅਤੇ ਘੱਟ ਸ਼ਕਤੀ ਦੀ ਜ਼ਰੂਰਤ ਹੁੰਦੀ ਹੈ*

**ਜਾਗੀਰਦਾਰੀ ਵਾਤਾਵਰਨ ਵਿਚ ਵੱਖ-ਵੱਖ ਸਮੂਹ ਸਰਕਾਰ ਨਾਲ ਮਦਦ ਵਾਸਤੇ ਚਾਰਾਜੋਈ ਕਰਦੇ ਹਨ। ਰਾਜ ਦੀਆਂ ਸ਼ਕਤੀਆਂ ਦਾ ਕੋਈ ਅੰਤ ਨਹੀਂ। ਸਰਕਾਰੀ ਢਾਂਚੇ ਕੋਲ ਇਹ ਅਖ਼ਤਿਆਰ ਹੁੰਦਾ ਹੈ ਕਿ ਕਿਸ ਉਦੇਸ਼ ਲਈ ਰਾਜ ਦੀ ਸ਼ਕਤੀਸ਼ਾਲੀ ਤਾਕਤ ਦਾ ਇਸਤੇਮਾਲ ਕਰਨਾ ਹੈ। ਆਮ ਤੌਰ ਤੇ ਇਕ ਵਿਅਕਤੀ ਆਪਣੀ ਸਮੱਸਿਆ ਲੈ ਕੇ ਪਿੰਡ ਦੇ ਸ਼ਕਤੀਸ਼ਾਲੀ ਬਜ਼ੁਰਗਾਂ ਦੀ ਖਾਪ ਪੰਚਾਇਤ ਕੋਲ ਜਾਂਦਾ ਹੈ ਅਤੇ ਖਾਪ ਪੰਚਾਇਤ ਇਹ ਫ਼ੈਸਲਾ ਲੈਂਦੀ ਹੈ ਕਿ ਉਸ ਵਿਅਕਤੀ ਦੀ ਮਦਦ ਲਈ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰਨਾ ਹੈ ਜਾਂ ਨਹੀਂ।**

ਜਨਤਕ ਪੱਖ ਤੋਂ ਵੇਖਿਆਂ ਰਾਜਨੀਤੀਵਾਨ ਅਤੇ ਨੌਕਰਸ਼ਾਹ ਸਵੈ-ਹਿਤ ਨਜ਼ਰ ਆਉਂਦੇ ਹਨ। ਜਦੋਂ ਉਦੇਸ਼ਾਂ ਅਤੇ ਸ਼ਕਤੀਆਂ ਦੀ ਅਸਪੱਸ਼ਟਤਾ ਹੋਵੇ ਤਾਂ ਮਾੜੀ ਕਾਰਗੁਜ਼ਾਰੀ ਦਾ ਮੁੱਢ ਬੱਝ ਜਾਂਦਾ ਹੈ। ਜਿਥੇ ਨਿੱਜੀ ਉਦੇਸ਼ਾਂ ਦੀ ਪੂਰਤੀ ਲਈ ਅਸਪੱਸ਼ਟਤਾ ਦਾ ਸਹਾਰਾ ਲਿਆ ਜਾਂਦਾ ਹੈ। ਇਕ ਜਾਗੀਰਦਾਰ ਦੂਜੇ ਦੇ ਹਿੱਤਾਂ ਨਾਲੋਂ ਆਪਣੇ ਹਿੱਤਾਂ ਨੂੰ ਪਹਿਲ ਦੇਵੇਗਾ। ਉਦਾਹਰਣ ਲਈ, ਜਦੋਂ ਇਕਾਈ ਜਾਂ ਉਦਯੋਗ ਮੁਕਾਬਲੇਬਾਜ਼ੀ ਦਾ ਦਬਾਅ ਮਹਿਸੂਸ ਕਰਦਾ ਹੈ ਤਾਂ ਆਮ ਵੇਖਿਆ ਜਾਂਦਾ ਹੈ ਕਿ ਭਾਰਤ ਵਿਚ ਉਹ ਸਰਕਾਰ ਜਾਂ ਨਿਯਮਕਾਂ ਤਕ ਮਦਦ ਵਾਸਤੇ ਪਹੁੰਚ ਕਰਦਾ ਹੈ। ਦੋਸਤਾਂ ਦੀ ਮਦਦ ਕਰਨ ਦਾ ਇਹ ਸੁਭਾਅ ਜਾਂ ਸ਼ਕਤੀਸ਼ਾਲੀ ਲੋਕਾਂ ਤੋਂ ਆਈ ਓ ਯੂ ਪ੍ਰਾਪਤ ਕਰਨਾ, ਇਹ ਹਰ ਇਕ ਦੇ ਖ਼ੂਨ ਵਿਚ ਹੈ। ਆਮ ਤੌਰ ਤੇ ਮਦਦ ਦੇ ਵੀ ਦਿਤੀ ਜਾਂਦੀ ਹੈ – ਚਾਹੇ ਉਹ ਨਿਯਮਾਂ ਨੂੰ ਨਰਮ ਕਰਕੇ ਉਸ ਉਦਯੋਗ ਨੂੰ ਦਿਤੀ ਜਾਂਦੀ ਹੈ ਜੋ ਮੁਸੀਬਤ ਵਿਚ ਹੋਵੇ ਜਾਂ ਮੁਕਾਬਲੇਬਾਜ਼ੀ ਦਾ ਦਬਾਅ ਬਣਾਉਣ ਵਾਲੀ ਨਵੀਂ ਤਕਨੀਕ ਦੇ ਰਾਹ ਵਿਚ ਰੋੜੇ ਅਟਕਾ ਕੇ। ਇਹ ਜਾਗੀਰਦਾਰੀ ਤਰੀਕੇ ਹਨ : ਇਹ ਖਾਪ ਪੰਚਾਇਤ ਦੀਆਂ ਪ੍ਰਣਾਲੀਆਂ ਹਨ, ਇਹ ਮੁਕਾਬਲੇ ਦੇ ਬਾਜ਼ਾਰ ਨਾਲ ਛੇੜਛਾੜ ਕਰਦੀਆਂ ਹਨ। ਇਨ੍ਹਾਂ ਦੀ ਆਧੁਨਿਕ ਭਾਰਤ ਵਿਚ ਕੋਈ ਥਾਂ ਨਹੀਂ।

ਕਾਨੂੰਨ ਦੇ ਰਾਜ ਦਾ ਇਕ ਜ਼ਰੂਰੀ ਪੱਖ ਹੈ ਜਨਤਕ ਪ੍ਰਬੰਧਨ ਢਾਂਚੇ ਦੀ ਸਥਾਪਨਾ, ਜਿਸ ਰਾਹੀਂ ਕਾਰਜਕਾਰਨੀ ਵਲੋਂ ਕਿਸੇ ਨਿਵੇਦਕ ਦੀ ਖੁੱਲ੍ਹੇਆਮ ਮਦਦ ਕਰਨ ਦੇ ਤਰੀਕਿਆਂ ਨੂੰ ਨੱਥ ਪਾਈ ਜਾ ਸਕੇ। ਇਸ ਲਈ ਚੰਗੀ ਤਰ੍ਹਾਂ ਸੋਚ ਸਮਝ ਕੇ ਬਣਾਏ ਕਾਨੂੰਨਾਂ ਦੀ ਲੋੜ ਹੋਵੇਗੀ ਜਿਨ੍ਹਾਂ ਦੇ ਸਪੱਸ਼ਟ ਉਦੇਸ਼ ਹੋਣ ਅਤੇ ਇਨ੍ਹਾਂ ਦੀ ਪ੍ਰਾਪਤੀ ਲਈ ਸਰਕਾਰ ਨੂੰ ਸ਼ਕਤੀਸ਼ਾਲੀ ਤਾਕਤਾਂ ਦੇ ਘੱਟ ਤੋਂ ਘੱਟ ਇਸਤੇਮਾਲ ਦੀ ਆਗਿਆ ਦਿੰਦੇ ਹੋਣ। ਉਦਾਹਰਣ ਲਈ, ਸੇਬੀ ਐਕਟ ਦਾ ਸੈਕਸ਼ਨ 11ਬੀ ਅਸਪੱਸ਼ਟ ਉਦੇਸ਼ਾਂ ਦੀ ਪ੍ਰਾਪਤੀ ਲਈ ਹੈਰਾਨਕੁਨ ਸ਼ਕਤੀਆਂ ਪ੍ਰਦਾਨ ਕਰਦਾ ਹੈ :

*"... ਜੇ ਜਾਂਚ ਪੜਤਾਲ ਕਰਨ ਉਪਰੰਤ ਬੋਰਡ ਸੰਤੁਸ਼ਟ ਹੋ ਜਾਂਦਾ ਹੈ ਕਿ ਜ਼ਰੂਰੀ ਹੈ (1) ਨਿਵੇਸ਼ਕਾਂ ਦੇ ਹਿੱਤਾਂ ਖ਼ਾਤਰ ਜਾਂ ਸ਼ੇਅਰ ਬਾਜ਼ਾਰ ਦੇ ਮਰਯਾਦਿਤ ਵਿਕਾਸ ਲਈ, ਜਾਂ (2) ਕਿਸੇ ਵਿਚੋਲੇ ਜਾਂ ਦੂਜੇ ਵਿਅਕਤੀਆਂ ਜਿਨ੍ਹਾਂ ਬਾਰੇ ਸੈਕਸ਼ਨ 12 ਵਿਚ ਕਿਹਾ ਗਿਆ ਹੈ, ਦੇ ਕਾਰਜਾਂ ਨੂੰ ਰੋਕਣਾ ਜੋ ਨਿਵੇਸ਼ਕਾਂ ਜਾਂ ਸ਼ੇਅਰ ਬਾਜ਼ਾਰ ਦੇ ਲਈ ਨੁਕਸਾਨਦਾਇਕ ਹੋਣ ... ਇਹ ਅਜਿਹੇ ਦਿਸ਼ਾ ਨਿਰਦੇਸ਼ ਜਾਰੀ ਕਰ ਸਕਦਾ ਹੈ – (ਏ) ਕਿਸੇ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ ਜਿਸ ਦਾ ਜ਼ਿਕਰ ਸੈਕਸ਼ਨ 12 ਵਿਚ ਹੈ ਜਾਂ ਜੋ ਸ਼ੇਅਰ ਬਾਜ਼ਾਰ ਨਾਲ ਸੰਬੰਧਿਤ ਹਨ, ਜਾਂ (ਬੀ) ਕਿਸੇ ਕੰਪਨੀ ਨੂੰ ਅਜਿਹੇ ਮਾਮਲਿਆਂ ਵਿਚ ਜੋ ਸੈਕਸ਼ਨ 11ਏ ਵਿਚ ਦੱਸੇ ਗਏ ਹਨ, ਨਿਵੇਸ਼ਕਾਂ ਅਤੇ ਸ਼ੇਅਰ ਬਾਜ਼ਾਰ ਦੇ ਹਿੱਤ ਵਿਚ ਜੋ ਵੀ ਉੱਚਿਤ ਹੋਵੇ।"*

ਇਸ ਸੈਕਸ਼ਨ ਨਾਲ ਸੇਬੀ ਨੂੰ ਅਸਪੱਸ਼ਟ ਉਦੇਸ਼ 'ਨਿਵੇਸ਼ਕਾਂ ਦੇ ਹਿੱਤਾਂ' ਦੀ ਰਾਖੀ ਕਰਨ

ਲਈ ਸ਼ਕਤੀਆਂ ਦਿਤੀਆਂ ਗਈਆਂ ਹਨ। ਜਨਤਕ ਚੋਣ ਥਿਊਰੀ ਦੀਆਂ ਭਵਿੱਖਬਾਣੀਆਂ ਮੁਤਾਬਕ, ਸੇਬੀ ਨੇ ਨਿਯਮਨ ਲਿਖਣ ਅਤੇ ਹੁਕਮ ਲਿਖਣ ਵਿਚ ਸੈਕਸ਼ਨ 11ਬੀ ਦਾ ਬੇਤਹਾਸ਼ਾ ਇਸਤੇਮਾਲ ਕੀਤਾ ਹੈ। ਸੇਬੀ ਐਕਟ ਵਿਚ ਸੈਕਸ਼ਨ 11ਬੀ ਨੇ ਸੇਬੀ ਅੰਦਰ ਜਾਗੀਰੂ ਵਿਚਾਰਧਾਰਾ ਨੂੰ ਪ੍ਰਫੁੱਲਤ ਕੀਤਾ ਹੈ ਜਿਥੇ ਨਿਵੇਦਕ ਸੇਬੀ ਕੋਲ ਆ ਕੇ ਆਪਣੇ ਦੁੱਖੜੇ ਸੁਣਾਉਂਦੇ ਹਨ।

ਸ੍ਰੀਕ੍ਰਿਸ਼ਨਾ (2013) ਦੀ ਤਰਜ਼ 'ਤੇ ਸੋਚ ਸਮਝ ਕੇ ਬਣਾਏ ਗਏ ਨਵੇਂ ਕਾਨੂੰਨਾਂ ਦੀ ਜ਼ਰੂਰਤ ਹੈ ਜਿਹੜੇ ਉਦੇਸ਼ਾਂ ਦੀ ਸਹੀ ਵਿਆਖਿਆ ਕਰਦੇ ਹੋਣ, ਕਾਰਜਕਾਰਨੀ ਨੂੰ ਘੱਟ ਤੋਂ ਘੱਟ ਤਾਕਤਾਂ ਦਿੰਦੇ ਹੋਣ ਜਿਨ੍ਹਾਂ ਰਾਹੀਂ ਉਦੇਸ਼ਾਂ ਨੂੰ ਹਾਸਲ ਕੀਤਾ ਜਾ ਸਕੇ ਅਤੇ ਕਾਰਜਕਾਰਨੀ ਨੂੰ ਕਾਰਗੁਜ਼ਾਰੀ ਲਈ ਜਵਾਬਦੇਹ ਬਣਾਇਆ ਜਾ ਸਕੇ। ਸੰਖੇਪ ਵਿਚ, ਇਨਕਲਾਬੀ ਤਬਦੀਲੀਆਂ ਕਰਨ ਦੀ ਜ਼ਰੂਰਤ ਹੈ : ਕਾਰਜਕਾਰਨੀ ਦੀ ਸਾਮੰਤਵਾਦੀ ਸੋਚ ਜੋ ਬੇਤਹਾਸ਼ਾ ਤਾਕਤਾਂ ਨਾਲ ਲੈਸ ਹੈ, ਤੋਂ ਉਸ ਕਾਰਜਕਾਰਨੀ ਬਾਰੇ ਸੋਚਣਾ ਜਿਸ ਨੂੰ ਉਦੇਸ਼ਾਂ ਨੂੰ ਨਤੀਜਿਆਂ ਵਿਚ ਬਦਲਣ ਲਈ ਜਵਾਬਦੇਹ ਬਣਾਇਆ ਜਾ ਸਕੇ, ਇਕ ਕਾਨੂੰਨ ਦੇ ਰਾਜ ਦੇ ਵਾਤਾਵਰਨ ਵਿਚ।

*4.4 ਪੀ4 ਕਾਨੂੰਨ ਮੁੱਖ ਧਿਰ ਅਤੇ ਏਜੰਟ ਦਰਮਿਆਨ ਇਕ ਕਰਾਰ ਹੁੰਦਾ ਹੈ - ਠੇਕਾ ਦੇਣ ਲਈ ਤਿੰਨ ਵੱਖ-ਵੱਖ ਪ੍ਰਣਾਲੀਆਂ ਹਨ*

- ਮੁੱਖ ਧਿਰ ਅਤੇ ਏਜੰਟ ਦਰਮਿਆਨ ਕਰਾਰ ਤੋਂ ਕਿਸੇ ਨਿੱਜੀ ਫਰਮ ਨੂੰ ਠੇਕਾ ਦੇਣਾ, ਜੋ ਬਾਅਦ ਵਿਚ ਭਾਰਤੀ ਕਰਾਰ ਐਕਟ 1872 ਤਹਿਤ ਨਜਿੱਠਣਯੋਗ ਹੁੰਦਾ ਹੈ।

- ਜਨਤਕ ਸੰਸਥਾਨ ਨੂੰ ਠੇਕਾ ਦੇਣਾ ਜੋ ਕਾਰਜਕਾਰਨੀ ਦੇ ਫ਼ੈਸਲੇ ਦੁਆਰਾ ਸਥਾਪਿਤ ਹੋਈ ਹੋਵੇ।

- ਅਜਿਹੀ ਜਨਤਕ ਸੰਸਥਾ ਨੂੰ ਠੇਕਾ ਦੇਣਾ ਜੋ ਐਕਟ ਦੁਆਰਾ ਬਣੀ ਹੋਵੇ।

ਹਰੇਕ ਮਾਮਲੇ ਵਿਚ ਇਕ ਕਾਨੂੰਨੀ ਪੁਰਜ਼ਾ ਹੈ (ਕਰਾਰ, ਕਾਰਜਕਾਰਨੀ ਦਾ ਹੁਕਮ, ਜਾਂ ਐਕਟ)। ਇਸ ਆਰਟੀਕਲ ਵਿਚ ਵਿਅਕਤ ਕੀਤੇ ਗਏ ਸਿਧਾਂਤ ਇਨ੍ਹਾਂ ਤਿੰਨਾਂ ਮਾਮਲਿਆਂ ਵਿਚ ਕਾਨੂੰਨੀ ਪੁਰਜ਼ੇ ਨੂੰ ਬਣਾਉਣ ਵਾਲੇ ਹੋਣੇ ਚਾਹੀਦੇ ਹਨ।

*5. ਜਨਤਕ ਸੰਸਥਾਵਾਂ ਨਾਲ ਸੰਬੰਧਿਤ ਸਿਧਾਂਤ*

5.1 ਪੀ5 ਹਰੇਕ ਜਨਤਕ ਸੰਸਥਾਨ ਦਾ ਇਕ ਸਪੱਸ਼ਟ ਉਦੇਸ਼ ਹੋਣਾ ਚਾਹੀਦਾ ਹੈ - ਇੰਨਾ ਕਹਿਣਾ ਹੀ ਕਾਫ਼ੀ ਨਹੀਂ ਹੋਵੇਗਾ ਕਿ ਸਮੱਸਿਆਵਾਂ ਦੀ ਸੂਚੀ ਜੋ ਜਨਤਕ ਸੰਸਥਾਨਾਂ ਨੂੰ ਦਿਤੀ ਗਈ ਹੈ। ਉਹ ਪੂਰਨ ਤੌਰ ਤੇ ਵਿਸਥਾਰਿਤ ਹੋਵੇ। ਨਾਲ ਹੀ, ਹਰੇਕ ਜਨਤਕ ਸੰਸਥਾਨ ਆਪਣੇ ਮੰਤਵ ਪ੍ਰਤਿ ਸਪੱਸ਼ਟ ਹੋਣਾ ਚਾਹੀਦਾ ਹੈ। ਭਾਵੇਂ ਉਪ ਸਮੱਸਿਆਵਾਂ ਉਪਰ ਚੰਗੀ ਤਰ੍ਹਾਂ ਰੱਖੀਆਂ ਗਈਆਂ ਹਨ, ਜੇ ਦੋਵਾਂ ਨੂੰ ਇਕ ਹੀ ਸੰਸਥਾਨ ਵਿਚ ਰੱਖ ਦਿਤਾ ਗਿਆ ਤਾਂ ਮੁਮਕਿਨ ਹੈ ਕਿ ਜਵਾਬਦੇਹੀ ਖ਼ਤਮ ਹੋ ਜਾਵੇ ਜਦੋਂ ਇਹ ਦੋਵੇਂ ਉਪ-ਸਮੱਸਿਆਵਾਂ ਆਪਾ ਵਿਰੋਧੀ ਹੋਣ ਜਾਂ ਇਕ ਦੂਜੇ 'ਤੇ ਭਾਰੀ ਪੈਂਦੀਆਂ ਹੋਣ। ਪੀ1 ਕਿਉਂਕਿ ਉਦੇਸ਼ ਪੀ2 ਨੂੰ ਪ੍ਰਾਪਤ ਕਰਨ ਵਿਚ ਲੱਗਾ ਸੀ, ਇਸ ਕਰਕੇ ਇਹ ਉਦੇਸ਼ ਪੀ2 ਵਿਚ ਅਸਫਲ ਹੋ ਗਿਆ ਕਿਉਂਕਿ ਇਹ ਉਦੇਸ਼ ਪੀ1 ਦੀ ਪ੍ਰਾਪਤੀ ਲਈ ਯਤਨਸ਼ੀਲ ਸੀ।

ਉਦਾਹਰਣ ਲਈ, ਭਾਰਤੀ ਰਿਜ਼ਰਵ ਬੈਂਕ ਨੂੰ ਵਿੱਤੀ ਨੀਤੀ ਦੇ ਉਦੇਸ਼ ਸੌਂਪੇ ਗਏ ਹਨ, ਸਰਕਾਰ ਵਾਸਤੇ ਨਿਵੇਸ਼ ਬੈਂਕਿੰਗ ਅਤੇ ਬੈਂਕਾਂ ਦਾ ਨਿਯੰਤ੍ਰਣ ਆਦਿ। ਇਹ ਪ੍ਰਬੰਧ ਹਿੱਤਾਂ ਦੇ ਟਕਰਾਅ ਤੋਂ ਪੀੜਤ ਹੈ। ਨਿਵੇਸ਼ ਬੈਂਕਿੰਗ ਦੇ ਉਦੇਸ਼ ਦੀ ਪ੍ਰਾਪਤੀ ਵਿਚ ਬੈਂਕਿੰਗ ਨਿਯੰਤ੍ਰਣ ਅਤੇ ਵਿੱਤੀ ਨੀਤੀਆਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਨਾਲ ਸਫਲਤਾ ਮਿਲ ਸਕਦੀ ਹੈ। ਬੈਂਕਿੰਗ ਨਿਯੰਤ੍ਰਣ ਨਾਲ ਛੇੜਛਾੜ ਕਰਕੇ ਚੰਗਾ ਕੀਤਾ ਜਾ ਸਕਦਾ ਹੈ। ਇਸ ਨਾਲ ਜਵਾਬਦੇਹੀ ਦਾ ਖ਼ਾਤਮਾ ਹੁੰਦਾ ਹੈ : ਮਹਿੰਗਾਈ ਦੇ ਮਾਮਲੇ ਵਿਚ ਅਸਫਲਤਾ ਨੂੰ ਇਸ ਆਧਾਰ 'ਤੇ ਜਾਇਜ਼ ਠਹਿਰਾਇਆ ਜਾ ਸਕਦਾ ਹੈ ਕਿ ਦੂਸਰੇ ਉਦੇਸ਼ਾਂ ਦੀ ਪ੍ਰਾਪਤੀ ਲਈ ਯਤਨ ਕੀਤੇ ਜਾ ਰਹੇ ਸਨ।

ਉਲਟ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਕੋ ਸਮੱਸਿਆ ਦੇ ਹੱਲ ਲਈ ਬਹੁਤ ਸਾਰੀਆਂ ਸਰਕਾਰੀ ਏਜੰਸੀਆਂ ਨੂੰ ਕੰਮ 'ਤੇ ਲਾ ਦਿਤਾ ਜਾਂਦਾ ਹੈ। ਇਸ ਨਾਲ ਕਾਨੂੰਨ ਅਤੇ ਨਿਯਮਨ ਦੀ ਅਸਫਲਤਾ ਦਾ ਰਸਤਾ ਖੁੱਲ੍ਹ ਜਾਂਦਾ ਹੈ, ਜਵਾਬਦੇਹੀ ਬਿਖਰ ਜਾਂਦੀ ਹੈ ਅਤੇ ਨਿੱਜੀ ਖੇਤਰ ਲਈ ਸਿਰੇ ਦਾ ਕਾਨੂੰਨ ਖ਼ਤਰਾ ਹੋ ਜਾਂਦਾ ਹੈ। ਸਰਕਾਰ ਵਿਚ ਸੰਗਠਨ ਦੇ ਮਜ਼ਬੂਤ ਆਕਾਰ ਨਾਲ ਇਸ ਸਮੱਸਿਆ ਨੂੰ ਦਰਕਿਨਾਰ ਕੀਤਾ ਜਾ ਸਕਦਾ ਹੈ।

ਇਸ ਕਰਕੇ ਦੋ ਵਿਲੱਖਣ ਪਰਿਪੇਖਾਂ ਦੀ ਲੋੜ ਹੈ। ਮੁੱਖ ਧਿਰ (ਸਰਕਾਰ) ਦੇ ਪੱਧਰ 'ਤੇ ਕੰਮ ਇਹ ਹੈ ਕਿ ਜਨਤਕ ਸੇਵਾਵਾਂ ਦੇ ਕੁੱਲ ਉਦੇਸ਼ ਅਤੇ ਬਾਜ਼ਾਰ ਦੀਆਂ ਅਸਫਲਤਾਵਾਂ ਨੂੰ ਵੱਡੀਆਂ ਅਤੇ ਪੱਕੀਆਂ ਸਮੱਸਿਆਵਾਂ ਵਿਚ ਬਦਲ ਦੇਣਾ ਜਿਹੜੀਆਂ ਜਵਾਬਦੇਹੀ ਸਮੇਤ ਠੇਕੇ 'ਤੇ ਦਿਤੀਆਂ ਜਾ ਸਕਣ। ਹਰੇਕ ਏਜੰਟ ਦੇ ਪੱਧਰ 'ਤੇ, ਜਦੋਂ ਇਕ ਤੋਂ ਵੱਧ ਉਦੇਸ਼ ਮੌਜੂਦ ਹੋਣ, ਤਾਂ ਇਹ ਮਹੱਤਵਪੂਰਨ ਹੋ ਜਾਂਦਾ ਹੈ ਕਿ ਸੰਸਥਾ ਦੇ ਉਦੇਸ਼ ਅਤੇ ਜਵਾਬਦੇਹੀ ਤੈ ਕਰ ਲਈ ਜਾਵੇ।

*5.2 ਪੀ6 ਸੁਸ਼ਾਸਨ ਦੇ ਸਿਧਾਂਤਾਂ ਨੂੰ ਜਨਤਕ ਸੰਸਥਾਨਾਂ ਦੇ ਕੰਮਕਾਜ 'ਚ ਲਾਗੂ ਕਰਨਾ*

ਨਿੱਜੀ ਖੇਤਰ ਵਿਚ ਅਸੀਂ ਸੁਸ਼ਾਸਨ ਦੇ ਤਿੰਨ ਅਸੂਲਾਂ ਬਾਰੇ ਜਾਣਦੇ ਹਾਂ। ਪਹਿਲਾ, ਸਾਰੀਆਂ ਸ਼ਕਤੀਆਂ ਬੋਰਡ ਕੋਲ ਹੋਣੀਆਂ ਚਾਹੀਦੀਆਂ ਹਨ। ਬੋਰਡ ਸਿਰਫ਼ ਇਕ ਦਿਖਾਵੇ ਦੀ ਚੀਜ਼ ਨਾ ਹੋਵੇ। ਸਾਰੇ ਮਹੱਤਵਪੂਰਨ ਫ਼ੈਸਲੇ ਬੋਰਡ ਦੁਆਰਾ ਲਏ ਜਾਣੇ ਚਾਹੀਦੇ ਹਨ। ਸ਼ੇਅਰ ਧਾਰਕਾਂ ਨੂੰ ਬੋਰਡ ਵਿਚ ਨਿਯੁਕਤੀਆਂ ਅਤੇ ਇਸ ਦੀ ਕਾਰਜ ਪ੍ਰਣਾਲੀ ਤੋਂ ਬਿਨਾਂ,ਸੰਸਥਾ ਦੇ ਕੰਮ ਕਾਜ ਵਿਚ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ। ਦੂਜਾ, ਬੋਰਡ ਵਿਚ ਆਜ਼ਾਦ ਨਿਰਦੇਸ਼ਕਾਂ ਦੀ ਬਹੁਸੰਮਤੀ ਹੋਣੀ ਚਾਹੀਦੀ ਹੈ ਤਾਂ ਕਿ ਅੰਦਰਲੇ ਵਿਅਕਤੀਆਂ ਦੇ ਵਾਧੂ ਪ੍ਰਭਾਵ ਨੂੰ ਰੋਕਿਆ ਜਾ ਸਕੇ ਜਿਹੜੇ ਕਿ ਸੁਸਤ ਅਤੇ ਗਲਤੀਆਂ ਛੁਪਾਉਣ ਵਾਲੇ ਹੁੰਦੇ ਹਨ। ਤੀਜਾ, ਬੋਰਡ ਨੂੰ ਵਿਰੋਧਾਤਮਕ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਵਿਵਾਦਾਂ ਨੂੰ ਸੁਲਝਾਉਣ ਲਈ ਨਿਰੰਤਰ ਰਸਮੀ ਵੋਟਿੰਗ ਦਾ ਸਹਾਰਾ ਲੈਣਾ ਚਾਹੀਦਾ ਹੈ।

ਇਹ ਸਿਧਾਂਤ ਜਨਤਕ ਸੰਸਥਾਨਾਂ ਲਈ ਵੀ ਉਨੇ ਹੀ ਪ੍ਰਸੰਗਿਕ ਹਨ ਅਤੇ ਇਨ੍ਹਾਂ ਨੂੰ ਜਨਤਕ ਖੇਤਰ ਵਿਚ ਚਾਰ ਨਿਯਮਾਂ ਦੇ ਤੌਰ ਤੇ ਅਪਣਾਇਆ ਜਾ ਸਕਦਾ ਹੈ :

- ਸਾਰੇ ਮਹੱਤਵਪੂਰਨ ਫ਼ੈਸਲੇ ਬੋਰਡ ਦੁਆਰਾ ਲਏ ਜਾਣੇ ਚਾਹੀਦੇ ਹਨ, ਬੋਰਡ ਤੋਂ ਬਿਨਾਂ ਸੱਤਾ ਦਾ ਕੋਈ ਕੇਂਦਰ ਨਹੀਂ ਹੋਣਾ ਚਾਹੀਦਾ। ਨਿਯੁਕਤੀ ਦੀ ਪ੍ਰਕਿਰਿਆ ਅਤੇ ਬੋਰਡ ਦੇ ਸੰਵਾਦਾਂ ਵਿਚ ਸਰਕਾਰੀ ਨੁਮਾਇੰਦਿਆਂ ਵਲੋਂ ਰੱਖੇ ਵਿਚਾਰਾਂ ਤੋਂ ਬਿਨਾਂ ਸਰਕਾਰ ਨੂੰ ਜਨਤਕ ਸੰਸਥਾਨ ਦੇ ਕੰਮਾਂ ਵਿਚ ਅੜਿੱਕਾ ਨਹੀਂ ਡਾਹੁਣਾ ਚਾਹੀਦਾ।

• ਬਹੁਤ ਸਾਰੇ ਹਾਲਾਤ ਵਿਚ ਜਨਤਕ ਸੰਸਥਾਵਾਂ ਬੇਹਤਰ ਕੰਮ ਕਰਨਗੀਆਂ ਜਦੋਂ ਬੋਰਡ ਅੰਦਰ ਆਜ਼ਾਦ ਮਾਹਰਾਂ ਦੀ ਬਹੁਸੰਮਤੀ ਹੋਵੇਗੀ।

• ਸਾਰੇ ਫ਼ੈਸਲੇ ਰਸਮੀ ਵੋਟਿੰਗ ਦੁਆਰਾ ਲਏ ਜਾਣੇ ਚਾਹੀਦੇ ਹਨ ਅਤੇ ਵੋਟਿੰਗ ਦੇ ਰਿਕਾਰਡ ਨੂੰ ਜਨਤਕ ਤੌਰ ਤੇ ਨਸ਼ਰ ਕਰਨਾ ਚਾਹੀਦਾ ਹੈ।

• ਕਿਸੇ ਵੀ ਜਨਤਕ ਸੰਸਥਾਨ ਦੇ ਬੋਰਡ ਨੂੰ ਪੂਰੇ ਪਾਰਦਰਸ਼ੀ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ : (1) ਬੋਰਡ ਮੀਟਿੰਗ ਤੋਂ ਘੱਟੋ-ਘੱਟ ਇਕ ਹਫ਼ਤਾ ਪਹਿਲਾਂ ਏਜੰਡਾ ਪ੍ਰਕਾਸ਼ਿਤ ਹੋ ਜਾਣਾ ਚਾਹੀਦਾ ਹੈ (2) ਮੀਟਿੰਗ ਦੀ ਕਾਰਵਾਈ ਦਾ ਰਿਕਾਰਡ ਮੀਟਿੰਗ ਤੋਂ ਇਕਦਮ ਬਾਅਦ ਛਪ ਜਾਣਾ ਚਾਹੀਦਾ ਹੈ। ਜਨਤਕ ਸੰਸਥਾਨ ਵਿਚ ਇਹ ਚਾਰ ਨਿਯਮ ਲਾਗੂ ਕਰਨ ਨਾਲ ਇਕ ਉੱਤਮ ਸੋਚ ਅਤੇ ਫ਼ੈਸਲਾ ਲੈਣ ਦੀ ਪ੍ਰਕਿਰਿਆ ਸ਼ੁਰੂ ਹੋਵੇਗੀ, ਇਕ ਅਜਿਹੀ ਪ੍ਰਕਿਰਿਆ ਜਿਸ ਨੂੰ ਕਿਸੇ ਸਰਕਾਰੀ ਵਿਭਾਗ ਵਿਚ ਸ਼ੁਰੂ ਕਰਨਾ ਔਖਾ ਹੈ। ਇਹੀ ਕਾਰਨ ਹੈ ਕਿ ਸੋਚੀਆਂ ਸਮਝੀਆਂ ਸਮੱਸਿਆਵਾਂ ਨੂੰ ਜਨਤਕ ਸੰਸਥਾਵਾਂ (ਜਾਂ ਨਿੱਜੀ ਫਰਮਾਂ) ਨੂੰ ਸਰਕਾਰ ਦੇ ਕਿਸੇ ਵਿਭਾਗ ਵਲੋਂ ਠੇਕੇ 'ਤੇ ਦੇਣ ਨਾਲ ਹਮੇਸ਼ਾ ਕਾਰਗੁਜ਼ਾਰੀ ਪਹਿਲਾਂ ਨਾਲੋਂ ਬੇਹਤਰ ਰਹਿੰਦੀ ਹੈ।

### *5.3 ਪੀ7 ਅਮਲ ਸੰਬੰਧੀ ਵੱਧ ਲਚਕੀਲਾਪਨ ਅਤੇ ਜਨਤਕ ਸੰਸਥਾਨਾਂ ਲਈ ਵਧੇਰੇ ਆਜ਼ਾਦੀ*

ਭਾਰਤ ਵਿਚ ਜਨਤਕ ਸੰਸਥਾਵਾਂ ਕੋਲ ਅਮਲ ਸੰਬੰਧੀ ਘੱਟ ਲਚਕੀਲਾਪਨ ਹੈ, ਜਿਸ ਤਹਿਤ ਮਨੁੱਖੀ ਸਰੋਤ ਪ੍ਰਕਿਰਿਆ, ਠੇਕੇ ਅਤੇ ਵਿੱਤੀ ਨਿਯਮਾਂ 'ਤੇ ਪਾਬੰਦੀਆਂ ਲੱਗੀਆਂ ਹੁੰਦੀਆਂ ਹਨ। ਮੰਤਰਾਲਿਆਂ ਵਲੋਂ ਪਿੱਛੋਂ ਨਿਯੰਤ੍ਰਣ ਕਰਨ ਕਰਕੇ ਇਨ੍ਹਾਂ ਕੋਲ ਘੱਟ ਆਜ਼ਾਦੀ ਹੁੰਦੀ ਹੈ। ਮੌਜੂਦਾ ਹਾਲਤਾਂ ਵਿਚ, ਜਨਤਕ ਸੰਸਥਾਵਾਂ ਲਈ ਅਮਲ ਸੰਬੰਧੀ ਲਚਕੀਲਾਪਨ ਇਕ ਵਿਵਾਦਮਈ ਮੁੱਦਾ ਹੈ। ਇਕ ਪਾਸੇ ਜਨਤਕ ਸੰਸਥਾਵਾਂ ਦੀ ਲੀਡਰਸ਼ਿਪ ਦਲੀਲ ਦਿੰਦੀ ਹੈ ਕਿ ਅਮਲ ਸੰਬੰਧੀ ਲਚਕੀਲਾਪਨ ਅਤੇ ਆਜ਼ਾਦੀ ਦੀ ਅਣਹੋਂਦ ਉਨ੍ਹਾਂ ਦੀ ਕੰਮ ਕਰਨ ਦੀ ਕਾਬਲੀਅਤ ਨੂੰ ਪ੍ਰਭਾਵਿਤ ਕਰਦੀ ਹੈ। ਦੂਜੇ ਪਾਸੇ, ਇਕ ਅਜਿਹੇ ਵਾਤਾਵਰਨ ਵਿਚ ਜਿਥੇ ਉਦੇਸ਼ ਅਤੇ ਜਵਾਬਦੇਹੀ ਤੰਤਰ ਦੀ ਸਪੱਸ਼ਟ ਵਿਆਖਿਆ ਨਹੀਂ ਹੈ ਅਤੇ ਬੇਤਹਾਸ਼ਾ ਸ਼ਕਤੀਆਂ ਪ੍ਰਦਾਨ ਕੀਤੀਆਂ ਗਈਆਂ ਹਨ, ਉਥੇ ਅਣਚੁਣੇ ਨੌਕਰਸ਼ਾਹਾਂ ਦੇ ਹੱਥਾਂ ਵਿਚ ਅਮਲ ਸੰਬੰਧੀ ਲਚਕ ਅਤੇ ਆਜ਼ਾਦੀ ਦੇਣਾ ਇਕ ਵੱਡਾ ਖ਼ਤਰਾ ਸਾਬਤ ਹੋ ਸਕਦਾ ਹੈ। ਇਕ ਅਜਿਹਾ ਵਿਅਕਤੀ, ਜਿਸ ਦੀ ਨੌਕਰੀ ਦੀ ਕੋਈ ਸੁਰੱਖਿਆ ਨਹੀਂ, ਵਲੋਂ ਇਕ ਮੰਤਰਾਲੇ ਦਾ ਮੁਖੀ ਹੋਣਾ ਅਤੇ ਇਕ ਜਨਤਕ ਸੰਸਥਾਨ ਦਾ ਅਣਚੁਣਿਆ ਮੁਖੀ ਜਿਸ ਦੀ ਨੌਕਰੀ ਜਾਣ ਦਾ ਕੋਈ ਖ਼ਤਰਾ ਨਹੀਂ, ਵਿਚਾਲੇ ਇਕ ਮਹੱਤਵਪੂਰਨ ਅੰਤਰ ਹੈ।

ਕਈ ਲੋਕ ਦਲੀਲ ਦਿੰਦੇ ਹਨ ਕਿ ਮਨੁੱਖੀ ਸਰੋਤ ਨੀਤੀਆਂ ਅਤੇ ਠੇਕਾ ਤੰਤਰ ਵਿਚ ਅਮਲ ਸੰਬੰਧੀ ਲਚਕ ਦੀ ਕਮੀ ਨਾਲ ਰਾਜਨੀਤਕਾਂ ਨੂੰ ਕਾਬੂ ਵਿਚ ਰੱਖਿਆ ਜਾਂਦਾ ਹੈ। ਇਸੇ ਹੀ ਸਮੇਂ, ਇਨ੍ਹਾਂ ਸ਼ਕਤੀਆਂ ਦੀ ਦੁਰਵਰਤੋਂ ਜਵਾਬਦੇਹੀ ਦੀ ਕਮੀ ਕਰਕੇ ਹੈ। ਜੇ ਉਦੇਸ਼ ਸਪੱਸ਼ਟ ਹਨ, ਸ਼ਕਤੀਆਂ ਕਾਬੂ 'ਚ ਹਨ, ਜਵਾਬਦੇਹੀ ਦਾ ਤੰਤਰ ਉਪਯੁਕਤ ਹੈ ਤਾਂ ਅਮਲ ਸੰਬੰਧੀ ਲਚਕੀਲੇਪਨ 'ਤੇ ਪਾਬੰਦੀ ਲਾਉਣ ਦੀ ਕੋਈ ਜ਼ਰੂਰਤ ਨਹੀਂ। ਮਿਸਾਲ ਲਈ, ਮੁਕਾਬਲੇ ਦੇ ਬਾਜ਼ਾਰ ਵਿਚ ਇਕ ਨਿੱਜੀ ਫਰਮ ਨੂੰ ਮੁਨਾਫ਼ਾ ਕਮਾਉਣ ਦੇ ਉਦੇਸ਼ ਨਾਲ ਜਵਾਬਦੇਹ ਠਹਿਰਾਇਆ ਜਾਂਦਾ ਹੈ। ਇਸ ਵਾਤਾਵਰਨ ਵਿਚ ਸਿਰੇ ਦੀ ਅਮਲ ਸੰਬੰਧੀ ਖੁਦਮੁਖਤਿਆਰੀ ਉੱਚਿਤ ਹੈ। ਉਦੇਸ਼ਾਂ ਦੀ ਸਪੱਸ਼ਟਤਾ, ਜਵਾਬਦੇਹੀ ਤੰਤਰ, ਅਮਲ ਸੰਬੰਧੀ ਲਚਕੀਲਾਪਨ ਅਤੇ ਆਜ਼ਾਦੀ ਵਿਚ ਮਜ਼ਬੂਤ ਸਾਂਝ ਹੈ। ਇਨ੍ਹਾਂ ਸਾਰੇ ਤੱਤਾਂ ਨੂੰ ਇਕ ਪੈਕੇਜ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਕਿਸੇ ਜਨਤਕ ਸੰਸਥਾਨ ਦੀ ਲੀਡਰਸ਼ਿਪ ਨੂੰ ਅਮਲ ਸੰਬੰਧੀ ਲਚਕ ਅਤੇ ਆਜ਼ਾਦੀ ਦੇਣਾ ਸੁਰੱਖਿਅਤ ਹੋਵੇਗਾ ਜਿਸ ਕੋਲ ਉਦੇਸ਼ਾਂ ਦੀ ਸਪੱਸ਼ਟਤਾ ਅਤੇ ਜਵਾਬਦੇਹੀ ਤੰਤਰ ਮੌਜੂਦ ਹੋਵੇ, ਨਹੀਂ ਤਾਂ ਸ਼ਕਤੀ ਦਾ ਦੁਰਉਪਯੋਗ ਹੋਵੇਗਾ। ਇਸ ਦੇ ਉਲਟ, ਜੇ ਅਮਲ ਸੰਬੰਧੀ ਲਚਕ ਅਤੇ ਆਜ਼ਾਦੀ ਹੋਵੇਗੀ ਤਾਂ ਹੀ ਲੀਡਰਸ਼ਿਪ ਨੂੰ ਜਵਾਬਦੇਹ ਠਹਿਰਾਇਆ ਜਾ ਸਕੇਗਾ, ਨਹੀਂ ਤਾਂ ਲੀਡਰਸ਼ਿਪ ਕੋਲ ਅਸਫਲਤਾ ਨੂੰ ਬਿਆਨ ਕਰਨ ਦਾ ਇਕ ਵਧੀਆ ਇਨਕਾਰ ਹੋਵੇਗਾ।

ਸੈਕਸ਼ਨ 4.1 ਵਿਚ ਇਹ ਦਲੀਲ ਦਿਤੀ ਗਈ ਕਿ ਮੰਤਰਾਲਾ ਉਨ੍ਹਾਂ ਸਾਰੀਆਂ ਉਪ ਸਮੱਸਿਆਵਾਂ ਦੀ ਪਛਾਣ ਕਰੇ ਜਿਹੜੀਆਂ ਠੇਕੇ 'ਤੇ ਦੇਣੀਆਂ ਸੰਭਵ ਹਨ ਅਤੇ ਉਹ ਸਾਰੀਆਂ ਗੜਬੜ ਵਾਲੀਆਂ ਸਮੱਸਿਆਵਾਂ ਆਪਣੇ ਕੋਲ ਰੱਖੇ ਜਿਹੜੀਆਂ ਠੇਕੇ 'ਤੇ ਦੇਣੀਆਂ ਮੁਮਕਿਨ ਨਹੀਂ। ਇਸ ਤਰ੍ਹਾਂ ਮੰਤਰਾਲਾ ਘਟੀ ਹੋਈ ਜਵਾਬਦੇਹੀ ਦਾ ਕੇਂਦਰ ਬਣ ਜਾਵੇਗਾ। ਸੋ, ਸਰਕਾਰੀ ਵਿਭਾਗਾਂ ਨੂੰ ਵਿਆਪਕ ਕਾਨੂੰਨਾਂ ਦੀ ਜ਼ਰੂਰਤ ਹੈ ਜਿਹੜੇ ਨਵੀਂ ਸ਼ਕਤੀ, ਮੁਆਵਜ਼ਾ, ਠੇਕੇ 'ਤੇ ਦੇਣ ਦੀਆਂ ਤਾਕਤਾਂ, ਖਰੀਦ ਦੇ ਤਰੀਕਿਆਂ ਲਈ ਮਜਬੂਰ ਕਰਦੇ ਹੋਣ।

**ਜਦੋਂ ਉਪਰੋਕਤ ਸਿਧਾਂਤਾਂ ਦੇ ਮੁਤਾਬਕ ਜਨਤਕ ਸੰਸਥਾਨਾਂ ਦਾ ਗਠਨ ਕੀਤਾ ਜਾਂਦਾ ਹੈ ਤਾਂ ਵਾਤਾਵਰਨ ਬਿਲਕੁੱਲ ਵੱਖਰਾ ਹੁੰਦਾ ਹੈ। ਜਨਤਕ ਸੰਸਥਾਨ ਦੇ ਬਹੁਤ ਸਪੱਸ਼ਟ ਉਦੇਸ਼ ਹੁੰਦੇ ਹਨ। ਇਸ ਦਾ ਬੋਰਡ ਆਜ਼ਾਦ ਮੈਂਬਰਾਂ ਦੀ ਬਹੁਸੰਮਤੀ ਵਾਲਾ ਹੁੰਦਾ ਹੈ, ਅੰਦਰਲੇ ਵਿਅਕਤੀਆਂ ਵਲੋਂ ਫ਼ੈਸਲੇ ਨਹੀਂ ਲਏ ਜਾਂਦੇ। ਸਭ ਤੋਂ ਮਹੱਤਵਪੂਰਨ, ਉਦੇਸ਼ਾਂ ਦੀ ਸਪੱਸ਼ਟਤਾ ਨਾਲ ਜਵਾਬਦੇਹੀ ਪੈਦਾ ਹੁੰਦੀ ਹੈ ਜੋ ਬੋਰਡ ਨੂੰ ਕਾਰਗੁਜ਼ਾਰੀ ਕਰਨ ਵੱਲ ਪ੍ਰੇਰਿਤ ਕਰਦੀ ਹੈ।**

ਇਨ੍ਹਾਂ ਹਾਲਾਤ ਅੰਦਰ, ਮਨੁੱਖੀ ਸਰੋਤ ਨੀਤੀਆਂ, ਠੇਕੇ 'ਤੇ ਦੇਣ, ਵਿੱਤੀ ਨਿਯਮਾਂ ਆਦਿ ਦੇ ਮਾਮਲਿਆਂ ਵਿਚ ਜਨਤਕ ਸੰਸਥਾਨਾਂ ਲਈ ਵਧੇਰੇ ਅਮਲ ਸੰਬੰਧੀ ਲਚਕ ਦੀ ਜ਼ਰੂਰਤ ਹੈ। ਜੇ ਇਕ ਮਨੁੱਖੀ ਸਰੋਤ ਨੀਤੀ ਪੱਤਰ ਬੋਰਡ ਵਲੋਂ ਵਿਚਾਰ ਕੇ ਪ੍ਰਵਾਨ ਕੀਤਾ ਜਾਂਦਾ ਹੈ, ਪੂਰੀ ਪਾਰਦਰਸ਼ਤਾ ਦੀਆਂ ਸ਼ਰਤਾਂ ਤਹਿਤ, ਤਾਂ ਇਹ ਇਕ ਅਜਿਹਾ ਮਨੁੱਖੀ ਸਰੋਤ ਨੀਤੀ ਪੱਤਰ ਹੋਵੇਗਾ ਜੋ ਕਿਸੇ ਵੀ ਸੰਸਥਾ ਵਲੋਂ ਸਾਹਮਣਾ ਕਰਨ ਵਾਲੀ ਵਸਤੂ ਸਥਿਤੀ ਦੇ ਅਨੁਰੂਪ ਹੋਵੇਗਾ, ਜਿਸ ਨਾਲ ਉਦੇਸ਼ਾਂ ਦੀ ਪ੍ਰਾਪਤੀ ਹੋ ਸਕੇ।

ਜ਼ਿਆਦਾ ਵਧੀਆ ਪ੍ਰਦਰਸ਼ਨ ਕਰਨ ਵਾਲੀਆਂ ਸੰਸਥਾਵਾਂ ਉਹ ਹਨ ਜਿਨ੍ਹਾਂ ਵਿਚ ਉਦੇਸ/ਮੰਤਵ ਦੀ ਸਪੱਸ਼ਟਤਾ, ਠੀਕ ਅਤੇ ਸੀਮਤ ਸ਼ਕਤੀਆਂ, ਉੱਚ ਜਵਾਬਦੇਹੀ ਤੰਤਰ, ਆਜ਼ਾਦੀ ਅਤੇ ਉੱਚ ਅਮਲ ਸੰਬੰਧੀ ਲਚਕ ਦਾ ਸੁਮੇਲ ਹੋਵੇ। ਇਨ੍ਹਾਂ ਪੰਜ ਪੱਖਾਂ ਨੂੰ ਇਕ ਪੈਕੇਜ ਵਜੋਂ ਵੇਖਿਆ ਜਾਣਾ ਚਾਹੀਦਾ ਹੈ। ਜਨਤਕ ਸੰਸਥਾਨਾਂ ਲਈ ਆਜ਼ਾਦੀ ਅਤੇ ਅਮਲ ਸੰਬੰਧੀ ਲਚਕ ਕਾਰਗੁਜ਼ਾਰੀ ਕਰਨ ਲਈ ਬੇਹੱਦ ਜ਼ਰੂਰੀ ਹਨ ਪਰ ਸਿਰਫ਼ ਉਦੋਂ ਜਦੋਂ ਸ਼ਕਤੀਆਂ ਸੀਮਤ ਹੋਣ ਅਤੇ ਸਪੱਸ਼ਟ ਉਦੇਸ਼

ਲਈ ਮਜ਼ਬੂਤ ਜਵਾਬਦੇਹੀ ਹੋਵੇ।

6. ਨਿੱਜੀ ਏਜੰਟ ਦੇ ਇਸਤੇਮਾਲ ਸੰਬੰਧੀ ਸਿਧਾਂਤ

*6.1 ਪੀ8 : ਜਦੋਂ ਸੰਭਵ ਹੋਵੇ, ਨਿੱਜੀ ਏਜੰਟ ਸਭ ਤੋਂ ਵਧੀਆ ਹਨ*

ਇਕ ਆਮ ਸਿਧਾਂਤ ਹੈ, ਜਦੋਂ ਏਜੰਟ ਇਕ ਨਿੱਜੀ ਫਰਮ ਹੋਵੇ ਤਾਂ ਇਹ ਜਨਤਕ ਸੰਸਥਾਨ ਨੂੰ ਏਜੰਟ ਰੱਖਣ ਨਾਲੋਂ ਹਮੇਸ਼ਾ ਵਧੀਆ ਹੁੰਦਾ ਹੈ। ਕਿਉਂਕਿ ਜਦੋਂ ਕਰਾਰਨਾਮਾ ਬਣ ਜਾਂਦਾ ਹੈ ਤਾਂ ਜਨਤਕ ਪ੍ਰਬੰਧਨ ਦੀ ਸਮੱਸਿਆ ਆਪਣੇ ਆਪ ਖਤਮ ਹੋ ਜਾਂਦੀ ਹੈ। ਇਕ ਜਟਿਲ ਕਰਾਰ ਦੀ ਜ਼ਰੂਰਤ ਹੁੰਦੀ ਹੈ ਜੋ ਕਿਸੇ ਫਰਮ ਨੂੰ ਅਜਿਹੇ ਤਰੀਕੇ ਨਾਲ ਲਾਭ ਪਹੁੰਚਾਵੇ ਜੋ ਉਪ ਫਰਮ ਦੀ ਕਾਰਗੁਜ਼ਾਰੀ ਲਈ ਵੀ ਜ਼ਰੂਰੀ ਹੁੰਦਾ ਹੈ। ਇਸ ਤੋਂ ਇਲਾਵਾ, ਫਰਮ ਦੇ ਅੰਦਰੂਨੀ ਪ੍ਰਬੰਧਨ ਵਿਚ ਕੋਈ ਜਟਿਲਤਾ ਨਹੀਂ ਹੈ। ਦੂਜੇ ਪਾਸੇ, ਜਦੋਂ ਏਜੰਟ ਜਨਤਕ ਸੰਸਥਾਨ ਹੋਵੇ ਤਾਂ ਜਨਤਕ ਪ੍ਰਬੰਧਨ ਦੀਆਂ ਸਮੱਸਿਆਵਾਂ ਤਬਦੀਲ ਹੋ ਜਾਂਦੀਆਂ ਹਨ, ਪਰ ਹੱਲ ਨਹੀਂ ਹੁੰਦੀਆਂ।

*6.2 ਪੀ9 : ਕੁੱਝ ਸਮੱਸਿਆਵਾਂ ਲਈ ਏਜੰਟ ਸਿਰਫ਼ ਜਨਤਕ ਸੰਸਥਾਨ ਹੀ ਹੋ ਸਕਦੇ ਹਨ*

ਜਦੋਂ ਏਜੰਟ ਨੂੰ ਰਾਜ ਦੀਆਂ ਸ਼ਕਤੀਆਂ ਦੇ ਇਸਤੇਮਾਲ ਲਈ ਸਸ਼ਕਤ ਕਰਨਾ ਹੋਵੇ (ਜਿਵੇਂ ਵਿੱਤੀ ਨਿਯਮਨ) ਤਾਂ ਇਹ ਨਿੱਜੀ ਫਰਮ ਨੂੰ ਦੇਣਾ ਔਖਾ ਹੋਵੇਗਾ। ਜਦੋਂ ਅਜਿਹਾ ਕੀਤਾ ਜਾਂਦਾ ਹੈ (ਉਦਾਹਰਣ ਲਈ, ਉਹ ਤਬਾਦਲੇ ਜਿਨ੍ਹਾਂ ਰਾਹੀਂ ਨਿਯਮਨ ਅਤੇ ਨਿਗਰਾਨੀ ਦੀ ਭੂਮਿਕਾ ਨਿਭਾਈ ਜਾਂਦੀ ਹੈ) ਤਾਂ ਇਸ ਲਈ ਏਜੰਟ ਦੀ ਮਲਕੀਅਤ ਅਤੇ ਸ਼ਾਸਨ 'ਤੇ ਕੁਝ ਪਾਬੰਦੀਆਂ ਲਾਉਣ ਦੀ ਵੀ ਲੋੜ ਪੈਂਦੀ ਹੈ।

ਦੂਸਰੀ ਉਦਾਹਰਣ ਠੇਕੇ 'ਤੇ ਦੇਣ ਦੀ ਹੈ ਜਿਵੇਂ ਐੱਨ ਐੱਚ ਏ ਆਈ ਵਲੋਂ ਕੀਤਾ ਜਾਂਦਾ ਹੈ। ਇਕ ਲਾਭ ਦੇ ਹਾਣ ਦਾ ਕਰਾਰਨਾਮਾ ਤਿਆਰ ਕਰਨਾ ਔਖਾ ਹੈ ਜਿਸ ਰਾਹੀਂ ਠੇਕੇ ਦੀ ਪ੍ਰਕਿਰਿਆ ਇਕ ਨਿੱਜੀ ਏਜੰਟ ਨੂੰ ਦੇ ਦਿਤੀ ਜਾਵੇ। ਜਦੋਂ ਏਜੰਟ ਨੂੰ ਸਿਰਫ਼ ਕੁਝ ਇਕ ਕਾਰਜ ਕਰਨ ਵਾਸਤੇ ਹੀ ਕਿਹਾ ਜਾਂਦਾ ਹੈ (ਜਿਵੇਂ ਸੜਕ ਸੰਬੰਧੀ ਅਮਲ, ਬਿਜਲੀ ਵੰਡ, ਕਲਾਸ ਵਿਚ ਪੜ੍ਹਾਉਣਾ) ਜਿਥੇ ਸ਼ਕਤੀ ਦੀ ਜ਼ਰੂਰਤ ਨਹੀਂ ਅਤੇ ਨਤੀਜੇ ਅਰਾਮ ਨਾਲ ਸਾਹਮਣੇ ਆ ਸਕਦੇ ਹਨ, ਤਾਂ ਏਜੰਟ ਆਮ ਤੌਰ ਤੇ ਨਿੱਜੀ ਫਰਮ ਹੋ ਸਕਦੀ ਹੈ।

## ਨਿਚੋੜ

ਭਾਰਤ ਦੀ ਪ੍ਰਮੁੱਖ ਸਮੱਸਿਆ ਰਾਜ ਦੀ ਸਮਰੱਥਾ ਦਾ ਵਿਕਾਸ ਕਰਨਾ ਹੈ। ਭਾਰਤੀ ਰਾਜ ਦਾ ਵਰਤਮਾਨ ਢਾਂਚਾ ਬਸਤੀਵਾਦੀ ਨਿਜ਼ਾਮ ਦੀ ਰਹਿੰਦ-ਖੂੰਹਦ ਹੈ ਜੋ ਬਾਜ਼ਾਰ ਆਰਥਿਕਤਾ ਵਿਚ ਸਮਾਜਿਕ ਉਦੇਸ਼ ਅਤੇ ਭਾਗੀਦਾਰੀ ਵਾਲੇ ਲੋਕਤੰਤਰ ਵਲੋਂ ਸਿਰਜਿਆ ਗਿਆ ਹੈ। ਰਾਜ ਦੀ ਸਮਰਥਾ ਦਾ ਨਿਰਮਾਣ ਕਰਨ ਲਈ, ਵਰਤਮਾਨ ਪ੍ਰਬੰਧ ਤੋਂ ਤਿੰਨ ਕਦਮ ਪਿੱਛੇ ਹਟਣਾ ਪਵੇਗਾ ਅਤੇ ਅੱਠ ਸਿਧਾਂਤ ਲਾਗੂ ਕਰਨੇ ਪੈਣਗੇ :

● ਵੱਧ ਤੋਂ ਵੱਧ, ਸਾਨੂੰ ਅਜਿਹੀਆਂ ਸਮੱਸਿਆਵਾਂ ਦੀ ਸੂਚੀ ਲੱਭਣੀ ਪਵੇਗੀ ਜਿਨ੍ਹਾਂ ਨੂੰ ਸਰਕਾਰੀ ਵਿਭਾਗਾਂ ਤੋਂ ਬਾਹਰ ਸੌਂਪਿਆ ਜਾ ਸਕੇ।

● ਠੇਕੇ 'ਤੇ ਦੇਣ ਤੋਂ ਪਹਿਲਾਂ ਰਾਜਨੀਤਕ ਵਿਚਾਰ ਲੈਣੇ ਜ਼ਰੂਰੀ ਹੋਣੇ ਚਾਹੀਦੇ ਹਨ।

● ਹਰੇਕ ਜਨਤਕ ਸੰਸਥਾਨ ਦਾ ਇਕ ਸਪੱਸ਼ਟ ਉਦੇਸ਼ ਹੋਵੇ।

● ਜਦੋਂ ਸੰਭਵ ਹੋਵੇ, ਨਿੱਜੀ ਏਜੰਟ ਜ਼ਿਆਦਾ ਵਧੀਆ ਹਨ।

● ਕੁਝ ਸਮੱਸਿਆਵਾਂ ਲਈ ਏਜੰਟ ਸਿਰਫ਼ ਜਨਤਕ ਸਭਾਵਾਂ ਹੀ ਹੋ ਸਕਦੀਆਂ ਹਨ।

● ਖਾਪ ਪੰਚਾਇਤ ਤੋਂ ਕਾਨੂੰਨ ਦੇ ਰਾਜ ਵੱਲ ਜਾਣ ਲਈ ਠੀਕ ਉਦੇਸ਼ ਅਤੇ ਸੀਮਤ ਸ਼ਕਤੀਆਂ ਦੀ ਜ਼ਰੂਰਤ ਹੈ।

● ਜਨਤਕ ਸਭਾਵਾਂ ਦੀ ਕਾਰਜ ਵਿਧੀ ਲਈ ਸੁਸ਼ਾਸਨ ਦੇ ਸਿਧਾਂਤ ਲਾਗੂ ਕਰਨੇ ਚਾਹੀਦੇ ਹਨ :

(1) ਸਾਰੇ ਮਹੱਤਵਪੂਰਨ ਫ਼ੈਸਲੇ ਬੋਰਡ ਦੁਆਰਾ ਲਏ ਜਾਣੇ ਚਾਹੀਦੇ ਹਨ, ਬੋਰਡ ਤੋਂ ਬਿਨਾਂ ਸੱਤਾ ਦਾ ਕੋਈ ਕੇਂਦਰ ਨਹੀਂ ਹੋਣਾ ਚਾਹੀਦਾ। ਨਿਯੁਕਤੀ ਦੀ ਪ੍ਰਕਿਰਿਆ ਅਤੇ ਬੋਰਡ ਦੇ ਸੰਵਾਦਾਂ ਵਿਚ ਸਰਕਾਰੀ ਨੁਮਾਇੰਦਿਆਂ ਵਲੋਂ ਰੱਖੇ ਵਿਚਾਰਾਂ ਤੋਂ ਬਿਨਾਂ ਸਰਕਾਰ ਨੂੰ ਜਨਤਕ ਸਭਾਵਾਂ ਦੇ ਕੰਮ ਵਿਚ ਦਖ਼ਲਅੰਦਾਜ਼ੀ ਨਹੀਂ ਕਰਨੀ ਚਾਹੀਦੀ।

(2) ਵਧੇਰੇ ਹਾਲਾਤ ਵਿਚ ਜਨਤਕ ਸਭਾਵਾਂ ਬੇਹਤਰ ਕੰਮ ਕਰਨਗੀਆਂ ਜਦੋਂ ਬੋਰਡ ਅੰਦਰ ਆਜ਼ਾਦ ਮਾਹਰਾਂ ਦੀ ਬਹੁਸੰਮਤੀ ਹੋਵੇਗੀ।

(3) ਸਾਰੇ ਫ਼ੈਸਲੇ ਰਸਮੀ ਵੋਟਿੰਗ ਦੁਆਰਾ ਲਏ ਜਾਣੇ ਚਾਹੀਦੇ ਹਨ ਅਤੇ ਵੋਟਿੰਗ ਦੇ ਰਿਕਾਰਡ ਨੂੰ ਜਨਤਕ ਤੌਰ ਤੇ ਨਸ਼ਰ ਕਰਨਾ ਚਾਹੀਦਾ ਹੈ।

(4) ਕਿਸੇ ਵੀ ਜਨਤਕ ਸੰਸਥਾਨ ਦੇ ਬੋਰਡ ਨੂੰ ਪੂਰੇ ਪਾਰਦਰਸ਼ੀ ਤਰੀਕੇ ਨਾਲ ਕੰਮ ਕਰਨਾ ਚਾਹੀਦਾ ਹੈ (i) ਬੋਰਡ ਮੀਟਿੰਗ ਤੋਂ ਘੱਟੋ-ਘੱਟ ਇਕ ਹਫ਼ਤਾ ਪਹਿਲਾਂ ਏਜੰਡਾ ਪ੍ਰਕਾਸ਼ਿਤ ਹੋ ਜਾਣਾ ਚਾਹੀਦਾ ਹੈ (ii) ਮੀਟਿੰਗ ਦੀ ਕਾਰਵਾਈ ਦਾ ਰਿਕਾਰਡ ਮੀਟਿੰਗ ਤੋਂ ਇਕਦਮ ਮਗਰੋਂ ਛਪ ਜਾਣਾ ਚਾਹੀਦਾ ਹੈ। (iii) ਬੋਰਡ ਦੀ ਕਾਰਵਾਈ ਨਾਲੋ-ਨਾਲ ਵੀਡੀਓ ਦੁਆਰਾ ਦਿਖਾਈ ਜਾਣੀ ਚਾਹੀਦੀ ਹੈ।

8. ਜਨਤਕ ਸਭਾਵਾਂ ਨੂੰ ਨਤੀਜੇ ਦੇਣ ਲਈ ਜ਼ਿਆਦਾ ਆਜ਼ਾਦੀ ਅਤੇ ਅਮਲ ਸੰਬੰਧੀ ਲਚਕ ਦੀ ਜ਼ਰੂਰਤ ਹੋਵੇਗੀ। ਪਰ ਇਹ ਤਾਂ ਹੀ ਸੰਭਵ ਹੋਵੇਗਾ ਜਦੋਂ ਸੀਮਤ ਅਤੇ ਠੀਕ ਸ਼ਕਤੀਆਂ ਹੋਣ, ਸਪੱਸ਼ਟ ਉਦੇਸ਼ ਦੀ ਪ੍ਰਾਪਤੀ ਲਈ ਜਵਾਬਦੇਹੀ ਹੋਵੇ।

9. ਇਹ ਕਾਨੂੰਨ ਮੁੱਖ ਧਿਰ ਅਤੇ ਏਜੰਟ ਦਰਮਿਆਨ ਠੇਕਾ ਹੈ। ਇਨ੍ਹਾਂ ਸਿਧਾਂਤਾਂ ਨੂੰ ਲਾਗੂ ਕਰਨ ਨਾਲ ਸਰਕਾਰੀ ਮੰਤਰਾਲਿਆਂ ਅਤੇ ਵਿਭਾਗਾਂ ਦਾ ਧਿਆਨ ਰਾਜਨੀਤਕ ਉਦੇਸ਼ਾਂ ਅਤੇ ਵਿਧਾਨ ਮੰਡਲ 'ਤੇ ਕੇਂਦਰਿਤ ਰਹੇਗਾ। ਵਿਭਾਗ ਉਨ੍ਹਾਂ ਉਪ-ਸਮੱਸਿਆਵਾਂ ਦੀ ਪਛਾਣ ਕਰਨਗੇ ਜੋ ਕਿਸੇ ਜਨਤਕ ਸਭਾ ਜਾਂ ਨਿੱਜੀ ਫਰਮ ਨੂੰ ਠੇਕੇ 'ਤੇ ਦਿੱਤੀਆਂ ਜਾ ਸਕਦੀਆਂ ਹਨ। ਸਾਰਾ ਧਿਆਨ ਉੱਚ ਪੱਧਰੀ ਕਾਨੂੰਨੀ ਤੰਤਰ ਦੇ ਬਣਾਉਣ ਵੱਲ ਰਹੇਗਾ : ਭਾਵੇਂ ਉਹ ਕਾਰਜਕਾਰਨੀ ਹੁਕਮ ਹੋਵੇ (ਕਾਨੂੰਨੀ ਜਨਤਕ ਸੰਸਥਾਨ ਦੀ ਸਥਾਪਤੀ ਲਈ ਜਾਂ ਠੇਕੇ (ਨਿੱਜੀ ਫਰਮਾਂ ਨਾਲ) ਕਰਨ ਲਈ। ਜਦੋਂ ਇਹ ਠੇਕਾ ਦਿਤਾ ਗਿਆ ਤਾਂ ਏਜੰਟ ਕੋਲ ਵਿਆਖਿਆਤ ਤਕਨੀਕੀ ਉਦੇਸ਼ਾਂ (ਰਾਜਨੀਤਕ ਨਹੀਂ) ਨੂੰ ਪ੍ਰਾਪਤ ਕਰਨ ਲਈ ਕਾਫੀ ਲਚਕੀਲਾਪਨ ਹੋਵੇਗਾ ਅਤੇ ਉਸ ਨੂੰ ਨਤੀਜੇ ਦੇਣ ਲਈ ਜਵਾਬਦੇਹ ਠਹਿਰਾਇਆ ਜਾ ਸਕੇਗਾ।

*(ਲੇਖਕ ਨਵੀਂ ਦਿੱਲੀ ਸਥਿਤ ਐੱਨ ਆਈ ਪੀ ਐੱਫ ਪੀ ਵਿਚ ਮੈਕਰੋ/ਫੀਨਾਂਸ ਗਰੁੱਪ ਨਾਲ ਸੰਬੰਧਿਤ ਹੈ।)*

*e-mail :ajayshah@mayin.org*

# 1990ਵਿਆਂ ਦੇ ਅੱਧ ਤੋਂ ਖੇਤੀ ਦੀ ਕਾਰਗੁਜ਼ਾਰੀ ਦਾ ਲੇਖਾ-ਜੋਖਾ

ਰਮੇਸ਼ ਚੰਦ

## ਜਾਣ-ਪਛਾਣ


1995 ਵਿਚ ਵਿਸ਼ਵ ਵਪਾਰ ਸੰਗਠਨ ਦਾ ਖੇਤੀਬਾੜੀ ਬਾਰੇ ਸਮਝੌਤਾ ਲਾਗੂ ਹੋਣ ਉਪਰੰਤ ਭਾਰਤ ਅਤੇ ਦੂਸਰੇ ਬਹੁਤ ਸਾਰੇ ਦੇਸ਼ਾਂ ਸਾਹਮਣੇ ਖੇਤੀਬਾੜੀ ਖੇਤਰ ਵਿਚ ਬਹੁਤ ਸਖਤ ਅਤੇ ਔਖੀਆਂ ਚੁਨੌਤੀਆਂ ਆਈਆਂ। ਇਸ ਦਾ ਪ੍ਰਮੁੱਖ ਕਾਰਨ ਖੇਤੀਬਾੜੀ ਵਸਤਾਂ ਦੀ ਕੀਮਤ ਵਿਚ ਤਿੱਖੀ ਗਿਰਾਵਟ ਸੀ। 1990 ਦੇ ਅੱਧ ਤੋਂ ਬਾਅਦ ਕੀਮਤਾਂ ਵਿਚ ਗਿਰਾਵਟ ਦਾ ਖੇਤੀਬਾੜੀ ਉਤਪਾਦਨ ਦੇ ਵਿਕਾਸ ਵਿਚ ਕਮੀ ਦਾ ਪ੍ਰਤੱਖ ਕਾਰਨ ਬਣਿਆ ਜਿਸ ਦੇ ਖੇਤੀਬਾੜੀ ਖੇਤਰ ਦੀ ਚਿੰਤਾ ਸਮੇਤ ਅਨੇਕ ਪ੍ਰਭਾਵ ਪਏ। ਇਸ ਗਿਰਾਵਟ ਨੂੰ ਰੋਕਣਾ ਅਤੇ ਖੇਤੀਬਾੜੀ ਖੇਤਰ ਦੇ ਮੱਠੇ ਵਿਕਾਸ ਨੂੰ ਨੱਥ ਪਾਉਣਾ ਬੜਾ ਔਖਾ ਤੇ ਟੇਢਾ ਕਾਰਜ ਸੀ। ਇਸ ਚੁਨੌਤੀ ਨਾਲ ਨਜਿੱਠਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਕਈ ਕਦਮ ਉਠਾਏ ਗਏ। ਪਿੱਛਲੇ ਨੌਂ ਸਾਲਾਂ (2004-05 ਤੋਂ 2012-13) ਦੌਰਾਨ ਖੇਤੀਬਾੜੀ ਖੇਤਰ ਵਿਚ ਪ੍ਰਸੰਸਾਯੋਗ ਬਦਲਾਅ ਦਰਜ ਕੀਤਾ ਗਿਆ ਹੈ ਭਾਵੇਂ ਕਿ ਪਿਛਲੇ ਵਰ੍ਹਿਆਂ ਦੌਰਾਨ ਗ਼ੈਰ-ਖੇਤੀਬਾੜੀ ਖੇਤਰ ਦੀ ਵਿਕਾਸ ਦਰ ਥੋੜ੍ਹੀ ਮੱਠੀ ਹੋਈ ਹੈ। ਵਿਕਾਸ ਤੋਂ ਇਲਾਵਾ, ਦਰਅਸਲ, ਵਿਕਾਸ ਦੀ ਗੁਣਵੱਤਾ ਵਿਚ ਵੀ ਕਾਫੀ ਸੁਧਾਰ ਆਇਆ ਹੈ ਅਤੇ ਸਮਾਵੇਸ਼, ਖੇਤਰੀ ਭਾਈਵਾਲੀ ਅਤੇ ਪੌਸ਼ਟਿਕ ਸੁਰੱਖਿਆ ਦੇ ਖੇਤਰਾਂ ਵਿਚ ਵੀ ਤਰੱਕੀ ਹੋਈ ਹੈ। ਭਾਵੇਂ ਕਿ ਇਹ ਪ੍ਰਾਪਤੀਆਂ ਆਪਣੇ-ਆਪ ਵਿਚ ਬਹੁਤ ਅਹਿਮ ਅਤੇ ਨਿਵੇਕਲੀਆਂ ਹਨ ਪਰ ਦੇਸ਼ ਵਿਚ ਇਨ੍ਹਾਂ ਬਾਰੇ ਗੱਲ ਬਹੁਤ ਘੱਟ ਹੋ ਰਹੀ ਹੈ। ਸਾਡੇ ਵਿਚੋਂ ਬਹੁਤ ਸਾਰਿਆਂ ਦਾ ਝੁਕਾਅ ਹਰੀ ਕ੍ਰਾਂਤੀ ਦੀਆਂ ਪ੍ਰਾਪਤੀਆਂ ਵੱਲ ਜ਼ਿਆਦਾ ਹੈ ਅਤੇ ਅਸੀਂ ਹਾਲੀਆ ਪ੍ਰਾਪਤੀਆਂ ਨੂੰ ਮੰਨਣ ਲਈ ਤਿਆਰ ਨਹੀਂ ਕਿਉਂਕਿ ਇਹ ਇਕ ਜਾਂ ਦੋ ਫ਼ਸਲਾਂ ਦੀ ਕ੍ਰਾਂਤੀ 'ਤੇ ਆਧਾਰਤ ਨਹੀਂ ਜਾਂ ਇਹ ਇਕ ਖ਼ਾਸ ਭੂ-ਖੇਤਰ ਤਕ ਸੀਮਤ ਨਹੀਂ। ਦੂਸਰਾ, ਖਾਣ-ਪੀਣ ਵਾਲੀਆਂ ਵਸਤਾਂ ਦੀ ਉੱਚ ਮਹਿੰਗਾਈ ਦਰ ਨੇ ਉਤਪਾਦਨ ਦੇ ਮੋਰਚੇ ਨੂੰ ਗ੍ਰਹਿਣ ਲਾ ਦਿਤਾ ਹੈ। ਭਾਰਤ ਦੇ ਖੇਤੀ ਖੇਤਰ ਦਾ ਭਵਿੱਖ ਉੱਜਲਾ ਕਰਨ ਲਈ 1990 ਦੇ ਮੱਧ ਤੋਂ ਖੇਤੀਬਾੜੀ ਦੀ ਦਿਸ਼ਾ ਵਿਚ ਆਈ ਗਿਰਾਵਟ ਅਤੇ ਸੁਧਾਰ ਨੂੰ ਠੀਕ ਤਰ੍ਹਾਂ ਸਮਝਣਾ ਬਹੁਤ ਜ਼ਰੂਰੀ ਹੈ। ਇਹ ਪਰਚਾ ਖੇਤੀਬਾੜੀ ਦੀ ਤਾਜ਼ਾ ਵਰ੍ਹਿਆਂ ਦੀ ਕਾਰਗੁਜ਼ਾਰੀ ਦੀ ਪਿਛਲੇ ਦਹਾਕੇ ਨਾਲ ਤੁਲਨਾ ਕਰਨ ਦੀ ਕੋਸ਼ਿਸ਼ ਹੈ ਅਤੇ ਹਾਲੀਆ 10 ਕੁ ਸਾਲਾਂ ਦੌਰਾਨ ਖੇਤੀ ਖੇਤਰ ਦੀਆਂ ਪ੍ਰਾਪਤੀਆਂ ਉੱਤੇ ਵੀ ਇਕ ਝਾਤ ਪਾਉਂਦਾ ਹੈ। ਪ੍ਰਭਾਵਾਂ ਸਹਿਤ ਇਹ ਵੀ ਵਿਚਾਰ ਕਰਦਾ ਹੈ ਕਿ ਖੇਤੀਬਾੜੀ ਵਿਚ ਮਹੱਤਵਪੂਰਨ ਮੋੜ ਕਦੋਂ ਤੇ ਕਿਵੇਂ ਆਇਆ ਜਿਸ ਨਾਲ ਭਾਰਤ ਦੇ ਖੇਤੀ ਖੇਤਰ ਦੇ ਵਿਕਾਸ ਦੀ ਗਾਥਾ ਨੂੰ ਸਮਝਣ ਦਾ ਮੌਕਾ ਮਿਲ ਸਕੇ।

## ਵਿਕਾਸ ਦੇ ਰੁਝਾਨ ਅਤੇ ਬਣਤਰ


ਅੱਠਵੀਂ ਪੰਜ ਸਾਲਾ ਯੋਜਨਾ (1992-93 ਤੋਂ 1996-97) ਖੇਤੀ ਖੇਤਰ ਵਿਚ ਸਾਲਾਨਾ ਪੰਜ ਪ੍ਰਤਿਸ਼ਤ ਵਿਕਾਸ ਦਰ ਹਾਸਲ ਕੀਤੀ ਗਈ ਅਤੇ ਨੌਂਵੀਂ ਪੰਜ ਸਾਲਾ ਯੋਜਨਾ (1997-2002) ਲਈ 4.5 ਪ੍ਰਤਿਸ਼ਤ ਵਿਕਾਸ ਦਰ ਦਾ ਟੀਚਾ ਮਿਥਿਆ ਗਿਆ। ਇਸ ਟੀਚੇ ਦੇ ਖ਼ਿਲਾਫ਼, ਅਸਲ ਵਿਕਾਸ ਦਰ ਨੌਂਵੀਂ ਅਤੇ ਦਸਵੀਂ ਪੰਜ ਸਾਲਾ ਯੋਜਨਾ ਦੌਰਾਨ ਸਿਰਫ਼ 2.48 ਪ੍ਰਤਿਸ਼ਤ ਹੀ ਪ੍ਰਾਪਤ ਕੀਤੀ ਜਾ ਸਕੀ। ਗਿਆਰ੍ਹਵੀਂ ਪੰਜ ਸਾਲਾ ਯੋਜਨਾ ਲਈ ਵਿਕਾਸ ਦਰ 4 ਪ੍ਰਤਿਸ਼ਤ ਨਿਰਧਾਰਿਤ ਕੀਤੀ ਗਈ ਸੀ ਜੋ ਬਾਰ੍ਹਵੀਂ ਪੰਜ ਸਾਲਾ ਯੋਜਨਾ ਲਈ ਵੀ ਬਰਕਰਾਰ ਰੱਖਿਆ ਗਿਆ ਹੈ। ਪਿਛਲੀਆਂ ਦੋ ਪੰਜ ਸਾਲਾ ਯੋਜਨਾਵਾਂ ਦੇ ਉਲਟ 11ਵੀਂ ਪੰਜ ਸਾਲਾ ਯੋਜਨਾ ਦੌਰਾਨ ਖੇਤੀਬਾੜੀ ਦੀ ਕੁੱਲ ਘਰੇਲੂ ਉਤਪਾਦ ਦੀ ਔਸਤ ਵਿਕਾਸ ਦਰ 4.06 ਪ੍ਰਤਿਸ਼ਤ ਦਰਜ ਕੀਤੀ ਗਈ। 2012-13 ਦੌਰਾਨ ਵਿਕਾਸ ਦਰ, ਜੋ 12ਵੀਂ ਪੰਜ ਸਾਲਾ ਯੋਜਨਾ ਦਾ ਪਹਿਲਾ ਸਾਲ ਹੈ, 1.4 ਪ੍ਰਤਿਸ਼ਤ ਸੀ ਅਤੇ 2013 ਦੌਰਾਨ ਵਿਕਾਸ ਦਰ, ਜੋ 12ਵੀਂ ਪੰਜ ਸਾਲਾ ਯੋਜਨਾ ਦਾ ਪਹਿਲਾ ਸਾਲ ਹੈ, 1.4 ਪ੍ਰਤਿਸ਼ਤ ਸੀ ਅਤੇ 2013-14 ਲਈ ਅਗਾਊਂ ਅੰਦਾਜ਼ਾ ਜੋ 12ਵੀਂ ਪੰਜ ਸਾਲਾ ਯੋਜਨਾ ਦਾ ਦੂਜਾ ਸਾਲ ਹੈ, ਲਈ ਵਿਕਾਸ ਦਰ 4.6 ਪ੍ਰਤਿਸ਼ਤ ਰੱਖੀ ਗਈ ਹੈ। ਵਿਕਾਸ ਦੀਆਂ ਦਰਾਂ ਇਹ ਭੇਤ ਖੋਲ੍ਹਦੀਆਂ ਹਨ ਕਿ ਪਿਛਲੇ 10 ਸਾਲਾਂ ਦੌਰਾਨ 2.5 ਪ੍ਰਤਿਸ਼ਤ ਦੀ ਵਿਕਾਸ ਦਰ ਤੋਂ ਬਾਅਦ, 9ਵੀਂ ਅਤੇ 10ਵੀਂ ਪੰਜ ਸਾਲਾ ਯੋਜਨਾ ਦੌਰਾਨ ਖੇਤੀਬਾੜੀ ਵਿਕਾਸ ਦਰ ਵਧ ਕੇ 3.5 ਪ੍ਰਤਿਸ਼ਤ ਦੇ ਪੱਧਰ ਤਕ ਪਹੁੰਚ ਗਈ ਹੈ। ਇਹ ਵੇਖਣਾ ਬੇਹੱਦ ਦਿਲਚਸਪ ਹੋਵੇਗਾ ਕਿ ਅਸਲ ਵਿਚ ਕਿਹੜੇ ਸਾਲ ਵਿਚ ਇਹ ਮਹੱਤਵਪੂਰਨ ਤਬਦੀਲੀ ਆਈ ਅਤੇ ਇਸ ਤਬਦੀਲੀ ਤੋਂ ਬਾਅਦ ਦੇ ਦੌਰ ਦੀ ਇਸ ਤੋਂ ਪਹਿਲੇ ਦੌਰ ਨਾਲ ਤੁਲਨਾ ਕਿਵੇਂ ਕੀਤੀ ਜਾ ਸਕਦੀ ਹੈ।

ਰਮੇਸ਼ ਚੰਦ ਅਤੇ ਪਰਾਪਰੂਬੂ (2012) ਵਲੋਂ ਕੀਤੇ ਅਧਿਐਨ ਅਨੁਸਾਰ ਖੇਤੀ ਕੁੱਲ ਘਰੇਲੂ ਉਤਪਾਦ ਵਿਚ 1995-96 ਦੌਰਾਨ ਢਾਂਚਾਗਤ ਖੜੋਤ ਆਈ ਜਿਸ ਨਾਲ ਵਿਕਾਸ ਦਰ ਦਾ ਪੈਮਾਨਾ ਹੇਠਾਂ ਆਇਆ। ਇਸ ਤੋਂ ਬਾਅਦ 2004-05 ਦੌਰਾਨ ਇਕ ਹੋਰ ਤਬਦੀਲੀ ਆਈ ਜਿਸ ਨਾਲ ਵਿਕਾਸ ਦਰ ਉਤਾਂਹ ਵੱਲ ਜਾਣ ਲੱਗ ਪਈ। ਇਹ ਸਭ ਕੁਝ ਦਹਾਕਿਆਂ ਬੱਧੀ ਵਿਕਾਸ ਦਰ ਦੇ ਰੁਝਾਨਾਂ ਤੋਂ ਵੀ ਵੇਖਿਆ ਜਾ ਸਕਦਾ ਹੈ ਜਿਸ ਅਨੁਸਾਰ ਖੇਤੀਬਾੜੀ ਦਾ ਕੁੱਲ ਘਰੇਲੂ ਉਤਪਾਦ 1971-72 ਤੋਂ 1980-81 ਦੇ

ਚਿੱਤਰ-1 1971-72/1980-81 ਤੋਂ 2003-04/2012-13 ਤੋਂ ਵੱਖ-ਵੱਖ ਦਹਾਕਿਆਂ ਵਿਚ ਕੁੱਲ ਘਰੇਲੂ ਉਤਪਾਦ ਖੇਤੀਬਾੜੀ ਦਾ ਵਿਕਾਸ ਪੱਥ




ਚਿੱਤਰ-2 2004-05 ਦੀਆਂ ਕੀਮਤਾਂ 'ਤੇ ਆਧਾਰਤ ਕੁੱਲ ਘਰੇਲੂ ਉਤਪਾਦ ਖੇਤੀ ਦੇ ਸੰਬੰਧਿਤ ਖੇਤਰ ਵਿਚ ਵਿਕਾਸ ਵਾਧਾ




ਦਹਾਕਿਆਂ ਤੋਂ ਸ਼ੁਰੂ ਹੋ ਕੇ 2003-04 ਤੋਂ 2012-13 ਦੇ ਦਹਾਕਿਆਂ ਦੀ ਸਮਾਪਤੀ ਤਕ ਮੁਲੰਕਣ ਕੀਤਾ ਜਾ ਸਕਦਾ ਹੈ। (ਚਿੱਤਰ-1)। ਜਦੋਂ ਵਿਕਾਸ ਦਰ ਦੇ ਰੁਝਾਨਾਂ ਦਾ ਅੰਦਾਜ਼ਾ ਲਾਉਣ ਲਈ 10 ਵਰ੍ਹਿਆਂ ਦਾ ਕਾਲਖੰਡ ਵਰਤਿਆ ਜਾਂਦਾ ਹੈ ਤਾਂ ਦੋ ਬਹੁਤ ਸਾਫ਼ ਵਕਫ਼ੇ, ਪਹਿਲਾ 1996-97 ਅਤੇ ਦੂਜਾ 2005-06 ਦੇ ਸਮੇਂ ਦੌਰਾਨ ਵੇਖੇ ਜਾ ਸਕਦੇ ਹਨ।

ਉੱਪਰ ਦਿਤੇ ਸਬੂਤ ਇਹ ਸਾਫ਼ ਦਰਸਾਉਂਦੇ ਹਨ ਕਿ ਪਿਛਲੇ ਦੋ ਦਹਾਕਿਆਂ ਦੌਰਾਨ ਖੇਤੀਬਾੜੀ ਦੀ ਕਾਰਗੁਜ਼ਾਰੀ ਨੂੰ ਦੋ ਕਾਲ ਖੰਡਾਂ ਵਿਚ ਵੰਡਿਆ ਜਾ ਸਕਦਾ ਹੈ : ਪਹਿਲਾ ਕਾਲ ਖੰਡ 1995-96 ਤੋਂ 2005-06 ਜੋ ਖੇਤੀਬਾੜੀ ਵਿਚ ਧੀਮੇਪਨ ਨੂੰ ਦਰਸਾਉਂਦਾ ਹੈ, ਦੂਜਾ ਕਾਲਖੰਡ 2005-06 ਤੋਂ ਸ਼ੁਰੂ ਹੁੰਦਾ ਹੈ ਜਿਸ ਵਿਚ ਸੁਧਾਰ ਅਤੇ ਵਿਕਾਸ ਦੀ ਗਤੀ ਫੜਨ ਨੂੰ ਦਰਸਾਇਆ ਗਿਆ ਹੈ। ਹੋਰ, 2004-05 ਤੋਂ ਸ਼ੁਰੂ ਹੋਏ ਦਹਾਕੇ ਦੀ ਵਿਕਾਸ ਦਰ ਦੀ ਤੁਲਨਾ ਪਿਛਲੇ ਦੋ ਦਹਾਕਿਆਂ ਨਾਲ ਕੀਤੀ ਜਾਂਦੀ ਹੈ। ਖੇਤੀਬਾੜੀ ਅਤੇ ਸਹਾਇਕ ਧੰਦਿਆਂ ਦੇ ਕੁੱਲ ਘਰੇਲੂ ਉਤਪਾਦ ਦੇ 2004-05 ਤੋਂ ਬਾਅਦ ਦੇ ਅੰਕੜੇ 2012-13 ਤਕ ਉਪਲਬਧ ਹਨ, ਮਤਲਬ ਨੌਂ ਸਾਲਾਂ ਲਈ। ਹਾਲੀਆ ਦਹਾਕੇ (9 ਸਾਲ) ਦੌਰਾਨ ਕੁੱਲ ਘਰੇਲੂ ਉਤਪਾਦ ਦੇ ਵਿਕਾਸ ਦਰ ਦੇ ਰੁਝਾਨ ਚਿੱਤਰ-2 ਵਿਚ ਦਿਖਾਏ ਗਏ ਹਨ। ਇਸ ਤੋਂ ਪਤਾ ਚੱਲਦਾ ਹੈ ਕਿ 1988-89 ਤੋਂ 1996-97 ਤਕ ਭਾਰਤੀ ਖੇਤੀਬਾੜੀ 3.15 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਿਕਸਤ ਹੋਈ ਜੋ ਅਗਲੇ 9 ਸਾਲਾਂ ਵਿਚ ਮੂਧੇ ਮੂੰਹ ਹੋ ਕੇ 1.92 ਪ੍ਰਤਿਸ਼ਤ ਤਕ ਆ ਗਈ। ਇਹ ਬਹੁਤ ਮੱਠੀ ਵਿਕਾਸ ਦਰ ਸੀ ਜਿਸ ਦੇ ਖੇਤੀਬਾੜੀ ਆਰਥਿਕਤਾ 'ਤੇ ਅਨੇਕ ਬੁਰੇ ਪ੍ਰਭਾਵ ਪਏ ਜੋ ਖੇਤੀਬਾੜੀ ਭਾਈਚਾਰੇ ਤਕ ਵੀ ਪੁੱਜੇ। ਇਸ ਨਾਲ ਰਾਸ਼ਟਰੀ ਅੰਨ ਸੁਰੱਖਿਆ ਨੂੰ ਵੀ ਗੰਭੀਰ ਖ਼ਤਰੇ ਪੈਦਾ ਹੋ ਗਏ।

10ਵੀਂ ਪੰਜ ਸਾਲਾ ਯੋਜਨਾ ਦੇ ਅਖ਼ੀਰ ਅਤੇ 11ਵੀਂ ਪੰਜ ਸਾਲਾ ਯੋਜਨਾ ਦੀ ਸ਼ੁਰੂਆਤ ਵਿਚ ਇਸ ਖੇਤਰ ਨੂੰ ਮੁੜ ਸੁਰਜੀਤ ਕਰਨ ਲਈ ਕੁੱਝ ਕਦਮ ਉਠਾਏ ਗਏ। ਸਿੱਟੇ ਵਜੋਂ, 2004-05 ਤੋਂ 2012-13 ਦੌਰਾਨ ਵਿਕਾਸ ਦਰ ਵਧ ਕੇ 3.75 ਪ੍ਰਤਿਸ਼ਤ ਹੋ ਗਈ। ਇਹ ਦੇਸ਼ ਲਈ ਮਾਣ ਵਾਲੀ ਗੱਲ ਹੈ ਕਿ ਖੇਤੀ ਖੇਤਰ ਦੂਰਗਾਮੀ ਵਿਕਾਸ ਪੰਧ 'ਤੇ ਮੁੜ ਆ ਗਿਆ ਹੈ ਅਤੇ ਹੁਣ ਮਿੱਥੀ 4 ਪ੍ਰਤਿਸ਼ਤ ਵਿਕਾਸ ਦਰ ਦੇ ਨੇੜੇ ਪਹੁੰਚ ਰਿਹਾ ਹੈ।

## 2.2 ਵਿਆਪਕ ਵਿਕਾਸ

ਖੇਤੀ ਉਤਪਾਦਨ ਵਿਕਾਸ ਦਰ ਵਿਚ ਵਾਧਾ ਸਿਰਫ਼ ਕੁਝ ਹਲਕਿਆਂ, ਵਸਤਾਂ ਜਾਂ ਪ੍ਰਮੁੱਖ ਉਤਪਾਦਾਂ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਇਹ ਵਿਕਾਸ ਹਰ ਪਾਸੇ ਹੋਇਆ ਹੈ। ਉੱਪ-ਖੇਤਰਾਂ ਵਿਚ, ਫ਼ਸਲ ਦੇ ਖੇਤਰ ਵਿਚ 3.3 ਪ੍ਰਤਿਸ਼ਤ, ਫ਼ਲਾਂ ਅਤੇ ਸਬਜ਼ੀਆਂ ਵਿਚ 5.3 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਦਰਜ ਕੀਤੀ ਗਈ ਹੈ। ਪਸ਼ੂਧਨ ਉਤਪਾਦਨ 4.8 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਿਕਸਤ ਹੋਇਆ ਜਦ ਕਿ ਮੱਛੀ ਪਾਲਣ ਖੇਤਰ ਦੀ ਵਿਕਾਸ ਦਰ 4.5 ਪ੍ਰਤਿਸ਼ਤ ਰਹੀ। ਹਾਲੀਆ ਦਹਾਕੇ ਦੌਰਾਨ ਵਿਕਾਸ ਦੀ ਦਰ ਬਹੁਤ ਸਾਰੇ ਮਾਮਲਿਆਂ ਵਿਚ ਇਤਿਹਾਸਕ ਰਹੀ। ਪਿਛਲੇ 9 ਸਾਲਾਂ (2003-04 ਤੋਂ 2011-12) ਦੌਰਾਨ ਫ਼ਸਲ ਖੇਤਰ ਦੀ ਵਿਕਾਸ ਦਰ ਪਿਛਲੇ ਦਹਾਕੇ ਨਾਲੋਂ 75 ਪ੍ਰਤਿਸ਼ਤ ਜ਼ਿਆਦਾ ਰਹੀ ਹੈ (ਤਾਲਿਕਾ-1)। ਪਸ਼ੂਧਨ ਅਤੇ ਬਾਗ਼ਬਾਨੀ ਖੇਤਰਾਂ ਵਿਚ ਵਿਕਾਸ ਦਰ ਪਿਛਲੇ 9 ਸਾਲਾਂ ਦੇ ਮੁਕਾਬਲੇ 41 ਅਤੇ 48 ਪ੍ਰਤਿਸ਼ਤ ਜ਼ਿਆਦਾ ਰਹੀ ਹੈ।

## ਵੱਖ-ਵੱਖ ਫ਼ਸਲਾਂ ਦਾ ਵਿਕਾਸ ਰੁਝਾਨ

ਭਾਰਤ ਵਿਚ ਅਨਾਜ ਦਾ ਉਤਪਾਦਨ 1995-

| ਤਾਲਿਕਾ-1 ਖੇਤੀਬਾੜੀ ਦੇ ਵੱਖ-ਵੱਖ ਉਪ-ਖੇਤਰਾਂ ਵਿਚ ਉਤਪਾਦਨ ਵਿਕਾਸ ਦਰ ਦੇ ਰੁਝਾਨ : ਪ੍ਰਤਿਸ਼ਤ ਵਿਚ | | | |
|---|---|---|---|
| ਉਪ-ਖੇਤਰ | 1987-88 ਤੋਂ 1995-96 | 1995-96 ਤੋਂ 2003-04 | 2003-04 ਤੋਂ 2011-12 |
| ਫ਼ਸਲ ਖੇਤਰ | 2.97 | 1.87 | 3.28 |
| ਪਸ਼ੂ ਧਨ | 4.10 | 3.43 | 4.84 |
| ਫਲ ਤੇ ਸਬਜ਼ੀਆਂ | 4.29 | 3.79 | 5.33 |
| ਮੱਛੀ ਪਾਲਣ ਖੇਤਰ | 7.22 | 3.02 | 4.48 |

| ਤਾਲਿਕਾ-2 : ਚੋਣਵੀਆਂ ਫ਼ਸਲਾਂ/ਸਮੂਹਾਂ ਦੇ ਭੌਤਿਕ ਉਤਪਾਦਨ ਵਿਕਾਸ ਦਰ ਵਿਚ ਪ੍ਰਤਿਸ਼ਤ ਵਾਧਾ | | |
|---|---|---|
| ਫ਼ਸਲ/ਸਮੂਹ | 1994-95 ਤੋਂ 2003-04 | 2003-04 ਤੋਂ 2012-13 |
| ਅਨਾਜ | 0.71 | 2.66 |
| ਮੋਟੇ ਅਨਾਜ | 0.81 | 2.61 |
| ਦਾਲਾਂ | -0.64 | 3.31 |
| ਚੌਲ | 0.62 | 1.99 |
| ਕਣਕ | 1.03 | 3.60 |
| ਮੱਕੀ | 4.43 | 5.51 |
| ਛੋਲੇ | -2.37 | 5.59 |
| ਅਰਹਰ | 0.14 | 2.05 |
| ਤੇਲ ਬੀਜ | -1.65 | 2.47 |
| ਸੋਇਆਬੀਨ | 3.35 | 7.61 |
| ਗੁੜ | -0.47 | 4.01 |
| ਕਪਾਹ | -2.23 | 10.46 |
| ਫਲ ਤੇ ਸਬਜ਼ੀਆਂ | 2.64 | 6.26 |
| ਸਬਜ਼ੀਆਂ | 3.24 | 6.37 |
| ਫਲ | 1.53 | 6.04 |
| ਕੇਲਾ | 0.92 | 7.57 |
| ਅੰਬ | 0.96 | 4.44 |
| ਨਿੰਬੂ ਜਾਤੀ | 4.50 | 5.34 |
| ਪਿਆਜ਼ | 3.07 | 12.98 |
| ਆਲੂ | 2.90 | 8.94 |

97 ਅਤੇ 2003-05 ਦੇ ਕਾਲਖੰਡ ਦੌਰਾਨ 190 ਮਿਲੀਅਨ ਟਨ ਤੋਂ ਵਧ ਕੇ 206 ਮਿਲੀਅਨ ਟਨ ਹੋ ਗਿਆ। 8 ਸਾਲਾਂ ਵਿਚ 16 ਮਿਲੀਅਨ ਟਨ ਦਾ ਇਜ਼ਾਫ਼ਾ ਹੋਇਆ। ਅਗਲੇ 8 ਸਾਲਾਂ ਦੌਰਾਨ ਅਨਾਜ ਉਤਪਾਦਨ 50 ਮਿਲੀਅਨ ਟਨ ਵਧ ਕੇ 2011-13 ਤਕ 257 ਮਿਲੀਅਨ ਟਨ ਤਕ ਪਹੁੰਚ ਗਿਆ। 2003-05 ਤੋਂ ਬਾਅਦ ਚੌਲ, ਕਣਕ ਅਤੇ ਮੱਕੀ ਦੇ ਉਤਪਾਦਨ ਵਿਚ ਰਿਕਾਰਡ ਵਾਧਾ ਦਰਜ ਕੀਤਾ ਗਿਆ। ਮੱਕੀ ਦਾ ਉਤਪਾਦਨ 1995-96 ਤਕ 10 ਮਿਲੀਅਨ ਟਨ ਤੋਂ ਹੇਠਾਂ ਸੀ ਜੋ 2010-11 ਵਿਚ ਵਧ ਕੇ 21 ਮਿਲੀਅਨ ਟਨ ਹੋ ਗਿਆ। ਇੰਝ 15 ਸਾਲਾਂ ਵਿਚ ਦੇਸ਼ ਵਿਚ ਮੱਕੀ ਦਾ ਉਤਪਾਦਨ ਦੁੱਗਣਾ ਹੋ ਗਿਆ।

1990-91 ਤੋਂ 2005-06 ਦੇ 15 ਸਾਲਾਂ ਦੌਰਾਨ ਦਾਲਾਂ ਦਾ ਉਤਪਾਦਨ ਭਾਰਤ ਵਿਚ 13 ਮਿਲੀਅਨ ਟਨ 'ਤੇ ਸਥਿਰ ਰਿਹਾ। 2010-11 ਸਾਲ ਵਿਚ ਇਸ ਵਿਚ ਰਿਕਾਰਡ ਵਾਧਾ ਦਰਜ ਕੀਤਾ ਗਿਆ ਜਦੋਂ ਇਕ ਸਾਲ ਵਿਚ 25 ਪ੍ਰਤਿਸ਼ਤ ਵਾਧੇ ਨਾਲ ਉਤਪਾਦਨ 14.6 ਮਿਲੀਅਨ ਟਨ ਤੋਂ ਵਧ ਕੇ 18.2 ਮਿਲੀਅਨ ਟਨ ਹੋ ਗਿਆ।

8 ਵਰ੍ਹਿਆਂ ਵਿਚ ਉਤਪਾਦਨ ਦੁੱਗਣਾ ਹੋਣ ਨਾਲ ਸੋਇਆਬੀਨ ਅਤੇ ਕਪਾਹ ਉਤਪਾਦਨ ਵਿਚ ਕਮਾਲ ਦਾ ਵਿਕਾਸ ਹੋਇਆ ਹੈ। 2003-05 ਦੇ ਸੋਇਆਬੀਨ ਦੇ 7.3 ਮਿਲੀਅਨ ਟਨ ਅਤੇ ਕਪਾਹ ਦੀਆਂ 15.1 ਮਿਲੀਅਨ ਗੰਢਾਂ ਦੇ ਮੁਕਾਬਲੇ ਹੁਣ ਭਾਰਤ ਵਿਚ 13.4 ਮਿਲੀਅਨ ਟਨ ਸੋਇਆਬੀਨ ਅਤੇ 34.6 ਮਿਲੀਅਨ ਕਪਾਹ ਦੀਆਂ ਗੰਢਾਂ ਦਾ ਉਤਪਾਦਨ ਹੋ ਰਿਹਾ ਹੈ। ਭਾਰਤੀ ਖੇਤੀ ਨੇ ਗੰਨੇ ਦੇ ਉਤਪਾਦਨ ਵਿਚ ਵਾਧਾ ਕਰਕੇ ਇਕ ਹੋਰ ਮਾਅਰਕਾ ਮਾਰਿਆ ਹੈ। 1999-2000 ਸਾਲ ਵਿਚ ਭਾਰਤ ਵਿਚ ਗੰਨੇ ਦਾ ਉਤਪਾਦਨ ਵਧ ਕੇ ਲਗਭਗ 300 ਮਿਲੀਅਨ ਟਨ ਹੋ ਗਿਆ ਅਤੇ ਬਾਅਦ ਵਿਚ ਇਸ ਵਿਚ ਗਿਰਾਵਟ ਆਈ। 2006-07 ਵਿਚ ਗੰਨੇ ਦਾ ਉਤਪਾਦਨ ਦੁਬਾਰਾ ਲੀਹ 'ਤੇ ਆ ਗਿਆ। ਮੌਜੂਦਾ ਸਮੇਂ ਵਿਚ 350 ਮਿਲੀਅਨ ਟਨ ਗੰਨੇ ਦਾ ਉਤਪਾਦਨ ਹੋ ਰਿਹਾ ਹੈ ਅਤੇ ਭਾਰਤ ਕੋਲ ਖੰਡ ਦੇ ਵਾਧੂ ਭੰਡਾਰ ਪਏ ਹਨ।

1990ਵਿਆਂ ਦੇ ਮੱਧ ਵਿਚ ਭਾਰਤ ਨੇ 114 ਮਿਲੀਅਨ ਟਨ ਫਲ ਅਤੇ ਸਬਜ਼ੀਆਂ ਦਾ ਉਤਪਾਦਨ ਕੀਤਾ। ਅਗਲੇ 8 ਸਾਲਾਂ ਵਿਚ ਉਤਪਾਦਨ ਵਧ ਕੇ 143 ਮਿਲੀਅਨ ਟਨ ਹੋ ਗਿਆ। 2003-05 ਅਤੇ 2011-13 ਦਰਮਿਆਨ ਫਲਾਂ ਅਤੇ ਸਬਜ਼ੀਆਂ ਦਾ ਉਤਪਾਦਨ ਵਧ ਕੇ 235 ਮਿਲੀਅਨ ਟਨ ਹੋ ਗਿਆ। 2003-05 ਤੋਂ ਬਾਅਦ 8 ਸਾਲਾਂ ਵਿਚ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਵਿਚ 60 ਪ੍ਰਤਿਸ਼ਤ ਵਾਧਾ ਹੋਇਆ ਜੋ ਪਿਛਲੇ ਸਮੇਂ ਦੇ ਮੁਕਾਬਲੇ ਕਾਫ਼ੀ ਵੱਧ ਹੈ। ਇਹ ਵਿਕਾਸ ਦਰਾਂ 2011-13 ਦੌਰਾਨ, ਫਲਾਂ ਦਾ ਉਤਪਦਨ ਵਧ ਕੇ 77 ਮਿਲੀਅਨ ਟਨ ਅਤੇ ਸਬਜ਼ੀਆਂ ਦਾ ਉਤਪਾਦਨ 158 ਮਿਲੀਅਨ ਟਨ ਹੋ ਗਿਆ।

ਪਿਆਜ਼ ਅਤੇ ਆਲੂ ਦੇ ਉਤਪਾਦਨ ਵਿਚ ਬੇਮਿਸਾਲ ਵਾਧਾ ਵੇਖਣ ਨੂੰ ਮਿਲਿਆ। 2003-05 ਦੇ 6.18 ਮਿਲੀਅਨ ਟਨ ਦੇ ਮੁਕਾਬਲੇ 2011-13 ਵਿਚ ਪਿਆਜ਼ ਦਾ ਉਤਪਾਦਨ ਵਧ ਕੇ 16.9 ਮਿਲੀਅਨ ਟਨ ਹੋ ਗਿਆ। ਆਲੂ, ਜੋ 2003-05 ਦੇ ਪਹਿਲੇ 8 ਸਾਲਾਂ ਵਿਚ 2 ਮਿਲੀਅਨ ਟਨ ਤੋਂ ਘੱਟ ਦੀ ਦਰ ਨਾਲ ਵਧ ਰਿਹਾ ਸੀ, ਉਤਪਾਦਨ ਵਿਚ ਪਿਛਲੇ 8 ਸਾਲਾਂ ਦੌਰਾਨ ਵਧ ਕੇ 20 ਮਿਲੀਅਨ ਟਨ ਹੋ ਗਿਆ।

ਤਾਲਕਾ-2 ਵਿਚ ਵੱਖ-ਵੱਖ ਫ਼ਸਲਾਂ ਦੇ ਵਿਕਾਸ ਦਰ ਦੇ ਰੁਝਾਨ ਪੇਸ਼ ਕੀਤੇ ਗਏ ਹਨ। 1994-95 ਤੋਂ 2003-04 ਦੇ ਸਮੇਂ ਦੌਰਾਨ ਕਈ ਫ਼ਸਲਾਂ ਦੀ ਵਿਕਾਸ ਦਰ ਨਾਂਹ ਵਾਚਕ ਸੀ ਜੋ ਪਿਛਲੇ ਦਹਾਕੇ ਵਿਚ ਬਦਲ ਗਈ ਹੈ। ਦੂਜੇ ਮਾਮਲਿਆਂ ਵਿਚ ਤਿੱਖਾ ਵਾਧਾ ਦਰਜ ਹੋਇਆ ਹੈ। ਇਹ ਵਰਨਣਯੋਗ ਹੈ ਕਿ ਪਿਛਲੇ 10 ਸਾਲਾਂ ਵਿਚ ਕਪਾਹ ਉਤਪਾਦਨ ਵਿਚ 2 ਅੰਕਾਂ ਦਾ ਵਾਧਾ ਬਰਕਰਾਰ ਰਿਹਾ ਹੈ ਜਦ ਕਿ ਸੋਇਆਬੀਨ, ਮੱਕੀ, ਛੋਲਿਆਂ ਵਿਚ 5 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਦਰਜ ਕੀਤੀ ਗਈ। ਦਾਲਾਂ, ਜਿਨ੍ਹਾਂ ਦੇ ਉਤਪਾਦਨ ਵਿਚ ਕਾਫ਼ੀ ਸਮੇਂ ਤੋਂ ਖੜੋਤ ਮਹਿਸੂਸ ਹੋ ਰਹੀ ਸੀ, ਵਿਚ ਵੀ 3 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ।

1994-95 ਤੋਂ 2003-04 ਅਤੇ 2003-04 ਤੋਂ 2012-13 ਦੇ ਦਹਾਕਿਆਂ ਦੌਰਾਨ ਬਾਗ਼ਬਾਨੀ ਫ਼ਸਲਾਂ ਦੀ ਵਿਕਾਸ ਦਰ ਨਾਲ ਦੂਜੇ ਦਹਾਕੇ ਵਿਚ ਬਾਗ਼ਬਾਨੀ ਖੇਤਰ ਵਿਚ ਕਮਾਲ ਦੀ ਸਫਲਤਾ ਦਾ ਪਤਾ ਲਗਦਾ ਹੈ। 1994-95 ਅਤੇ 2003-04 ਦੇ 2.64 ਪ੍ਰਤਿਸ਼ਤ ਦੇ ਮੁਕਾਬਲੇ 2003-04 ਤੋਂ 2012-13 ਦਰਮਿਆਨ ਫਲਾਂ ਅਤੇ ਸਬਜ਼ੀਆਂ ਦੇ ਉਤਪਾਦਨ ਵਿਚ 6.26

| ਤਾਲਿਕਾ-3 : ਪਸ਼ੂਧਨ ਅਤੇ ਮੱਛੀ ਉਤਪਾਦਨ ਵਿਚ ਵਿਕਾਸ ਦਰ ਦੇ ਰੁਝਾਨ (ਪ੍ਰਤਿਸ਼ਤ/ਸਾਲਾਨਾ) | | |
|---|---|---|
| ਉਤਪਾਦ | 1994-95 ਤੋਂ 2003-04 | 2003-04 ਤੋਂ 2012-13 |
| ਦੁੱਧ | 3.78 | 4.72 |
| ਆਂਡੇ | 5.69 | 6.20 |
| ਸਮੁੰਦਰੀ ਮੱਛੀ | 0.71 | 2.01 |
| ਦੇਸ਼ ਅੰਦਰਲੀ ਮੱਛੀ | 5.55 | 5.99 |
| ਕੁੱਲ ਮੱਛੀ | 3.04 | 4.30 |

ਪ੍ਰਤਿਸ਼ਤ ਵਾਧਾ ਹੋਇਆ। ਸਬਜ਼ੀਆਂ ਵਿਚ ਪਿਆਜ਼ ਵਿਚ 13 ਪ੍ਰਤਿਸ਼ਤ ਸਾਲਾਨਾ ਵਿਕਾਸ ਹੋਇਆ ਜਦ ਕਿ ਆਲੂ ਉਤਪਾਦਨ ਵਿਚ ਹਰੇਕ ਸਾਲ 8.9 ਪ੍ਰਤਿਸ਼ਤ ਵਾਧਾ ਹੋਇਆ। ਵੱਖ-ਵੱਖ ਫਲਾਂ ਵਿਚ ਕੇਲੇ ਦੇ ਉਤਪਾਦਨ ਵਿਚ 7.57 ਪ੍ਰਤਿਸ਼ਤ ਵਾਧਾ ਦਰਜ ਕੀਤਾ ਗਿਆ।

## 2.5 ਪਸ਼ੂਧਨ ਤੇ ਮੱਛੀ ਪਾਲਣ ਉਤਪਾਦਨ ਦੀ ਕਾਰਗੁਜ਼ਾਰੀ

1994-95 ਤੋਂ 2003-04 ਦੇ ਮੁਕਾਬਲੇ 2003-04 ਵਿਚ ਪਸ਼ੂਧਨ ਅਤੇ ਮੱਛੀ ਪਾਲਣ ਉਤਪਾਦਾਂ ਵਿਚ ਉੱਚੀ ਵਿਕਾਸ ਦਰ ਦਰਜ ਕੀਤੀ ਗਈ (ਤਾਲਿਕਾ-3)। 2003-04 ਤੋਂ ਬਾਅਦ ਦੁੱਧ ਦੀ ਉਤਪਾਦਨ ਵਿਕਾਸ ਦਰ 3.78 ਪ੍ਰਤਿਸ਼ਤ ਸਾਲਾਨਾ ਤੋਂ ਵਧ ਕੇ 4.72 ਪ੍ਰਤਿਸ਼ਤ ਹੋ ਗਈ। ਆਂਡਿਆਂ ਦੇ ਉਤਪਾਦਨ ਵਿਚ 5.69 ਪ੍ਰਤਿਸ਼ਤ ਤੋਂ ਵਧ ਕੇ 6.2 ਪ੍ਰਤਿਸ਼ਤ ਵਿਕਾਸ ਦਰ ਹੋ ਗਈ। 2003-04 ਤੋਂ ਬਾਅਦ ਸਮੁੰਦਰੀ ਅਤੇ ਦੇਸ਼ ਅੰਦਰ ਮੱਛੀ ਉਤਪਾਦਨ ਵਿਚ ਤੇਜ਼ੀ ਆਈ। 2003-04 ਤੋਂ ਪਹਿਲਾਂ 10 ਸਾਲਾਂ ਵਿਚ ਸਮੁੰਦਰੀ ਮੱਛੀ ਦੇ ਉਤਪਾਦਨ ਵਿਚ ਸਾਲਾਨਾ 1 ਪ੍ਰਤਿਸ਼ਤ ਦੀ ਦਰ ਨਾਲ ਵਾਧਾ ਹੁੰਦਾ ਸੀ। ਪਿਛਲੇ ਦਹਾਕੇ ਵਿਚ ਇਹ ਵਿਕਾਸ ਦਰ ਵਧ ਕੇ 2 ਪ੍ਰਤਿਸ਼ਤ ਹੋ ਗਈ। 1995-96 ਤੋਂ 2003-04 ਦਰਮਿਆਨ ਦੇਸ਼ ਅੰਦਰ ਮੱਛੀ ਉਤਪਾਦਨ 5.5 ਪ੍ਰਤਿਸ਼ਤ ਸਾਲਾਨਾ ਦੇ ਹਿਸਾਬ ਨਾਲ ਵਿਕਾਸ ਹੋਇਆ ਜੋ ਵਧ ਕੇ 6 ਪ੍ਰਤਿਸ਼ਤ ਦੇ ਨੇੜੇ ਪਹੁੰਚ ਗਿਆ।

ਰਾਜ ਪੱਧਰ 'ਤੇ ਖੇਤੀਬਾੜੀ ਦਾ ਵਿਕਾਸ – ਐੱਨ ਐੱਸ ਡੀ ਪੀ ਤਹਿਤ ਖੇਤੀਬਾੜੀ ਦੀ ਵਿਭਿੰਨ ਰਾਜਾਂ ਵਿਚ ਵਿਕਾਸ ਦਰ ਕੇਰਲ(-)1.15 ਪ੍ਰਤਿਸ਼ਤ ਤੋਂ ਲੈ ਕੇ ਛੱਤੀਸਗੜ੍ਹ ਦੀ 5.91 ਪ੍ਰਤਿਸ਼ਤ ਤਕ ਨਜ਼ਰ ਆਉਂਦੀ ਹੈ। (ਤਾਲਿਕਾ-4)। ਮੱਧ ਪ੍ਰਦੇਸ਼, ਕਰਨਾਟਕ, ਰਾਜਸਥਾਨ, ਝਾਰਖੰਡ ਅਤੇ ਛੱਤੀਸਗੜ੍ਹ ਜੇਹੇ ਰਾਜਾਂ ਨੇ ਖੇਤੀਬਾੜੀ ਵਿਚ 5 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਦਾ ਟੀਚਾ ਪ੍ਰਾਪਤ ਕੀਤਾ ਅਤੇ ਗੁਜਰਾਤ, ਤਮਿਲਨਾਡੂ, ਮਹਾਂਰਾਸ਼ਟਰ ਅਤੇ ਆਂਧਰ ਪ੍ਰਦੇਸ਼ ਵਰਗੇ ਰਾਜਾਂ ਨੇ ਖੇਤੀਬਾੜੀ ਦੇ ਰਾਸ਼ਟਰੀ ਟੀਚੇ ਨੂੰ ਪਾਰ ਕੀਤਾ। ਹਰਿਆਣਾ ਨੇ ਉੱਚੀ ਉਤਪਾਦਨ ਪੱਧਰ ਦੇ ਬਾਵਜੂਦ ਐੱਨ ਐੱਸ ਡੀ ਪੀ ਖੇਤੀਬਾੜੀ ਵਿਚ 4 ਪ੍ਰਤਿਸ਼ਤ ਸਾਲਨਾ ਦੀ ਵਿਕਾਸ ਦਰ ਹਾਸਲ ਕੀਤੀ। ਪੂਰਬੀ ਭਾਰਤ ਵਿਚ ਅਸਮ ਅਤੇ ਬਿਹਾਰ ਨੇ 3 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਪ੍ਰਾਪਤ ਕੀਤੀ।

ਉੱਤਰ ਪ੍ਰਦੇਸ਼ ਅਤੇ ਓਡੀਸ਼ਾ ਹਾਲੇ ਵੀ ਘੱਟ ਵਿਕਾਸ ਦੇ ਜੰਜਾਲ ਵਿਚ ਫਸੇ ਪਏ ਹਨ। ਪੰਜਾਬ ਉਨ੍ਹਾਂ ਰਾਜਾਂ ਦੀ ਸੂਚੀ ਵਿਚ ਸਭ ਤੋਂ ਹੇਠਲੇ ਸਥਾਨ 'ਤੇ ਆਉਂਦਾ ਹੈ ਜਿਥੇ ਖੇਤੀਬਾੜੀ ਵਿਚ ਹਾਂ ਪੱਖੀ ਵਿਕਾਸ ਦਰ ਪ੍ਰਾਪਤ ਕੀਤੀ ਗਈ। ਸਿਰਫ਼ 1.5 ਪ੍ਰਤਿਸ਼ਤ ਸਾਲਾਨਾ ਵਿਕਾਸ ਦਰ ਉੱਤਰ ਪੱਛਮੀ ਹਿਮਾਲੀਅਨ ਖੇਤਰਾਂ ਵਿਚ ਜੰਮੂ-ਕਸ਼ਮੀਰ ਅਤੇ ਉੱਤਰਾਖੰਡ ਵਿਚ ਖੇਤੀਬਾੜੀ ਵਿਕਾਸ ਦਰ 2 ਪ੍ਰਤਿਸ਼ਤ ਸਾਲਾਨਾ ਰਹੀ ਜਦ ਕਿ ਹਿਮਾਚਲ ਪ੍ਰਦੇਸ਼ ਵਿਚ ਖੇਤੀਬਾੜੀ ਵਿਚ ਖੜੋਤ ਦਰਜ ਕੀਤੀ ਗਈ। ਪੱਛਮੀ ਬੰਗਾਲ ਵਿਚ ਖੇਤੀ-ਬਾੜੀ ਖੇਤਰ 2 ਪ੍ਰਤਿਸ਼ਤ ਸਾਲਾਨਾ ਦੀ ਦਰ ਨਾਲ ਵਿਕਸਤ ਹੋ ਰਿਹਾ ਸੀ। ਕੇਰਲ ਵਿਚ ਖੇਤੀਬਾੜੀ ਖੇਤਰ ਦਾ ਦਾਇਰਾ ਸੁੰਗੜਦਾ ਨਜ਼ਰ ਆਇਆ।

## ਪ੍ਰਾਪਤੀਆਂ ਦੇ ਬੁਨਿਆਦੀ ਉੱਦਮ ਤੇ ਤੱਥ

| ਤਾਲਿਕਾ-4: ਪ੍ਰਮੁੱਖ ਰਾਜਾਂ 'ਚ 2004-05 ਤੋਂ 2011-12 ਦਰਮਿਆਨ 2004-05 ਦੀਆਂ ਕੀਮਤਾਂ ਮੁਤਾਬਕ ਐੱਨ ਐੱਸ ਡੀ ਪੀ ਖੇਤੀਬਾੜੀ ਵਿਕਾਸ ਦਰ (ਪ੍ਰਤਿਸ਼ਤ ਵਿਚ) | | | |
|---|---|---|---|
| ਰਾਜ | ਵਿਕਾਸ ਦੇ ਰੁਝਾਨ | ਰਾਜ | ਵਿਕਾਸ ਦੇ ਰੁਝਾਨ |
| ਛੱਤੀਸਗੜ੍ਹ | 5.91 | ਹਰਿਆਣਾ | 3.94 |
| ਝਾਰਖੰਡ | 5.76 | ਅਸਮ | 3.84 |
| ਰਾਜਸਥਾਨ | 5.63 | ਬਿਹਾਰ | 3.32 |
| ਕਰਨਾਟਕ | 5.59 | ਓਡੀਸ਼ਾ | 2.67 |
| ਮੱਧ ਪ੍ਰਦੇਸ਼ | 5.22 | ਉੱਤਰ ਪ੍ਰਦੇਸ਼ | 2.33 |
| | | ਜੰਮੂ-ਕਸ਼ਮੀਰ | 2.04 |
| ਆਂਧਰ ਪ੍ਰਦੇਸ਼ | 4.94 | ਪੱਛਮ ਬੰਗਾਲ | 1.98 |
| ਮਹਾਂਰਾਸ਼ਟਰ | 4.84 | ਉੱਤਰਾਖੰਡ | 1.95 |
| ਤਮਿਲਨਾਡੂ | 4.21 | ਪੰਜਾਬ | 1.49 |
| ਗੁਜਰਾਤ | 4.08 | | |
| | | ਹਿਮਾਚਲ ਪ੍ਰਦੇਸ਼ | -0.09 |
| ਭਾਰਤ | 3.70 | ਕੇਰਲ | -1.15 |

ਖੇਤੀਬਾੜੀ ਖੇਤਰ ਨੂੰ ਸੰਬੰਧਿਤ ਮਜ਼ਬੂਤ ਨੀਤੀਗਤ ਅਤੇ ਸੰਸਥਗਤ ਮਦਦ ਸਦਕਾ ਪਿਛਲੇ ਦਹਾਕੇ ਵਿਚ ਇਸ ਖੇਤਰ ਦੀ ਕਾਰਗੁਜ਼ਾਰੀ ਸੁਧਰੀ ਹੈ। ਇਸ ਵਿਚ ਪ੍ਰਮੁੱਖ ਯੋਗਦਾਨ ਪਾਉਣ ਵਾਲੇ ਤੱਥ ਹਨ:

- ਪਿਛਲੇ 10 ਸਾਲਾਂ ਵਿਚ ਖੇਤੀਬਾੜੀ ਵਪਾਰ ਅਤੇ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿਚ ਸੁਧਾਰ।
- ਉਤਪਾਦਨ ਵਧਾਉਣ ਲਈ ਖਾਦਾਂ ਅਤੇ ਉੱਤਮ ਬੀਜਾਂ ਦੀ ਜ਼ਿਆਦਾ ਵਰਤੋਂ।
- ਸਿੰਜਾਈ ਦਾ ਪਸਾਰ ਅਤੇ ਜਨਤਕ ਖੇਤਰ ਪੂੰਜੀ ਨਿਵੇਸ਼ ਦੁਆਰਾ ਖੇਤੀਬਾੜੀ ਨਿਵੇਸ਼ ਵਿਚ ਵਾਧਾ।
- ਖੇਤੀਬਾੜੀ ਲਈ ਸੰਸਥਾਗਤ ਕਰਜ਼ੇ ਵਿਚ ਵਰਨਣਯੋਗ ਵਾਧਾ।
- ਤਕਨੀਕੀ ਪ੍ਰਾਪਤੀਆਂ ਅਤੇ ਪਸਾਰ ਸਿੱਖਿਆ ਦੀ ਮਜ਼ਬੂਤੀ।
- ਐੱਨ ਐੱਫ ਐੱਸ ਐੱਮ, ਆਰ ਕੇ ਵੀ ਵਾਈ ਅਤੇ ਬੀ ਜੀ ਆਰ ਈ ਆਈ ਵਰਗੇ ਪ੍ਰੋਗਰਾਮਾਂ ਦੇ ਉੱਦਮ।

## ਚੰਗੀਆਂ ਕੀਮਤਾਂ

ਖੇਤੀਬਾੜੀ ਅਤੇ ਗ਼ੈਰ-ਖੇਤੀਬਾੜੀ ਵਪਾਰ ਦੀਆਂ ਸ਼ਰਤਾਂ, ਜੋ ਖੇਤੀਬਾੜੀ ਕੁੱਲ ਘਰੇਲੂ ਉਤਪਾਦ ਅਤੇ ਗ਼ੈਰ-ਖੇਤੀ ਕੁੱਲ ਘਰੇਲੂ ਉਤਪਾਦ ਦੀਆਂ ਕੀਮਤਾਂ ਵਿਚ ਕਮੀ ਦੁਆਰਾ ਪ੍ਰਤਿਨਿਧਤ ਹਨ, ਵਿਚ 1997-98 ਅਤੇ 2004-05 ਦਰਮਿਆਨ 7 ਪ੍ਰਤਿਸ਼ਤ ਦੀ ਗਿਰਾਵਟ ਵੇਖਣ ਨੂੰ ਮਿਲੀ। ਉਸ ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ ਵਿਚ ਵੱਡੇ ਵਾਧੇ, ਸਰਕਾਰੀ ਏਜੰਸੀਆਂ ਦੁਆਰਾ ਵੱਡੇ ਪੱਧਰ 'ਤੇ ਅਨਾਜ ਦੀ ਖਰੀਦ, ਮਜ਼ਬੂਤ ਘਰੇਲੂ ਮੰਗ ਅਤੇ ਅੰਤਰਰਾਸ਼ਟਰੀ ਕੀਮਤਾਂ ਵਿਚ ਵਾਧੇ ਕਰਕੇ ਕਿਸਾਨਾਂ ਨੂੰ ਖੇਤੀ ਉਤਪਾਦਾਂ ਲਈ ਮਿਲਣ ਵਾਲੀਆਂ ਕੀਮਤਾਂ ਵਿਚ ਤੇਜ਼ੀ ਨਾਲ ਇਜ਼ਾਫ਼ਾ ਹੋਇਆ। 2004-05 ਅਤੇ 2011-12 ਦਰਮਿਆਨ ਗ਼ੈਰ ਖੇਤੀ ਕੀਮਤਾਂ ਦੇ ਮੁਕਾਬਲੇ ਖੇਤੀ ਕੀਮਤਾਂ ਵਿਚ 30 ਪ੍ਰਤਿਸ਼ਤ ਵਾਧਾ ਹੋਇਆ ਹੈ (ਚਿੱਤਰ-3)। ਇਸ ਤਰ੍ਹਾਂ ਚੰਗੀਆਂ ਕੀਮਤਾਂ ਦੇ ਵਾਤਾਵਰਨ ਨੇ ਕਿਸਾਨਾਂ ਨੂੰ ਹੋਰ ਵਧੀਆ ਅਤੇ ਆਧੁਨਿਕ ਤਕਨੀਕਾਂ ਦੀ ਵਰਤੋਂ ਲਈ ਉਤਸ਼ਾਹਿਤ ਕੀਤਾ।


## ਪਦਾਰਥਕ ਲਾਗਤ ਦੀ ਵਧੇਰੇ ਵਰਤੋਂ


1997–98 ਅਤੇ 2004–05 ਦਰਮਿਆਨ ਦੇਸ਼ ਵਿਚ ਪ੍ਰਮਾਣਿਤ ਅਤੇ ਉੱਚ ਪੱਧਰੀ ਬੀਜਾਂ ਦੀ ਪੂਰਤੀ ਵਿਚ 50 ਪ੍ਰਤਿਸ਼ਤ ਦਾ ਵਾਧਾ ਦਰਜ ਕੀਤਾ ਗਿਆ। ਅਗਲੇ 8 ਸਾਲਾਂ ਾਵਿਚ ਬੀਜਾਂ ਦੀ ਪੂਰਤੀ 100 ਪ੍ਰਤਿਸ਼ਤ ਤੋਂ ਵੀ ਵਧ ਗਈ। ਜਦ ਕਿ ਬੀਜ ਤਕਨੀਕ ਨੂੰ ਅੱਗੇ ਲਿਜਾਉਣ ਵਾਲਾ ਹੈ, ਤਾਂ ਪਿਛਲੇ ਸਾਲਾਂ ਵਿਚ ਉੱਤਮ ਬੀਜਾਂ ਦੀ ਪੂਰਤੀ ਵਿਚ ਵਾਧਾ ਖੇਤੀਬਾੜੀ ਉਤਪਾਦਾਂ ਵਿਚ ਵਾਧੇ ਦਾ ਇਕ ਪ੍ਰਮੁੱਖ ਕਾਰਨ ਰਿਹਾ ਹੈ। ਇਸੇ ਤਰ੍ਹਾਂ ਹੀ ਰਸਾਇਣਕ ਖਾਦਾਂ, ਜਿਸ ਦੀ ਵਰਤੋਂ ਵਿਚ 1997–98 ਤੋਂ 2004–05 ਤਕ ਨਿਗੂਣਾ ਜਿਹਾ 14 ਪ੍ਰਤਿਸ਼ਤ ਵਾਧਾ ਹੁੰਦਾ ਸੀ, ਅਗਲੇ 7 ਸਾਲਾਂ ਵਿਚ ਇਹ ਵਾਧਾ 50 ਪ੍ਰਤਿਸ਼ਤ ਤਕ ਪਹੁੰਚ ਗਿਆ। 2004–05 ਵਿਚ ਐੱਨ ਪੀ ਕੇ ਦੀ ਖਪਤ 18.4 ਮਿਲੀਅਨ ਟਨ ਸੀ ਜੋ 2011–12 ਵਿਚ ਵਧ ਕੇ 28 ਮਿਲੀਅਨ ਟਨ ਹੋ ਗਈ (ਚਿੱਤਰ–5)।


## ਬਿਜਲੀ ਖਪਤ ਤੇ ਸਿੰਜਾਈ ਦਾ ਵਿਸਤਾਰ

ਖੇਤੀਬਾੜੀ ਵਾਸਤੇ ਬਿਜਲੀ ਦੀ ਖਪਤ ਅਤੇ ਕੁੱਲ ਸਿੰਜਾਈ ਖੇਤਰ ਵਿਚ ਵਾਧੇ ਦਾ ਆਪਸ ਵਿਚ ਗਹਿਰਾ ਸੰਬੰਧ ਹੈ (ਚਿੱਤਰ–6)। 1995–96 ਵਿਚ ਖੇਤੀ ਖੇਤਰ ਲਈ ਬਿਜਲੀ ਖਪਤ 85.7 ਹਜ਼ਾਰ ਗੀਗਾਵਾਟ ਸੀ। ਇਹ ਖਪਤ 1998–99 ਵਿਚ ਵਧ ਕੇ 97.2 ਹਜ਼ਾਰ ਗੀਗਾਵਾਟ ਹੋ ਗਈ ਅਤੇ ਬਾਅਦ ਵਿਚ ਇਸ ਖਪਤ ਵਿਚ ਤੇਜ਼ ਗਿਰਾਵਟ ਆਈ। 2001–02 ਵਿਚ ਇਹ ਬਿਲਕੁਲ ਹੇਠਲੇ ਪੱਧਰ 'ਤੇ ਪਹੁੰਚ ਗਈ ਅਤੇ ਬਾਅਦ ਵਿਚ ਹੌਲੀ-ਹੌਲੀ ਵਧਣੀ ਸ਼ੁਰੂ ਹੋ ਗਈ। ਖੇਤੀ ਖੇਤਰ ਵਿਚ ਬਿਜਲੀ ਦੀ ਖਪਤ ਨੇ 2006–07 ਵਿਚ ਰਫ਼ਤਾਰ ਫੜੀ ਅਤੇ ਇਹ ਰੁਝਾਨ ਬਾਅਦ ਵਿਚ ਵੀ ਜਾਰੀ ਰਿਹਾ। 2010–11 ਵਿਚ ਬਿਜਲੀ ਖਪਤ 129 ਹਜ਼ਾਰ ਗੀਗਾਵਾਟ ਤਕ ਪਹੁੰਚ ਗਈ। 1998–99 ਅਤੇ 2000–06 ਦੌਰਾਨ ਖੇਤੀ ਖੇਤਰ ਵਿਚ ਬਿਜਲੀ ਖਪਤ ਵਿਚ 7 ਪ੍ਰਤਿਸ਼ਤ ਦੀ ਕਮੀ ਆਈ ਅਤੇ ਅਗਲੇ 5 ਸਾਲਾਂ ਦੌਰਾਨ ਇਹ 43 ਪ੍ਰਤਿਸ਼ਤ ਤਕ ਵਧ ਗਈ।

ਸਿੰਜਾਈ ਹੇਠਲੇ ਕੁੱਲ ਰਕਬੇ ਵਿਚ ਵਾਧੇ ਦਾ ਨਮੂਨਾ ਖੇਤੀਬਾੜੀ ਲਈ ਬਿਜਲੀ ਖਪਤ ਵਰਗਾ ਹੀ ਹੈ। 1995–96 ਅਤੇ 2004–05 ਦੇ ਦਸ ਸਾਲਾਂ ਦੌਰਾਨ ਸਿੰਜਾਈ ਹੇਠਲੇ ਕੁੱਲ







ਰਕਬੇ ਵਿਚ 10 ਮਿਲੀਅਨ ਹੈਕਟੇਅਰ ਦਾ ਵਧਾ ਹੋਇਆ, ਜੋ 71.4 ਮਿਲੀਅਨ ਤੋਂ ਵਧ ਕੇ 81.1 ਮਿਲੀਅਨ ਹੈਕਟੇਅਰ ਹੋ ਗਿਆ। ਪਿਛਲੇ ਸਾਲਾਂ ਲਈ ਮੌਜੂਦ ਮੁਢਲੇ ਅੰਕੜਿਆਂ ਤੋਂ ਪਤਾ ਚਲਦਾ ਹੈ ਕਿ ਅਗਲੇ 6 ਸਾਲਾਂ ਵਿਚ ਇਸ ਵਿਚ 8.3 ਮਿਲੀਅਨ ਹੈਕਟੇਅਰ ਦਾ ਵਾਧਾ ਹੋਇਆ।

## ਨਿਚੋੜ ਅਤੇ ਸਬਕ

ਪਿਛਲੇ ਦੋ ਦਹਾਕਿਆਂ ਦੌਰਾਨ, 1990ਵਿਆਂ ਦੇ ਮੱਧ ਤੋਂ, ਭਾਰਤੀ ਖੇਤੀ ਦੋ ਨਿਵੇਕਲੇ ਪੜਾਵਾਂ ਥਾਣੀਂ ਗੁਜ਼ਰੀ ਹੈ। 1990ਵਿਆਂ ਤੋਂ 2000 ਦੇ ਮੱਧ ਤਕ ਖੇਤੀਬਾੜੀ ਵਿਕਾਸ ਦਰ ਵਿਚ ਮੱਠਾਪਨ ਵੇਖਿਆ ਗਿਆ ਜਦੋਂ ਇਹ 3.5 ਪ੍ਰਤਿਸ਼ਤ ਤੋਂ 2 ਪ੍ਰਤਿਸ਼ਤ ਤੋਂ ਥੱਲੇ ਆ ਗਈ। ਇਸ ਤੋਂ ਬਾਅਦ 2005-06 ਵਿਚ ਇਕ ਤਕੜਾ ਮੋੜ ਪਿਆ ਜਿਸ ਨਾਲ ਖੇਤੀਬਾੜੀ ਵਿਕਾਸ ਦਰ ਮੁੜ ਤੋਂ 3.5 ਪ੍ਰਤਿਸ਼ਤ ਤਕ ਪੁੱਜ ਗਈ। 2004-05 ਤੋਂ ਬਾਅਦ ਖੇਤੀਬਾੜੀ ਦੇ ਸੁਧਾਰ ਅਤੇ ਪ੍ਰਸ਼ੰਸਾਯੋਗ ਕਾਰਗੁਜ਼ਾਰੀ ਦਾ ਸਭ ਤੋਂ ਮਹੱਤਵਪੂਰਨ ਪੱਖ ਕਿਸਾਨਾਂ ਨੂੰ ਮਿਲਣ ਵਾਲੀਆਂ ਕੀਮਤਾਂ ਵਿਚ ਵਾਧਾ ਰਿਹਾ ਹੈ। ਇਹ ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧੇ, ਅਨਾਜ ਦੀ ਖਰੀਦ ਵਿਚ ਵਾਧਾ, ਦੁਨੀਆਂ ਵਿਚ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿਚ ਵਾਧੇ ਅਤੇ ਘਰੇਲੂ ਪੱਧਰ 'ਤੇ ਅਨਾਜ ਦੀ ਮਜ਼ਬੂਤ ਮੰਗ ਕਰਕੇ ਸੰਭਵ ਹੋ ਸਕਿਆ ਹੈ। ਚੰਗੀਆਂ ਕੀਮਤਾਂ ਨੇ ਕਿਸਾਨਾਂ ਨੂੰ ਉੱਤਮ ਬੀਜ, ਵਧੀਆ ਅਤੇ ਵੱਧ ਮਾਤਰਾ ਵਿਚ ਖਾਦਾਂ ਦੀ ਵਰਤੋਂ, ਫ਼ਸਲਾਂ ਅਤੇ ਪਸ਼ੂਧਨ ਦਾ ਵੱਧ ਗਿਆਨ ਰੱਖਣ, ਸੁਧਰੀਆਂ ਤਕਨੀਕਾਂ ਅਤੇ ਉਤਪਾਦਨ ਦੇ ਉੱਤਮ ਤਰੀਕੇ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਪ੍ਰਕਿਰਿਆ ਨੂੰ ਵਧੇਰੇ ਸੰਸਥਾਗਤ ਕਾਰਜਾਂ ਅਤੇ ਸਿੰਜਾਈ ਦੇ ਵਿਸਤਾਰ ਨਾਲ ਹੋਰ ਹੁਲਾਰਾ ਮਿਲਿਆ। ਖੇਤੀਬਾੜੀ ਵਿਕਾਸ ਵਿਚ ਮੱਠੇਪਨ ਅਤੇ ਕੀਮਤਾਂ ਅਤੇ ਗ਼ੈਰ-ਕੀਮਤਾਂ ਦੇ ਪੱਖਾਂ ਕਰਕੇ ਆਏ ਸੁਧਾਰ ਤੋਂ ਇਹ ਸਾਬਤ ਹੋ ਜਾਂਦਾ ਹੈ ਕਿ ਭਾਰਤੀ ਕਿਸਾਨ ਵੱਖ-ਵੱਖ ਤਰ੍ਹਾਂ ਦੇ ਉਤਸ਼ਾਹਾਂ ਦਾ ਭਰਵਾਂ ਸਵਾਗਤ ਕਰਦੇ ਹਨ। ਇਹ ਇਸ ਦਲੀਲ ਨੂੰ ਵੀ ਕੁੱਝ ਹੱਦ ਤਕ ਖਾਰਜ ਕਰਦਾ ਹੈ ਕਿ ਖੇਤੀਬਾੜੀ ਵਿਚ ਦਿਲਚਸਪੀ ਘਟ ਰਹੀ ਹੈ। ਅਸੀਂ ਵੇਖਦੇ ਹਾਂ ਕਿ ਖੇਤੀਬਾੜੀ ਵਿਚ ਦਿਲਚਸਪੀ ਇਸ ਤੋਂ ਪ੍ਰਾਪਤ ਹੋਣ ਵਾਲੇ ਲਾਭ 'ਤੇ ਨਿਰਭਰ ਕਰਦੀ ਹੈ।

ਚਿੱਤਰ-6 – ਖੇਤੀਬਾੜੀ ਵਿਚ ਬਿਜਲੀ ਖਪਤ ਵਿਚ ਪ੍ਰਗਤੀ ਤੇ ਸਿੰਜਾਈ ਦਾ ਵਿਸਤਾਰ




ਖੇਤੀਬਾੜੀ ਦੀ ਰਾਜ ਪੱਧਰੀ ਤੁਲਨਾ ਕੁੱਝ ਫ਼ਾਇਦੇਮੰਦ ਸਬਕ ਦਿੰਦੀ ਹੈ। ਇਕੋ ਜਿਹੀਆਂ ਰਾਸ਼ਟਰੀ ਨੀਤੀਆਂ ਅਤੇ ਵਾਤਾਵਰਨ ਨਾਲ ਕੁਝ ਰਾਜਾਂ ਨੇ 5 ਪ੍ਰਤਿਸ਼ਤ ਵਿਕਾਸ ਦਰ ਪ੍ਰਾਪਤ ਕੀਤੀ ਅਤੇ ਕੁਝ 3 ਪ੍ਰਤਿਸ਼ਤ ਤੋਂ ਵੀ ਹੇਠਾਂ ਰਹਿ ਗਏ। ਘੱਟ ਵਿਕਾਸ ਦਰ ਵਾਲੇ ਰਾਜ, ਖ਼ਾਸ ਕਰਕੇ ਉੱਤਰ ਪ੍ਰਦੇਸ਼ ਅਤੇ ਓਡੀਸ਼ਾ, ਛੱਤੀਸਗੜ੍ਹ, ਝਾਰਖੰਡ, ਰਾਜਸਥਾਨ, ਕਰਨਾਟਕ, ਮੱਧ ਪ੍ਰਦੇਸ਼, ਆਂਧਰ ਪ੍ਰਦੇਸ਼ ਅਤੇ ਮਹਾਂਰਾਸ਼ਟਰ ਤੋਂ ਕਾਫ਼ੀ ਕੁਝ ਸਿੱਖ ਸਕਦੇ ਹਨ।

2004-05 ਤੋਂ 2013-14 ਦਰਮਿਆਨ ਪ੍ਰਾਪਤ ਵਿਕਾਸ ਦਰ ਨੂੰ ਬਣਾਏ ਰੱਖਣਾ ਇਕ ਵੱਡੀ ਚੁਣੌਤੀ ਹੈ। ਕਿਉਂਕਿ ਕੋਈ ਵੀ ਦੇਸ਼ ਅਸਲ ਖੇਤੀਬਾੜੀ ਕੀਮਤਾਂ ਨੂੰ ਲੰਮੇ ਸਮੇਂ ਤਕ ਵਧਣ ਦਾ ਖ਼ਤਰਾ ਨਹੀਂ ਉਠਾ ਸਕਦਾ, ਇਸ ਕਰਕੇ ਲਾਭਾਤਮਕ ਪ੍ਰੋਤਸਾਹਨ ਨੂੰ ਬਣਾਏ ਰੱਖਣ ਲਈ ਤਰੀਕੇ ਲੱਭਣੇ ਪੈਣਗੇ। ਕਿਸਾਨਾਂ ਲਈ ਪ੍ਰੋਤਸਾਹਨ ਵਧਾਉਣ ਅਤੇ ਕੀਮਤਾਂ ਸਥਿਰ ਰੱਖਣ ਦਾ ਇਕ ਤਰੀਕਾ ਹੈ ਕਿ ਖਪਤਕਾਰ ਵਲੋਂ ਅਦਾ ਕੀਤੀ ਜਾਣ ਵਾਲੀ ਆਖਰੀ ਕੀਮਤ ਦਾ ਕੁੱਝ ਹਿੱਸਾ ਕਿਸਾਨਾਂ ਨੂੰ ਦਿਤਾ ਜਾਵੇ। ਦੂਜਾ ਤਰੀਕਾ ਹੈ ਤਕਨੀਕ ਜਿਸ ਦੀ ਵਰਤੋਂ ਜਾਂ ਤਾਂ ਸਰੋਤਾਂ ਦੀ ਬਚਤ ਜਾਂ ਉਤਪਾਦਨ ਵਧਾ ਕੇ ਕੀਤੀ ਜਾ ਸਕਦੀ ਹੈ। ਪਿਛਲੇ 10 ਸਾਲਾਂ ਵਿਚ ਖੇਤੀਬਾੜੀ ਵਿਕਾਸ ਰਣਨੀਤੀ ਉਤਪਾਦਨ ਅਤੇ ਘੱਟੋ-ਘੱਟ ਸਮਰਥਨ ਮੁੱਲਾਂ 'ਤੇ ਕੇਂਦਰਿਤ ਰਹੀ ਹੈ। ਕਾਫ਼ੀ ਲੰਮੇ ਸਮੇਂ ਤੋਂ ਖੇਤੀਬਾੜੀ ਮੰਡੀ ਵਿਚ ਸੁਧਾਰ ਜਿਵੇਂ ਮੰਡੀ ਸੁਧਾਰ, ਢਾਂਚਾਗਤ ਵਿਕਾਸ, ਆਧੁਨਿਕ ਪੂੰਜੀ ਨਿਵੇਸ਼ ਦਾ ਦਾਖ਼ਲਾ ਅਤੇ ਮੰਡੀਕਰਨ ਦੇ ਨਵੇਂ ਮਾਡਲਾਂ ਦੇ ਵਿਕਾਸ ਵਿਚ ਕੋਈ ਖ਼ਾਸ ਤਰੱਕੀ ਵੇਖਣ ਨੂੰ ਨਹੀਂ ਮਿਲੀ। ਇਸ ਕਰਕੇ ਖੇਤੀ ਮੰਡੀਕਰਨ ਵਿਕਾਸ ਦੀ ਅਗਲੀ ਮੰਜ਼ਿਲ ਵੱਲ ਨਹੀਂ ਵਧ ਸਕਿਆ (ਰਮੇਸ਼ ਚੰਦ, 2012)। ਮੰਡੀਕਰਨ ਨੂੰ ਇਸ ਦੇ ਘੇਰੇ ਵਿਚ ਲੈਣ ਲਈ ਖੇਤੀਬਾੜੀ ਵਿਕਾਸ ਰਣਨੀਤੀ ਦਾ ਵਿਸਤਾਰ ਕਰਨਾ ਹੋਵੇਗਾ ਤਾਂ ਕਿ ਮੁਕਾਬਲੇਬਾਜ਼ੀ, ਨਿਪੁੰਨਤਾ ਵਿਚ ਵਾਧਾ ਅਤੇ ਮੰਡੀ ਖੋਜਾਂ ਦਾ ਫ਼ਾਇਦਾ ਚੁੱਕਿਆ ਜਾ ਸਕੇ। ਇਸ ਨਾਲ ਕਿਸਾਨਾਂ ਨੂੰ ਵਧੀਆਂ ਕੀਮਤਾਂ ਮਿਲ ਸਕਣਗੀਆਂ ਅਤੇ ਆਖਰੀ ਉਪਭੋਗਤਾ ਵਲੋਂ ਅਦਾ ਕੀਤੀ ਜਾਣ ਵਾਲੀ ਕੀਮਤ ਵਿਚੋਂ ਵੱਡਾ ਹਿੱਸਾ ਮਿਲ ਸਕੇਗਾ ਜਿਸ ਨਾਲ ਮਹਿੰਗਾਈ ਦਰ ਵਿਚ ਵੀ ਵਾਧਾ ਨਹੀਂ ਹੋਵੇਗਾ। ਇਸ ਤੋਂ ਬਿਨਾਂ, ਪਿਛਲੇ ਦਹਾਕੇ ਵਿਚ ਪ੍ਰਾਪਤ ਖੇਤੀਬਾੜੀ ਖੇਤਰ ਦੀਆਂ ਪ੍ਰਾਪਤੀਆਂ ਨੂੰ ਆਉਣ ਵਾਲੇ ਸਾਲਾਂ ਵਿਚ ਬਣਾਏ ਰੱਖਣਾ ਬਹੁਤ ਮੁਸ਼ਕਿਲ ਹੋਵੇਗਾ।


*(ਲੇਖਕ ਆਈ ਸੀ ਏ ਆਰ ਨੈਸ਼ਨਲ ਪ੍ਰੋਫੈਸਰ ਹੈ। ਉਹ ਡਾਇਰੈਕਟਰ ਸੈਂਟਰ ਫਾਰ ਇਕਨਾਮਿਕਸ ਐਂਡ ਸੋਸ਼ਲ ਸਟੱਡੀ ਹੈਦਰਾਬਾਦ ਵਿਖੇ ਰਹਿ ਚੁੱਕੇ ਹਨ )*

***e-mail :rc@ncap.res.in***

# ਬਲਾਤਕਾਰ ਕਾਨੂੰਨ ਸੁਧਾਰ ਨੂੰ ਸਮਝਦਿਆਂ

✍ ਪ੍ਰਤੀਕਸ਼ਾ ਬਕਸ਼ੀ

## ਜਾਣ-ਪਛਾਣ

ਨਿਰਭੈਯਾ, ਬਰੇਵਹਾਰਟ ਜਾਂ ਦਾਮਿਨੀ ਵੱਖ-ਵੱਖ ਨਾਵਾਂ ਨਾਲ ਜਾਣੀ ਜਾਣ ਵਾਲੀ 23 ਸਾਲਾਂ ਦੀ ਭੌਤਿਕ ਚਿਕਿਤਸਕ (ਫਿਜ਼ੀਓਥੈਰੇਪਿਸਟ) ਨਾਲ ਦਸੰਬਰ 2012 ਵਿਚ ਚਲਦੀ ਬੱਸ ਵਿਚ ਵਹਿਸ਼ੀ ਸਮੂਹਿਕ ਬਲਾਤਕਾਰ ਤੋਂ ਦੋ ਹਫ਼ਤਿਆਂ ਬਾਅਦ ਹੋਈ ਮੌਤ ਨੇ ਵੱਡੇ ਪੱਧਰ 'ਤੇ ਜਿਨਸੀ ਹਮਲਿਆਂ ਵਿਰੁੱਧ ਲਹਿਰ ਨੂੰ ਉਤਸ਼ਾਹਿਤ ਕੀਤਾ। ਵਿਰੋਧਕਰਤਾਵਾਂ ਨੇ ਮਤਭੇਦ ਦੀਆਂ ਉੱਚੀਆਂ ਆਵਾਜ਼ਾਂ ਨੂੰ ਸ਼ਾਮਿਲ ਕੀਤਾ ਜਿਸ ਨੇ ਬਲਾਤਕਾਰ ਨੂੰ ਤਾਕਤ ਦਾ ਨਾਮ ਦਿਤਾ ਨਾ ਕਿ ਸੈਕਸ ਦਾ। ਲਿੰਗਕ ਅਤੇ ਜਿਨਸੀ ਹਮਲੇ ਦੇ ਰੂਪ ਵਜੋਂ, ਬਲਾਤਕਾਰ ਅਤੇ ਜਿਨਸੀ ਹਮਲੇ ਦੇ ਦੂਜੇ ਰੂਪਾਂ ਦੀ ਜ਼ਬਰਦਸਤ ਆਲੋਚਨਾ ਹੋਈ ਹੈ। ਇਹ ਇਕ ਅਜਿਹਾ ਵਿਰੋਧ ਸੀ ਜਿਸ ਨੇ ਹਰੇਕ ਦਿਨ ਦੀ ਜਿਨਸੀ ਪਰੇਸ਼ਾਨੀ ਦੇ ਵਿਗੜੇ ਹੋਏ ਰੂਪ ਜਿਨਸੀ ਹਮਲੇ ਤੋਂ ਸਿਲਸਿਲੇਵਾਰ ਹਿੰਸਾ ਵੱਲ ਧਿਆਨ ਖਿੱਚਿਆ।

ਵਿਰੋਧ ਦੀ ਸ਼ਬਦਾਵਲੀ ਇਕ ਵਚਨੀ ਨਹੀਂ ਸੀ, ਜ਼ਿਆਦਾ ਤੋਂ ਜ਼ਿਆਦਾ ਆਵਾਜ਼ਾਂ ਇਸ ਬਹਿਸ ਬਾਰੇ ਬਹਿਸ ਕਰ ਰਹੀਆਂ ਸਨ ਕਿ ਅਸਲੀਅਤ ਅਤੇ ਵਾਸਤਵਿਕ ਸੰਸਾਰ ਵਿਚ ਵਿਰੋਧ ਦੇ ਵੱਖ-ਵੱਖ ਥਾਵਾਂ 'ਤੇ ਕਿਸ ਪਰਿਵਰਤਨ ਦੀ ਲੋੜ ਹੈ। ਵਿਰੋਧਕਾਰੀਆਂ ਨੇ "ਬਲਾਤਕਾਰ ਸਭਿਆਚਾਰ ਦੇ ਸਾਧਾਰਨੀਕਰਨ ਜਾਂ ਤਕਨੀਕਾਂ ਦੇ ਸੰਸਥੀਕਰਨ ਦੀ ਵੀ ਆਲੋਚਨਾ ਕੀਤੀ ਜੋ ਬਲਾਤਕਾਰ ਨੂੰ ਸੁਭਾਵਕ ਬਣਾਉਂਦੀ ਹੈ, ਇਥੋਂ ਤਕ ਕਿ ਜਿਨਸੀ ਹਿੰਸਾ ਦਾ ਜਸ਼ਨ ਮਨਾਉਂਦੀ ਹੈ। ਉਨ੍ਹਾਂ ਨੇ ਜ਼ੋਰ ਦਿਤਾ ਕਿ ਬਲਾਤਕਾਰ ਸਭਿਆਚਾਰ ਲਈ ਰੋਕ ਕਾਨੂੰਨ ਭਾਵ ਰਾਜਨੀਤੀ ਨੂੰ ਰੋਕਣਾ ਹੈ ਜੋ ਕਿ ਪੀੜਤਾਂ ਦੀ ਆਵਾਜ਼ ਬਾਰੇ ਜਨਤਕ ਯਾਦਾਸ਼ਤ ਲੋਪ ਕਾਇਮ ਕਰਦਾ ਹੈ।

### ਲੋਕ ਸਜ਼ਾ 1 : ਮੌਤ ਦੀ ਸਜ਼ਾ

ਵਿਰੋਧ ਦੌਰਾਨ ਅਸੀਂ ਕਈ ਤਰ੍ਹਾਂ ਦੇ ਜਨਤਕ ਪ੍ਰਗਟਾਵੇ ਨੂੰ ਦੇਖਿਆ। ਲੋਕ ਸਜ਼ਾ ਦੇ ਪ੍ਰਗਟਾਵੇ ਵਿਰੁੱਧ ਕਈ ਤਰ੍ਹਾਂ ਦੇ ਭਾਸ਼ਨ ਅਤੇ ਲਿਖਤਾਂ ਸਨ ਜਿਥੇ ਮੌਤ ਦੀ ਸਜ਼ਾ ਅਤੇ ਨਕਾਰਾਕਰਨ ਲਈ ਚੀਕ ਪੁਕਾਰ ਵਿਰੋਧ ਦੀ ਸ਼ਬਦਾਵਲੀ ਬਣ ਗਈ ਸੀ। ਜਦ ਕਿ ਮੌਤ ਦੀ ਸਜ਼ਾ ਦੀ ਮੰਗ ਸਮੂਹਿਕ ਗੁੱਸੇ ਅਤੇ ਵਿਸ਼ਾਦ ਰੋਗ ਦਾ ਲੱਛਣ ਹੈ। ਜੱਜ ਹਮੇਸ਼ਾ ਸਜ਼ਾ ਨੂੰ ਘਟਾਉਣ ਦੇ ਹੱਕ ਵਿਚ ਰਹੇ ਹਨ, ਇਥੋਂ ਤਕ ਕਿ ਘੱਟ ਤੋਂ ਘੱਟ ਜ਼ਰੂਰੀ ਸਜ਼ਾ ਤੋਂ ਵੀ ਘੱਟ ਸਜ਼ਾ ਦੇ ਹੱਕ ਵਿਚ। ਜੇ ਸਾਰੇ ਮਾਮਲਿਆਂ ਵਿਚ ਮੌਤ ਦੀ ਸਜ਼ਾ ਦਿਤੀ ਜਾਵੇ ਤਾਂ ਇਹ ਸੰਭਵ ਹੈ ਕਿ ਜਿਨਸੀ ਹਮਲੇ ਤੋਂ ਬਾਅਦ ਜ਼ਿਆਦਾਤਰ ਔਰਤਾਂ ਨੂੰ ਸਾੜ, ਅਪਾਹਜ, ਭੈਭੀਤ ਅਤੇ ਮਾਰ ਦਿਤਾ ਜਾਵੇਗਾ।

ਮੌਤ ਦੀ ਸਜ਼ਾ 'ਤੇ ਜ਼ੋਰ ਦੇਣ ਦਾ ਮਤਲਬ ਹੈ ਕਿ ਬਲਾਤਕਾਰ ਤੋਂ ਬਾਅਦ ਜਿਉਂਦੀ ਲਾਸ਼ ਦੇ ਰੂਪ ਵਿਚ ਰਹਿ ਰਹੀ ਔਰਤ ਤੋਂ ਅਸੀਂ ਜਿਉਣ ਦਾ ਹੱਕ ਖੋਹ ਰਹੇ ਹਾਂ ਜੋ ਇੰਨੀ ਭਿਆਨਕ ਸਥਿਤੀ ਤੋਂ ਬਾਅਦ ਵੀ ਬਚ ਗਈ ਹੈ ਅਤੇ ਮੌਤ ਦੀ ਸਜ਼ਾ ਦੀ ਮੰਗ ਤੋਂ ਭਾਵ ਹੈ ਕਿ ਉਹ ਔਰਤ ਆਪਣੀਆਂ ਸ਼ਰਤਾਂ 'ਤੇ ਸਨਮਾਨਯੋਗ ਜੀਵਨ ਜਿਉ ਸਕੇ। ਇਹ ਭੂਮਿਕਾ ਹੈ ਜੋ ਮੌਤ ਦੀ ਸਜ਼ਾ ਦੀ ਮੰਗ ਅਦਾ ਕਰੇਗੀ। ਮੌਤ ਦੀ ਸਜ਼ਾ ਬਾਰੇ ਦਲੀਲਾਂ ਦੇਣ ਨਾਲੋਂ ਸਾਨੂੰ ਚਾਹੀਦਾ ਹੈ ਕਿ ਅਸੀਂ ਘੋਸ਼ਣਾ, ਵਿਰੋਧਤਾ ਅਤੇ ਸਾਫ਼-ਸਾਫ਼ ਬੋਲਣ ਲਈ ਸੁਰੱਖਿਅਤ ਹਾਲਾਤ ਪੈਦਾ ਕਰੀਏ।

### ਲੋਕ ਸਜ਼ਾ 2 : ਨਕਾਰਾਕਰਨ

ਜਿਨਸੀ ਹਮਲੇ ਵਿਰੁੱਧ ਪਹਿਲੇ ਵਿਰੋਧਾਂ ਵਿਚ ਨਕਾਰਾਕਰਨ ਦੀ ਸਜ਼ਾ ਦਾ ਵਰਤਾਰਾ ਨਹੀਂ ਸੀ ਦੇਖਿਆ ਗਿਆ। ਇਨ੍ਹਾਂ ਪੈਰੋਲ ਜਾਂ ਮੁਆਫ਼ੀ ਦੇ ਨਕਾਰਾਕਰਨ ਨੂੰ ਅਸੀਂ ਮੌਤ ਦੀ ਸਜ਼ਾ ਜਾਂ ਉਮਰ ਕੈਦ ਦਾ ਵਿਕਲਪ ਕਿਵੇਂ ਮੰਨ ਸਕਦੇ ਹਾਂ। ਜਿਨਸੀ ਹਮਲੇ ਵਿਰੁੱਧ ਵਿਰੋਧ ਪ੍ਰਤਿ ਰਾਜ ਦੀ ਪ੍ਰਤਿਕਿਰਿਆ ਜ਼ਬਰਦਸਤੀ ਨਕਾਰਾਕਰਨ ਦੀ ਸਿਫ਼ਾਰਸ਼ ਹੈ, ਭਾਵੇਂ ਭੌਤਿਕ ਜਾਂ ਰਸਾਇਣਕ, ਹਰੇਕ ਰੂਪ ਵੱਖ-ਵੱਖ ਤਰ੍ਹਾਂ ਦੀ ਕਠੋਰਤਾ ਨੂੰ ਪ੍ਰਗਟ ਕਰਦਾ ਹੈ ਅਤੇ ਕਈ ਕਾਰਨਾਂ ਕਰਕੇ ਇਹ ਪ੍ਰਤਿਗਾਮੀ ਹੈ। ਸਜ਼ਾ ਦਾ ਅਜਿਹਾ ਤਰੀਕਾ ਔਰਤ ਨੂੰ ਨਫ਼ਰਤ ਕਰਨ ਵਾਲੀ ਹਿੰਸਾ ਵਿਚ ਵਾਧਾ ਕਰੇਗਾ ਕਿਉਂਕਿ ਜਨਸੀ ਹਿੰਸਾ ਜੀਵ ਵਿਗਿਆਨੀ ਅਨੁਸਾਰ ਮਰਦ ਹੋਣ ਜਾਂ ਲਿੰਗ ਨੂੰ ਇਕ ਹਥਿਆਰ ਦੇ ਤੌਰ ਤੇ ਵਰਤੇ ਜਾਣ ਦੀ ਇਕ ਘਟਨਾ ਨਹੀਂ ਹੈ। ਇਹ ਵਿਚਾਰ ਕਿ ਲਿੰਗ ਇਕ ਹਥਿਆਰ ਹੈ, ਇਹ ਜਿਨਸੀ ਹਿੰਸਾ ਦੇ ਭੌਤਿਕ ਅਤੇ ਪ੍ਰਤੀਕਾਤਮਕ ਯਥਾਰਥ ਨੂੰ ਨਕਾਰਦਾ ਹੈ। ਹਾਬੜੇ ਆਦਮੀ ਜਿਨਸੀ ਹਿੰਸਾ ਰਾਹੀਂ ਸਾਰੀਆਂ ਔਰਤਾਂ ਅਤੇ ਕੁਝ ਮਰਦਾਂ ਨੂੰ ਇਕ ਸੁਨੇਹਾ ਦੇਣਾ ਚਾਹੁੰਦੇ ਹਨ – ਸੰਚਾਰ ਦੀ ਇਕ ਭਾਸ਼ਾ ਜਿਸ ਨੂੰ 'ਸਬਕ ਸਿਖਾਉਣ' ਦੇ ਰੂਪ ਵਿਚ ਵਰਤਿਆ ਜਾਂਦਾ ਹੈ।

ਜਿਨਸੀ ਹਿੰਸਾ ਪ੍ਰਤਿ ਪ੍ਰਤਿਕਿਰਿਆ ਵਜੋਂ ਨਕਾਰਾ ਕਰਨ ਦੀ ਬੰਸਾਵਲੀ ਦਾ ਖੁਰਾ ਖੋਜ ਲੱਭਣ ਦੇ ਕਈ ਰਸਤੇ ਹਨ ਜੋ ਜਨਤਕ ਵਿਰੋਧ ਨੂੰ ਗਤੀਮਾਨ ਕਰਦੇ ਹਨ। ਨਾਜ਼ੀ ਕੈਂਪਾਂ ਵਿਚ ਪੂਰਨ ਕਾਲ, ਦੂਜੇ ਗ਼ੈਰ ਜ਼ਰੂਰੀ ਅਤੇ ਘ੍ਰਿਣਤ ਆਬਾਦੀ ਵਿਚਕਾਰ ਵਿਚਲਿਤ ਸੈਕਸ ਅਪਰਾਧੀਆਂ ਨੂੰ ਸੁਧਾਰਨ ਦੇ ਨਾਲ ਤੇ ਮਾਨਸਿਕ ਅਤੇ ਸਰੀਰਕ ਰੋਗੀਆਂ, ਜਿਪਸੀਆਂ, ਗੇਅ ਅਤੇ ਯਹੂਦੀਆਂ ਨੂੰ ਖਤਮ ਕਰਨ ਲਈ ਨਕਾਰਾ ਕਰਨਾ ਇਤਿਹਾਸਕ ਤੌਰ ਤੇ ਇਕ ਫਾਸ਼ੀ ਸੰਦ ਸੀ। ਨਾਜ਼ੀ ਹਕੂਮਤ ਸਮੇਂ ਜੋ ਮਨੋਵਿਕਾਰੀ ਇੱਛਾਵਾਂ ਦੇ ਇਲਾਜ ਲਈ ਨਕਾਰਾਕਰਨ ਦਹਿਸ਼ਤ ਦਾ ਉਪਕਰਨ ਬਣ ਗਿਆ

ਸੀ ਅਤੇ ਇਸ ਨੇ ਪੋਲਿਸ ਨੂੰ ਇਕ ਅਵਸਰ ਪ੍ਰਦਾਨ ਕਰ ਦਿਤਾ ਸੀ, ਬਹੁਤ ਸਾਰੇ ਵਿਅਕਤੀਆਂ ਨੂੰ ਮਨੋਵਿਕਾਰੀ ਦੱਸ ਕੇ ਨਕਾਰਾ ਕਰ ਦੇਣਾ – ਜਿਨਸੀ ਦਹਿਸ਼ਤ ਦਾ ਮਾਹੌਲ ਪੈਦਾ ਕਰ ਦੇਣਾ।

ਭਾਰਤ ਵਿਚ ਜ਼ਬਰਦਸਤੀ ਨਕਾਰਾ ਕਰਨ ਦੀ ਕੋਈ ਵੀ ਮੰਗ ਐਮਰਜੈਂਸੀ ਦੌਰਾਨ ਜ਼ਬਰਦਸਤੀ ਬਾਂਝ ਬਣਾਉਣ ਦੀਆਂ ਭੁੱਲੀਆਂ ਯਾਦਾਂ ਨੂੰ ਤਾਜ਼ਾ ਕਰਦੀ ਹੈ। ਈਮਾ ਤਾਰਲੋ ਦੀ, ਅਨਸੈਟਲਿੰਗ ਮੈਮੋਰੀਜ਼ : *ਨੈਰੇਟਿਵਜ਼ ਆਫ਼ ਦਾ ਐਮਰਜੈਂਸੀ ਇਨ ਦਿੱਲੀ* ਵਿਚ ਅਜਿਹੇ ਸੰਕਟਾਂ ਦਾ ਜ਼ਿਕਰ ਹੈ, ਜਿਸ ਨੇ ਆਬਾਦੀ ਨਿਯੰਤ੍ਰਣ ਕਰਨ ਦੇ ਨਾਮ 'ਤੇ ਕਈਆਂ ਦੇ ਪ੍ਰਜਨਨ ਭਵਿੱਖ ਨੂੰ ਤਬਾਹ ਕਰ ਦਿਤਾ ਸੀ। ਰਾਜਨੀਤਕ ਅਚੇਤਨਤਾ ਜੋ ਜਿਨਸੀ ਅਪਰਾਧੀਆਂ ਨੂੰ ਕੁਚਲਣ ਦੇ ਸੰਬੰਧ ਵਿਚ ਨਕਾਰਾਕਰਨ ਦੀ ਮੰਗ ਕਰਦੀ ਹੈ, ਜਿਵੇਂ ਕਿ ਸੋਫੀ ਜੋਸਫ *ਮਨੂ ਸਮ੍ਰਿਤੀ* ਵਰਗੀ ਪੁਸਤਕ ਵੱਲ ਇਸ਼ਾਰਾ ਕਰਕੇ ਦੂਜੀ ਬੰਸਾਵਲੀ ਬਾਰੇ ਯਾਦ ਦਿਵਾਉਂਦੀ ਹੈ। *ਮਨੂ ਸਮ੍ਰਿਤੀ* ਵਿਚ ਦਲਿਤ ਪੁਰਸ਼ ਦੁਆਰਾ ਉੱਚੀ ਜਾਤੀ ਦੀ ਔਰਤ ਨਾਲ ਸੈਕਸ ਕਰਨ ਜਾਂ ਬਲਾਤਕਾਰ ਕਰਨ ਬਦਲੇ ਸਜ਼ਾ ਜਾਂ ਜ਼ਲੀਲ ਕਰਨ ਲਈ ਨਕਾਰਾਕਰਨ ਨੂੰ ਇਕ ਸੰਦ ਦੇ ਤੌਰ ਤੇ ਵਰਤਿਆ ਜਾਂਦਾ ਸੀ। ਜੇ ਇਨ੍ਹਾਂ ਟੈਕਸਟ ਦੇ ਆਧਾਰ 'ਤੇ ਨਕਾਰਾਰਨ 'ਤੇ ਵਿਚਾਰ–ਚਰਚਾ ਦੀ ਬੰਸਾਵਲੀ ਨੂੰ ਖੋਜਿਆ ਜਾਵੇ ਤਾਂ ਜਿਨਸੀ ਹਿੰਸਾ ਲਈ ਫੈਲੋਸੈਂਟਰਿਕ ਅਤੇ ਜਾਤ ਆਧਾਰਿਤ ਪ੍ਰਕਿਰਿਆ ਲਈ ਨਕਾਰਾਕਰਨ ਤੋਂ ਭਾਵ ਕੀ ਹੈ, ਦੀ ਸਪੱਸ਼ਟ ਜੁਗਲਬੰਦੀ ਦੇਖਦੇ ਹਾਂ। ਉਮਾ ਚੱਕਰਵਰਤੀ ਦੀ ਟਰਮ ਦੀ ਵਰਤੋਂ ਕਰਦੇ ਹੋਏ ਬ੍ਰਾਹਮਣੀ ਪਿਤਰੀ-ਤੰਤਰ ਲਈ ਕਾਮਵਾਸ਼ਨਾ ਦੀ ਨਿਰਧਾਰਿਤਾ ਕੇਂਦਰੀ ਹੈ। ਇਸੇ ਤਰ੍ਹਾਂ ਅਪਮਾਨ-ਜਨਕ ਹਿੰਸਾ ਉਨ੍ਹਾਂ ਔਰਤਾਂ ਅਤੇ ਮਰਦਾਂ 'ਤੇ ਵੀ ਕੀਤੀ ਜਾਂਦੀ ਹੈ ਜੋ ਕਾਮੁਕ ਸੰਬੰਧਾਂ, ਇਕੱਠੇ ਰਹਿਣ ਜਾਂ ਵਿਆਹ ਆਦਿ ਲਈ ਜਾਤ ਪ੍ਰਤਿਮਾਨਾਂ ਦੀ ਉਲੰਘਣਾ ਕਰਦੇ ਹਨ।

## ਬਲਾਤਕਾਰ ਮਾਮਲਿਆਂ ਵਿਚ ਦੋ–ਉਂਗਲੀ ਟੈਸਟ ਨੂੰ ਰੋਕਣਾ

2012 ਦੇ ਵਿਰੋਧਾਂ ਤਕ ਦੋ ਉਂਗਲੀ ਟੈਸਟ ਦੇ ਬਸਤੀਵਾਦੀ, ਕਾਮੁਕ ਅਤੇ ਹਿੰਸਕ ਅਮਲ ਤੋਂ ਛੁਟਕਾਰਾ ਪਾਉਣ ਲਈ ਕਈ ਬੇਨਤੀਆਂ ਦੇ ਬਾਵਜੂਦ ਕਿਸੇ ਸਰਕਾਰ ਨੇ ਗੰਭੀਰਤਾ ਨਾਲ ਨਹੀਂ ਲਿਆ। ਡਾਕਟਰ ਅਕਸਰ ਇਹ ਟੈਸਟ ਬਲਾਤਕਾਰ ਦੀ ਸ਼ਿਕਾਰ ਉੱਤੇ ਕਰਦੇ ਹਨ ਕਿ ਔਰਤ ਸੈਕਸ ਦੀ ਆਦੀ ਹੈ ਅਤੇ ਬਲਾਤਕਾਰ ਦੀ ਜਾਂਚ ਦੌਰਾਨ ਪਿਛਲੇ ਸੈਕਸ ਇਤਿਹਾਸ ਨੂੰ ਜਾਣਿਆ ਜਾਂਦਾ ਹੈ। 2003 ਤੋਂ ਬਲਾਤਕਾਰ ਮੁਕੱਦਮਿਆਂ ਵਿਚ ਪਿਛਲੇ ਸੈਕਸ ਇਤਿਹਾਸ ਨੂੰ ਮਨ੍ਹਾਂ ਕਰ ਦਿਤਾ ਗਿਆ ਸੀ।

2010 ਵਿਚ ਮਾਨਵ ਅਧਿਕਾਰ ਸੰਗਠਨ ਦੀ ਵਾਚ *ਰਿਪੋਰਟ ਡਿਗਨਿਟੀ ਆਨ ਟਰਾਇਲ* ਮਿਲਾਵ ਫੈਸਲੇ, ਮੈਡੀਕਲ ਸਲਾਹ ਅਤੇ ਮਾਹਰਾਂ ਨਾਲ ਮੁਲਾਕਾਤ ਸਭ ਨੇ ਸਰਕਾਰ ਨੂੰ ਸਿਫ਼ਾਰਸ਼ ਕੀਤੀ ਕਿ ਦੋ-ਉਂਗਲੀ ਟੈਸਟ ਖਤਮ ਕੀਤਾ ਜਾਵੇ। ਬਲਾਤਕਾਰ ਦੀ ਸ਼ਿਕਾਰ ਔਰਤ 'ਤੇ ਸ਼ੱਕ ਕਰਨ ਲਈ ਇਨ੍ਹਾਂ ਪੁਸਤਕਾਂ ਦੀ ਕੋਰਟ ਰੂਮ ਵਿਚ ਵਰਤੋਂ ਕੀਤੀ ਜਾਂਦੀ ਹੈ, "ਉਹ! ਇਹ ਤਾਂ ਇਸ ਦੀ ਆਦੀ ਹੈ, ਇਹ ਬਲਾਤਕਾਰ ਬਾਰੇ ਝੂਠ ਬੋਲ ਰਹੀ ਹੈ", ਕੋਰਟ ਰੂਮ ਵਿਚ ਇਹ ਆਮ ਵਰਤਿਆ ਜਾਂਦਾ ਹੈ। ਰਾਜ ਸਰਕਾਰਾਂ ਨੂੰ ਚਾਹੀਦਾ ਹੈ ਕਿ ਜਿਨਸੀ ਹਿੰਸਾ ਦੇ ਸ਼ਿਕਾਰ ਲੋਕਾਂ ਨੂੰ ਅਜਿਹੀਆਂ ਸੇਵਾਵਾਂ ਉਪਲਬਧ ਕਰਵਾਏ। ਉਨ੍ਹਾਂ ਦੀ ਸੁਰੱਖਿਆ ਲਈ ਪੂਰੇ ਮਾਪਦੰਡ ਅਪਣਾਏ ਜਾਣ ਅਤੇ ਉਨ੍ਹਾਂ ਦੀ ਨਿੱਜਤਾ ਨਾਲ ਕੋਈ ਗ਼ੈਰ ਕਾਨੂੰਨੀ ਦਖ਼ਲ ਅੰਦਾਜ਼ੀ ਨਾ ਕੀਤੀ ਜਾਵੇ।

ਉਪਰੋਕਤ ਸਭ ਨੂੰ ਧਿਆਨ ਵਿਚ ਰੱਖਦੇ ਹੋਏ, ਬਿਨਾਂ ਸ਼ੱਕ ਦੋ-ਉਂਗਲੀ ਟੈਸਟ ਅਤੇ ਉਸ ਦੀ ਵਿਆਖਿਆ ਬਲਾਤਕਾਰ ਦੀ ਸ਼ਿਕਾਰ ਔਰਤ ਦੀ ਨਿੱਜੀ ਜ਼ਿੰਦਗੀ, ਮਾਨਸਿਕ ਅਤੇ ਸਰੀਰਕ ਨੇਕਨੀਤੀ ਅਤੇ ਗੌਰਵ ਦੇ ਹੱਕ ਦੀ ਉਲੰਘਣਾ ਹੈ। ਇਸ ਲਈ ਇਹ ਟੈਸਟ ਭਾਵੇਂ ਉਸ ਦੀ ਰਿਪੋਰਟ ਸਕਾਰਾਤਮਕ ਹੀ ਹੋਵੇ, ਸਹਿਮਤੀ ਦੇ ਅਨੁਮਾਨ ਨੂੰ ਆਪਣੇ-ਆਪ ਉਠਾ ਨਹੀਂ ਸਕਦੀ। ਹਾਲਾਂ ਕਿ ਸੁਪਰੀਮ ਕੋਰਟ ਨੇ ਦੋ ਉਂਗਲੀ ਟੈਸਟ ਨੂੰ ਗ਼ੈਰ ਸੰਵਿਧਾਨਕ ਕਰਾਰ ਦਿਤਾ ਹੈ, ਸਰਕਾਰ ਨੇ ਮਾਰਚ 2014 ਤਕ ਵੀ ਇਸ 'ਤੇ ਪਾਬੰਦੀ ਨਹੀਂ ਲਗਾਈ। ਹੁਣ ਕੇਂਦਰ ਸਰਕਾਰ ਦੁਆਰਾ ਅਪਣਾਏ ਗਏ ਰਾਸ਼ਟਰੀ ਸ਼ਿਸ਼ਟਾਚਾਰ ਨੂੰ ਰਾਜ ਸਰਕਾਰਾਂ ਦੁਆਰਾ ਅਪਣਾਇਆ ਜਾਵੇਗਾ।

## ਫੌਜਦਾਰੀ ਕਾਨੂੰਨ ਤਰਮੀਮ ਐਕਟ 2013

ਆਰਡੀਨੈਂਸ ਦੀ ਤਿੱਖੀ ਆਲੋਚਨਾ ਦੇ ਪਿਛੋਕੜ ਵਿਚ, ਦਿੱਲੀ ਸਮੂਹਕ ਬਲਾਤਕਾਰ ਅਪਰਾਧੀਆਂ ਦੀ ਜ਼ਾਹਰ ਜਾਂਚ ਅਤੇ ਲੋਕਾਂ ਦੁਆਰਾ ਉਠਾਈ ਗਈ ਮੌਤ ਦੀ ਸਜ਼ਾ ਦੀ ਮੰਗ ਤੋਂ ਬਾਅਦ ਤਿਆਰ ਕੀਤੇ ਗਏ ਫੌਜਦਾਰੀ ਕਾਨੂੰਨ ਤਰਮੀਮ ਐਕਟ 2013 ਨੇ ਬਲਾਤਕਾਰ ਨੂੰ ਲਿੰਗ ਨਿਰਪੱਖ ਅਪਰਾਧ ਬਣਾਉਣ ਦੀ ਪ੍ਰਤਿਬਧਤਾ ਨੂੰ ਤਿਆਗ ਦਿਤਾ ਹੈ।

ਬਲਾਤਕਾਰ ਦੀ ਪਰਿਭਾਸ਼ਾ ਵਿਚ ਵਿਸਤਾਰ ਕੀਤਾ ਗਿਆ ਹੈ ਜਿਸ ਵਿਚ ਸ਼ਾਮਿਲ ਹੈ ਬਿਨਾਂ ਸਹਿਮਤੀ ਜਾਂ ਇੱਛਾ ਦੇ ਵਿਰੁੱਧ ਸਰੀਰ ਦੇ ਕਿਸੇ ਵੀ ਸੁਰਾਖ ਵਿਚ ਗ਼ੈਰ ਲਿੰਗੀ ਚੀਜ਼ ਦੇ ਘੁਸੇੜਣ ਦਾ ਕੋਈ ਵੀ ਦੂਜਾ ਰੂਪ, 1983 ਦੀ ਤਰਮੀਮ ਤੋਂ ਬੁਨਿਆਦੀ ਰਵਾਨਗੀ ਹੈ। ਸਹਿਮਤੀ ਦੀ ਪਰਿਭਾਸ਼ਾ ਨੂੰ ਵਿਸਤਾਰਿਆ ਗਿਆ ਹੈ। ਇਹ ਸਪੱਸ਼ਟ ਕੀਤਾ ਗਿਆ ਸੀ ਕਿ ਵਿਰੋਧ ਦੇ ਨਿਸ਼ਾਨਾਂ ਦੀ ਕਮੀ ਸਹਿਮਤੀ ਨੂੰ ਨਹੀ ਦਰਸਾਉਂਦੀ।

2013 ਦੀ ਤਰਮੀਮ ਵਿਚ ਵੱਖ ਰਹਿ ਰਹੀ ਪਤਨੀ ਦੇ ਬਲਾਤਕਾਰ ਨੂੰ ਪਛਾਣ ਦਿਤੀ ਗਈ ਹੈ ਜੋ ਪ੍ਰਸਥਿਤੀ ਤਕ ਸੀਮਤ ਨਹੀਂ ਹੈ, ਜਿਥੇ ਕਿ 1983 ਦੀ ਤਰਮੀਮ ਵਿਚ ਕਾਨੂੰਨੀ ਹੁਕਮ ਨਾਲ ਪਤਨੀ ਅਲੱਗ ਹੈ। ਦੂਜੇ ਸ਼ਬਦਾਂ ਵਿਚ, 15 ਸਾਲ ਤੋਂ ਜ਼ਿਆਦਾ ਉਮਰ ਦੀ ਪਤਨੀ 'ਤੇ ਬਲਾਤਕਾਰ ਕਾਨੂੰਨ ਲਾਗੂ ਨਹੀਂ ਹੁੰਦਾ ਜਦ ਕਿ 2012 (ਪੀ ਓ ਸੀ ਐੱਸ ਓ) ਵਿਚ ਬਾਲ ਜਿਨਸੀ ਹਿੰਸਾ ਦਾ ਕਾਨੂੰਨ ਪਾਸ ਕੀਤਾ ਗਿਆ ਸੀ। ਇਹ ਕਾਨੂੰਨ 15 ਤੋਂ 18 ਸਾਲ ਦੀਆਂ ਪਤਨੀਆਂ 'ਤੇ ਲਾਗੂ ਹੁੰਦਾ ਹੈ। ਸਹਿਮਤੀ ਦੀ ਉਮਰ 18 ਸਾਲ ਵਧਾਈ ਗਈ ਸੀ। ਇਸ ਤੋਂ ਭਾਵ 16 ਤੋਂ 18 ਸਾਲ ਦੀ ਉਮਰ ਵਿਚ ਨੌਜਵਾਨ ਬਾਲਗ ਵਿਚਕਾਰ ਸਹਿਮਤੀ ਨਾਲ ਸੈਕਸ ਹੁਣ ਕਾਨੂੰਨੀ ਬਲਾਤਕਾਰ ਹੈ। ਇਹ ਪਿਆਰ ਦੇ ਸੰਬੰਧਾਂ ਅਤੇ ਸਹਿਮਤੀ ਨਾਲ ਸੈਕਸ ਨੂੰ ਲਾਗੂ ਕਰਨ ਲਈ ਬਲਾਤਕਾਰ ਕਾਨੂੰਨ ਦੀ ਵਰਤੋਂ ਬਾਰੇ ਸਰੋਕਾਰ ਪੈਦਾ ਕਰਦਾ ਹੈ ਜੋ ਜਾਤ ਅਤੇ ਸਮੁਦਾਇ ਪ੍ਰਤਿਮਾਨਾਂ ਦੀ ਉਲੰਘਣਾ ਕਰਦਾ ਹੈ।

2013 ਵਿਚ ਸੰਗੀਨ ਬਲਾਤਕਾਰ ਦੇ ਨਵੇਂ ਵਰਗ ਸ਼ੁਰੂ ਕੀਤੇ ਗਏ ਹਨ। ਇਨ੍ਹਾਂ ਵਿਚ ਸ਼ਾਮਿਲ ਹਨ : ਕਿਸੇ ਰਿਸ਼ਤੇਦਾਰ, ਸਰਪ੍ਰਸਤ ਜਾਂ ਅਧਿਆਪਕ ਜਾਂ ਉਸ ਵਿਅਕਤੀ ਦੁਆਰਾ ਵਿਸ਼ਵਾਸ ਜਾਂ ਅਥਾਰਿਟੀ ਦੀ ਸਥਿਤੀ ਵਿਚ ਹੈ (ਐੱਸ 376(2)(ਐਫ਼), ਸੰਪਰਦਾਇਕ ਜਾਂ ਫਿਰਕੂ ਹਿੰਸਾ ਦੌਰਾਨ ਔਰਤ ਦਾ ਬਲਾਤਕਾਰ (ਐੱਸ 376(2)(ਜੀ), ਸਹਿਮਤੀ ਦੇਣ ਦੇ ਅਸਮਰੱਥ ਔਰਤ ਦਾ ਬਲਾਤਕਾਰ (ਐਸ 376(2)(ਜੇ), ਔਰਤ ਦਾ ਬਲਾਤਕਾਰ ਜਦੋਂ

ਦੋਸ਼ੀ ਪ੍ਰਬਲਤਾ ਦੀ ਸਥਿਤੀ ਵਿਚ ਹੋਵੇ ਅਤੇ ਔਰਤ ਉਪਰ ਉਸ ਦਾ ਨਿਯੰਤ੍ਰਣ ਹੋਵੇ (ਐੱਸ 376(2)(ਕੇ), ਜਦੋਂ ਔਰਤ ਸਰੀਰਕ ਜਾਂ ਮਾਨਸਿਕ ਅਯੋਗਤਾ ਤੋਂ ਪੀੜਤ ਹੋਵੇ (ਐੱਸ 378(2)(ਐੱਲ), ਜਦੋਂ ਦੁਖਦਾਇਕ ਸਰੀਰਕ ਨੁਕਸਾਨ ਪਹੁੰਚਾਇਆ ਗਿਆ ਹੋਵੇ ਜਾਂ ਉਸ ਨੂੰ ਲੰਗੜਾ ਲੂਲਾ ਕਰੂਪ ਕੀਤਾ ਗਿਆ ਹੋਵੇ ਜਾਂ ਉਸ ਦੀ ਜ਼ਿੰਦਗੀ ਖ਼ਤਰੇ ਵਿਚ ਹੋਵੇ (ਐੱਸ 376(2)(ਐੱਮ) ਜਾਂ ਬਾਰ-ਬਾਰ ਬਲਾਤਕਾਰ ਕੀਤਾ ਗਿਆ ਹੋਵੇ (ਐੱਸ 376(2)(ਐੱਨ)। ਇਸ ਤੋਂ ਅੱਗੇ ਤਰਮੀਮ ਸੰਗੀਨ ਅਪਰਾਧ ਪਰਿਭਾਸ਼ਤ ਕਰਦੀ ਹੈ। ਪਹਿਲੇ 12 ਸਾਲ ਦੇ ਮੁਕਾਬਲੇ 16 ਸਾਲ ਦੀ ਉਮਰ ਤਕ ਬੱਚਿਆਂ ਦਾ ਬਲਾਤਕਾਰ (ਐੱਸ 376(2)(ਆਈ) ਜਾਂ ਕਿਸੇ ਵੀ ਪੁਲਿਸ ਸਟੇਸ਼ਨ ਦੀ ਚਾਰਦੀਵਾਰੀ ਵਿਚ ਜਾਂ ਜਦੋਂ ਔਰਤ ਅਜਿਹੇ ਪੁਲਿਸ ਅਧਿਕਾਰੀ ਜਾਂ ਉਸ ਦੇ ਮਾਤਹਿਤ ਦੀ ਹਿਰਾਸਤ ਵਿਚ ਹੈ। ਅਜਿਹੇ ਅਪਰਾਧਾਂ ਲਈ ਘੱਟ ਤੋਂ ਘੱਟ ਸਜ਼ਾ 10 ਸਾਲ ਹੈ ਅਤੇ ਵੱਧ ਤੋਂ ਵੱਧ ਉਮਰ ਕੈਦ, ਜਿਥੇ ਉਮਰ ਤੋਂ ਭਾਵ ਅਪਰਾਧੀ ਦੀ ਬਾਕੀ ਕੁਦਰਤੀ ਜ਼ਿੰਦਗੀ ਤਕ। ਇਕ ਨਵਾਂ ਸੈਕਸ਼ਨ 376 ਏ ਜੋੜਿਆ ਗਿਆ ਹੈ ਜਿਸ ਅਨੁਸਾਰ ਜਦੋਂ ਬਲਾਤਕਾਰ ਕਰਕੇ ਮੌਤ ਹੋ ਜਾਂਦੀ ਹੈ ਜਾਂ ਬਲਾਤਕਾਰ ਪੀੜਤ ਦੀ ਹਾਲਤ ਸਥਾਈ ਤੌਰ ਤੇ ਬੇਕਾਰ ਹੋ ਜਾਂਦੀ ਹੈ ਤਾਂ ਘੱਟੋ-ਘੱਟ 20 ਸਾਲ ਦੀ ਸਜ਼ਾ ਜਾਂ ਵੱਧ ਤੋਂ ਵੱਧ ਉਮਰ ਕੈਦ ਜਦ ਤਕ ਕੁਦਰਤੀ ਜੀਵਨ ਬਕਾਇਆ ਹੈ ਜਾਂ ਮੌਤ ਦੀ ਸਜ਼ਾ ਹੀ ਹੋ ਸਕਦੀ ਹੈ। ਸੈਕਸ਼ਨ 376 ਡੀ ਸਮੂਹਿਕ ਬਲਾਤਕਾਰ ਲਈ ਸਜ਼ਾ ਨੂੰ ਘੱਟੋ-ਘੱਟ 20 ਸਾਲ ਤਕ ਵਧਾਉਂਦਾ ਹੈ, ਜਿਸ ਨੂੰ ਉਮਰ ਕੈਦ ਤਕ ਵੀ ਵਧਾਇਆ ਜਾ ਸਕਦਾ ਹੈ। ਸੈਕਸ਼ਨ ਸਪੱਸ਼ਟ ਕਰਦਾ ਹੈ ਕਿ ਲਗਾਇਆ ਗਿਆ ਜੁਰਮਾਨਾ ਪੀੜਤ ਦੇ ਮੈਡੀਕਲ ਖਰਚੇ ਨੂੰ ਪੂਰਾ ਕਰਨ ਲਈ ਕਾਫ਼ੀ ਹੋਵੇ ਅਤੇ ਸਿੱਧਾ ਪੀੜਤ ਨੂੰ ਦਿਤਾ ਜਾਣਾ ਚਾਹੀਦਾ ਹੈ। ਸੈਕਸ਼ਨ 376 ਈ ਸਪੱਸ਼ਟ ਕਰਦਾ ਕਰਦਾ ਹੈ ਕਿ ਬਾਰ-ਬਾਰ ਅਪਰਾਧ ਕਰਨ ਵਾਲੇ ਅਪਰਾਧੀਆਂ ਨੂੰ ਕੁਦਰਤੀ ਜੀਵਨ ਦੇ ਬਕਾਏ ਲਈ ਉਮਰ ਕੈਦ ਦੀ ਸਜ਼ਾ ਜਾਂ ਮੌਤ ਦੀ ਸਜ਼ਾ ਦਿਤੀ ਜਾਵੇਗੀ। ਜਿਨਸੀ ਹਿੰਸਾ ਨੂੰ ਭੈਭੀਤ ਅਤੇ ਅਪਾਹਜ ਬਣਾਉਣ ਦੇ ਰੂਪ ਜੋ ਕਿ ਦਲਿਤ ਅਤੇ ਕਬਾਇਲੀ ਔਰਤਾਂ ਦੇ ਤਜਰਬੇ ਦੀ ਉਦਾਹਰਣ ਹਨ, ਲਗਦਾ ਹੈ ਪ੍ਰਤਿਮਾਨ ਬਣ ਚੁੱਕੇ ਹਨ ਇਸੇ ਲਈ 2012–13 ਵਿਚ ਫੈਲੇ ਵਿਰੋਧ ਦੀ ਧਰਾਤਲ ਬਣੇ ਸਨ। ਵਰਮਾ ਕਮੇਟੀ ਦੀ ਰਿਪੋਰਟ ਨੂੰ ਅਪਣਾਉਂਦੇ ਹੋਏ ਸੈਕਸ਼ਨ 354 ਬੀ ਆਈ ਪੀ ਸੀ ਵਿਚ ਦਰਜ ਕੀਤਾ ਗਿਆ ਸੀ ਕਿ ਕੋਈ ਵੀ ਵਿਅਕਤੀ ਕਿਸੇ ਔਰਤ 'ਤੇ ਹਮਲਾ ਕਰਦਾ ਹੈ ਜਾਂ ਉਸ ਨੂੰ ਨੰਗੇ ਕਰਨ ਜਾਂ ਕੱਪੜੇ ਉਤਾਰਨ ਲਈ ਜ਼ਬਰੀ ਮਜਬੂਰ ਕਰਦਾ ਹੈ ਤਾਂ ਉਹ ਹਮਲਾ ਅਪਰਾਧਿਕ ਹੈ, ਜਿਸ ਵਾਸਤੇ ਘੱਟੋ-ਘੱਟ ਤਿੰਨ ਸਾਲ ਦੀ ਸਜ਼ਾ ਅਤੇ ਵੱਧ ਤੋਂ ਵੱਧ ਸੱਤ ਸਾਲ ਦੀ ਸਜ਼ਾ ਹੈ। ਇਹ ਨਵਾਂ ਸੈਕਸ਼ਨ ਜਨਤਾ ਸਾਹਮਣੇ ਨੰਗਾ ਕਰਕੇ ਘੁੰਮਾਏ ਜਾਣ ਦੀ ਜ਼ਲੀਲਤਾ ਦੀ ਵਿਸ਼ਿਟਤਾ ਨੂੰ ਦਰੁਸਤ ਨਹੀਂ ਕਰਦਾ ਜੋ ਅਜਿਹੇ ਜ਼ਲਾਲਤ ਵਾਲੇ ਪ੍ਰਦਰਸ਼ਨ ਨੂੰ ਹਜ਼ਮ ਕਰਦਾ ਹੈ। ਇਸ ਸਮੇਂ ਦੌਰਾਨ ਪੀ ਓ ਏ ਐਕਟ ਤਹਿਤ ਕੀਤੀ ਗਈ ਸਿਫ਼ਾਰਸ਼ ਕਬਾਇਲੀ ਅਤੇ ਦਲਿਤ ਔਰਤ ਦੇ ਬਲਾਤਕਾਰ ਦੇ ਮੁਕੱਦਮੇ ਨੂੰ ਮਜ਼ਬੂਤ ਕਰਦਾ ਹੈ।

ਇਸ ਤੋਂ ਅੱਗੇ ਸੈਕਸ਼ਨ 146 ਪੂਰਬਲੀ ਸ਼ਰਤ ਦੀ ਧਾਰਾ ਦੇ ਵਿਕਲਪ ਵਿਚ ਤਰਮੀਮ ਕੀਤੀ ਗਈ ਸੀ ਜਿਸ ਅਨੁਸਾਰ ਆਈ ਪੀ ਸੀ ਦੇ ਸੈਕਸ਼ਨ 376, 376ਏ, 376ਬੀ, 376 ਸੀ, 376ਡੀ ਅਤੇ 376ਈ (ਇਨ੍ਹਾਂ ਅਪਰਾਧਾਂ ਵਿਚੋਂ ਕੋਈ ਵੀ ਅਪਰਾਧ) ਦੇ ਤਹਿਤ ਸਮੂਹ ਪੇਸ਼ ਕਰਨਾ ਮੁਨਾਸਬ ਨਹੀਂ ਹੋਵੇਗਾ ਜਾਂ ਪੀੜਤ ਦੀ ਸਹਿਮਤੀ ਜਾਂ ਸਹਿਮਤੀ ਦੀ ਗੁਣਵਤਾ ਨੂੰ ਸਾਬਤ ਕਰਨ ਲਈ ਪੂਰਬਲੇ ਜਿਨਸੀ ਤਜਰਬੇ, ਅਨੈਤਿਕ ਚਰਿਤਰ ਦੀ ਜਿਰ੍ਹਾ ਵਿਚ ਪ੍ਰਸ਼ਨ ਪੁੱਛਣਾ ਉੱਚਿਤ ਨਹੀਂ ਹੋਵੇਗਾ। ਸਾਲ 2013 ਤਕ, ਪ੍ਰਕਿਰਿਆ ਅਤੇ ਸਬੂਤ ਦੇ ਕਾਨੂੰਨ ਵਿਚ ਤਰਮੀਮ ਕਰਨ ਲਈ ਅਪੰਗਤਾ ਨੂੰ ਆਧਾਰ ਨਹੀਂ ਸੀ ਬਣਾਇਆ ਗਿਆ। ਸੈਕਸ਼ਨ 154 ਵਿਚ ਅੱਗੇ ਜ਼ਿਕਰ ਹੈ ਕਿ ਬਲਾਤਕਾਰ ਮਾਮਲੇ ਵਿਚ ਔਰਤ ਵਲੋਂ ਦਿਤੀ ਗਈ ਪਹਿਲੀ ਸੂਚਨਾ ਮਹਿਲਾ ਪੁਲਿਸ ਅਫ਼ਸਰ ਜਾਂ ਕਿਸੇ ਵੀ ਮਹਿਲਾ ਅਫ਼ਸਰ ਦੀ ਮੌਜੂਦਗੀ ਵਿਚ ਰਿਕਾਰਡ ਕੀਤੀ ਜਾਵੇਗੀ। ਅੱਗੋਂ ਇਹ ਸੈਕਸ਼ਨ ਹੋਰ ਸਪੱਸ਼ਟ ਕਰਦਾ ਹੈ ਕਿ ਜੇ ਪੀੜਤਾ ਅਸਥਾਈ ਜਾਂ ਸਥਾਈ ਰੂਪ ਵਿਚ ਸਰੀਰਕ ਜਾਂ ਮਾਨਸਿਕ ਤੌਰ ਤੇ ਅਪਾਹਜ ਹੈ ਤਾਂ ਸ਼ਿਕਾਇਤ ਕਰਤਾ ਦਾ ਬਿਆਨ ਉਸ ਦੇ ਘਰ ਜਾਂ ਉਸ ਦੀ ਸਹੂਲਤ ਅਨੁਸਾਰ ਉਸ ਸਥਾਨ 'ਤੇ ਵਿਸ਼ੇਸ਼ ਸਿਖਿਅਕ ਜਾਂ ਦੁਭਾਸ਼ੀਆ ਦੀ ਮੌਜੂਦਗੀ ਵਿਚ ਪੁਲਿਸ ਅਫ਼ਸਰ ਦੁਆਰਾ ਰਿਕਾਰਡ ਕੀਤਾ ਜਾਵੇ।

## ਸਮਾਪਤੀ ਟਿੱਪਣੀਆਂ

ਤਰਮੀਮਸ਼ੁਦਾ ਕਾਨੂੰਨ, ਵਿਰੋਧੀ ਗਵਾਹਾਂ ਅਤੇ ਕੋਰਟ ਤੋਂ ਬਾਹਰ ਸਮਝੌਤੇ ਦੇ ਪੇਚੀਦਾ ਪ੍ਰਸ਼ਨਾਂ ਨੂੰ ਸੰਬੋਧਨ ਕਰਨ ਦਾ ਵਕੀਲ ਅਤੇ ਰਾਜ ਦੀਆਂ ਹੋਰ ਏਜੰਸੀਆਂ ਬਲਾਤਕਾਰ ਮਾਮਲੇ ਵਿਚ ਬਲਾਤਕਾਰ ਪੀੜਤ ਨੂੰ ਸਮਝੌਤਾ ਕਰਨ ਲਈ ਦਹਿਸ਼ਤਜ਼ਦਾ ਕਰਦੀਆਂ ਹਨ ਜੋ ਆਤਮਹੱਤਿਆ, ਕਤਲ ਅਤੇ ਦੋਸ਼ ਮੁਕਤੀ ਨੂੰ ਉਤਸ਼ਾਹ ਦਿੰਦੀ ਹੈ। 2013 ਵਿਚ ਪਟਿਆਲਾ ਵਿਖੇ 17 ਸਾਲਾਂ ਦੀ ਲੜਕੀ ਦੀ ਆਤਮਹੱਤਿਆ ਸਮਝੌਤੇ ਦੀ ਦਹਿਸ਼ਤ ਦਾ ਹੀ ਨਤੀਜਾ ਹੈ। ਇਸ ਪਾਸੇ ਜਾਂਚ ਪੜਤਾਲ ਦਾ ਕੋਈ ਯਤਨ ਨਹੀਂ ਕੀਤਾ ਗਿਆ ਕਿ ਕਿਉਂ ਔਰਤਾਂ ਨੂੰ ਬਲਾਤਕਾਰ ਮਾਮਲੇ ਵਿਚ ਸਮਝੌਤਾ ਕਰਨ ਲਈ ਦਬਾਅ ਪਾਇਆ ਜਾਂਦਾ ਹੈ ਜਦ ਕਿ ਕਾਨੂੰਨ ਦੀਆਂ ਕਿਤਾਬਾਂ ਵਿਚ ਸਪੱਸ਼ਟ ਤੌਰ ਤੇ ਇਸ ਨੂੰ ਗ਼ੈਰ ਕਾਨੂੰਨੀ ਦੱਸਿਆ ਗਿਆ ਹੈ। ਇਸ ਲਈ ਫ਼ੈਸਲੇ ਬਲਾਤਕਾਰ ਪੀੜਤ 'ਤੇ ਸਾਧੇ ਗਏ ਪ੍ਰਸ਼ਨਾਂ ਦੀ ਪ੍ਰਕਿਰਤੀ ਦੀ ਖ਼ੁਸ਼ਕ ਤਸਵੀਰ ਹੀ ਪ੍ਰਦਾਨ ਕਰਦੀ ਹੈ। ਜਾਂਚ ਪ੍ਰਕਿਰਿਆ ਦੀ ਰਿਪੋਰਟ ਵਿਚ ਅਪੀਲੀ ਫੈਸਲੇ, ਬਲਾਤਕਾਰ ਮੁਕੱਦਮੇ ਦੀ ਮਹਿਜ ਅਸ਼ਲੀਲ ਸੰਰਚਨਾ ਹੀ ਪ੍ਰਗਟ ਕਰਦੇ ਹਨ। ਮਥੁਰਾ ਸੁਣਵਾਈ ਦੇ 27 ਸਾਲ ਬਾਅਦ 2007 ਵਿਚ ਰਾਜਸਥਾਨ ਹਾਈ ਕੋਰਟ ਦੁਆਰਾ ਰਿਪੋਰਟ ਕੀਤੇ ਗਏ ਮਾਮਲੇ ਵਿਚ ਬਲਾਤਕਾਰ ਮੁਕੱਦਮੇ ਵਿਚ ਸਰੀਰ ਦੇ ਜਿਨਸੀ ਸਾਕਾਰਨ ਬਾਰੇ ਬਹੁਤ ਹੀ ਅਚੰਭੇ ਭਰਪੂਰ ਵਿਸਤਾਰ ਪੇਸ਼ ਕੀਤੇ ਗਏ। ਜੈਪੁਰ ਡਿਸਟ੍ਰਿਕਟ ਵਿਚ ਮੁਕੱਦਮੇ ਦੀ ਸੁਣਵਾਈ ਵਿਚ ਜਿਰ੍ਹਾ ਦੌਰਾਨ ਪੀੜਤ ਕੋਲੋਂ ਇਹ ਪੁੱਛਿਆ ਗਿਆ ਕਿ ਕਿਸ ਆਸਣ ਵਿਚ ਬਲਾਤਕਾਰ ਕੀਤਾ ਗਿਆ।

ਜਿਨਸੀ ਹਿੰਸਾ ਵਿਰੁੱਧ ਸਾਡੀ ਸਾਂਝੀ ਲੜਾਈ ਵਿਚ ਨਵੇਂ ਨੈਤਿਕ ਅਤੇ ਰਾਜਨੀਤਕ ਅਰਥਾਂ ਦੀ ਸ਼ੁਰੂਆਤ ਲਈ ਹਰੇਕ ਖੇਤਰ ਵਿਚ ਇਨਕਲਾਬੀ ਪਰਿਵਰਤਨ ਦੀ ਜ਼ਰੂਰਤ ਹੈ। ਇਸ ਤੋਂ ਭਾਵ ਸਾਨੂੰ ਆਪਣੀ ਵਿਰੋਧ ਦੀ ਸ਼ਬਦਾਵਲੀ ਨੂੰ ਵਿਕਾਸਣਾ ਹੋਵੇਗਾ, ਇਹ ਭਾਸ਼ਾ ਸੱਤਾ ਦੀ ਭਾਸ਼ਾ ਨਾਲੋਂ ਦਰਦ ਦੀ ਭਾਸ਼ਾ ਹੋਵੇ।

*(ਲੇਖਿਕਾ ਐਸੋਸੀਏਟ ਪ੍ਰੋਫੈਸਰ, ਸੈਂਟਰ ਫਾਰ ਦਿ ਸਟਡੀ ਆਫ਼ ਲਾਅ ਐਂਡ ਗਵਰਨੈਂਸ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਹੈ।)*

*e-mail :pratiksha.baxi@gmail.com*

# ਭਾਰਤ ਦਾ ਖੇਤੀਬਾੜੀ ਸੰਕਟ : ਸੁਭਾਅ, ਕਾਰਨ ਤੇ ਸੰਭਾਵੀ ਹੱਲ

ਗਿਆਨ ਸਿੰਘ

ਖੇਤੀਬਾੜੀ ਸੰਕਟ ਭਾਰਤ ਲਈ ਨਵਾਂ ਨਹੀਂ ਹੈ। ਦੇਸ਼ ਨੇ ਆਜ਼ਾਦ ਹੋਣ ਤੋਂ ਪਹਿਲਾਂ ਅਤੇ ਬਾਅਦ ਖੇਤੀਬਾੜੀ ਸੰਕਟ ਹੰਢਾਇਆ ਹੈ, ਪਰ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਦੀਆਂ ਵਧਦੀਆਂ ਖ਼ੁਦਕੁਸ਼ੀਆਂ ਇਕ ਨਵਾਂ ਅਤੇ ਦੁਖਦਾਈ ਵਰਤਾਰਾ ਹੈ। ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਹਕੂਮਤ ਦੀਆਂ ਬਸਤੀਵਾਦੀ ਨੀਤੀਆਂ ਖੇਤੀਬਾੜੀ ਸੰਕਟ ਲਈ ਜ਼ਿੰਮੇਵਾਰ ਸਨ। ਕੁਝ 'ਵਿਦਵਾਨ' ਖੇਤੀਬਾੜੀ ਸੰਕਟ ਨੂੰ ਸਿਰਫ਼ ਕਿਸਾਨੀ ਸੰਕਟ ਤਕ ਹੀ ਸੀਮਤ ਕਰਕੇ ਦੇਖਦੇ ਹਨ ਜਿਹੜਾ ਕਿ ਬਿਲਕੁਲ ਵੀ ਉੱਚਿਤ ਨਹੀਂ ਹੈ।

**ਖੇਤੀਬਾੜੀ ਖੇਤਰ ਨਾਲ ਸੰਬੰਧਤ ਸਾਰੇ ਵਰਗਾਂ ਦੇ ਸੰਕਟ, 'ਨਵੀਂ ਖੇਤੀਬਾੜੀ ਜੁਗਤ' ਤਹਿਤ ਰਸਾਇਣਾਂ ਦੀ ਬੇਰੋਕ-ਟੋਕ ਵਰਤੋਂ ਦੀ ਵਜਹ ਵਾਤਾਵਰਨ ਵਿਚ ਪੈਦਾ ਹੋਏ ਵਿਗਾੜ, ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਘੱਟੋ-ਘੱਟ ਸਮਰਥਨ ਕੀਮਤਾਂ ਦੀ ਆੜ ਵਿਚ ਧਾਨ ਦੀ ਫ਼ਸਲ ਨੂੰ ਕੁਝ ਰਾਜਾਂ ਵਿਚ ਲਾਉਣ-ਉਗਾਉਣ ਕਾਰਨ ਧਰਤੀ ਹੇਠਲੇ ਪਾਣੀ ਦੀ ਸਤਹਿ ਦੇ ਖ਼ਤਰਨਾਕ ਹੱਦ ਤਕ ਥੱਲੇ ਜਾਣ ਅਤੇ ਵਾਤਾਵਰਨ ਵਿਚ ਪੈਦਾ ਹੋਏ ਵਿਗਾੜ ਦਾ ਖੇਤੀਬਾੜੀ ਸੰਕਟ ਵਜੋਂ ਅਧਿਐਨ ਕਰਨਾ ਉੱਚਿਤ ਹੋਵੇਗਾ।**

1947 ਦੌਰਾਨ ਆਜ਼ਾਦੀ ਮੌਕੇ ਦੇਸ਼ ਅਨਾਜ ਪਦਾਰਥਾਂ ਦੀ ਥੁੜ ਦਾ ਸਾਹਮਣਾ ਕਰ ਰਿਹਾ ਸੀ। ਇਸ ਸਮੱਸਿਆ ਦਾ ਹੱਲ ਕਰਨ ਲਈ ਭਾਰਤ ਸਰਕਾਰ ਨੇ ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਦਿਤੀ ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆਏ। ਦੂਜੀ ਪੰਜ ਸਾਲਾ ਯੋਜਨਾ ਦੌਰਾਨ ਮੁੱਖ ਤਰਜੀਹ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦੇਣ ਦੇ ਨਤੀਜੇ ਵਜੋਂ ਦੇਸ਼ ਨੂੰ ਮੁੜ ਤੋਂ ਅਨਾਜ ਪਦਾਰਥਾਂ ਦੀ ਭਾਰੀ ਥੁੜ ਦਾ ਸਾਹਮਣਾ ਕਰਨਾ ਪਿਆ। ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਲਈ ਭਾਰਤ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਦੀ ਨੌਬਤ ਦਾ ਸਾਹਮਣਾ ਕਰਨਾ ਪਿਆ। ਆਖ਼ੀਰ ਵਿਚ ਆ ਕੇ ਪੀ.ਐਲ.-480 ਅਧੀਨ ਅਨਾਜ ਮੰਗਵਾਇਆ ਗਿਆ ਜਿਸ ਦੀ ਦੇਸ਼ ਨੂੰ ਵੱਡੀ ਕੀਮਤ ਤਾਰਨੀ ਪਈ।

ਦੇਸ਼ ਵਿਚ ਅਨਾਜ ਪਦਾਰਥਾਂ ਦੀ ਥੁੜ ਉੱਪਰ ਕਾਬੂ ਪਾਉਣ ਲਈ ਭਾਰਤ ਸਰਕਾਰ ਨੇ 1960ਵਿਆਂ ਦੌਰਾਨ 'ਨਵੀਂ ਖੇਤੀਬਾੜੀ ਜੁਗਤ' ਨੂੰ ਸ਼ੁਰੂ ਕਰਨ ਦਾ ਫ਼ੈਸਲਾ ਕੀਤਾ। ਖੇਤੀਬਾੜੀ ਦੀ ਇਸ ਜੁਗਤ ਨੂੰ ਅਪਣਾਉਣ ਨਾਲ ਖੇਤੀਬਾੜੀ ਉਤਪਾਦਿਕਤਾ ਅਤੇ ਉਤਪਾਦਨ ਵਿਚ ਅਥਾਹ ਵਾਧਾ ਹੋਇਆ ਜਿਸ ਨੂੰ ਲੰਬੇ ਸਮੇਂ ਲਈ ਬਣਾਇਆ ਰੱਖਿਆ ਜਾ ਸਕਿਆ। ਇਸ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ। ਸਰਕਾਰੀ ਹੰਭਲੇ ਅਤੇ ਖੇਤੀਬਾੜੀ ਨਾਲ ਸੰਬੰਧਤ ਸਾਰੀਆਂ ਧਿਰਾਂ ਦੀ ਹੱਡ-ਭੰਨਵੀਂ ਮਿਹਨਤ ਸਦਕਾ ਲਿਆਂਦੇ ਗਏ 'ਹਰੇ ਇਨਕਲਾਬ' ਨੇ ਭਾਰਤ ਸਰਕਾਰ ਦਾ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਖਹਿੜਾ ਛੁਡਵਾ ਦਿੱਤਾ, ਪਰ ਨਿਮਨ ਕਿਸਾਨਾਂ, ਖੇਤਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰ ਵੱਖ-ਵੱਖ ਤਰ੍ਹਾਂ ਦੇ ਸੰਕਟਾਂ ਵਿਚ ਚਲੇ ਗਏ ਹਨ ਉਥੇ ਵਾਤਾਵਰਨ ਵਿਚ ਵਿਗਾੜ ਅਤੇ ਧਰਤੀ ਹੇਠਲੇ ਪਾਣੀ ਦੀ ਸਤਹਿ ਸੰਬੰਧੀ ਵੀ ਸੰਕਟ ਵਧ ਗਏ ਹਨ।

ਭਾਰਤ ਵਿਚ ਖੇਤੀਬਾੜੀ ਕੀਮਤ ਨੀਤੀ ਦੀ ਸ਼ੁਰੂਆਤ ਦੂਜੀ ਸੰਸਾਰ ਜੰਗ ਦੌਰਾਨ ਅਨਾਜ ਪਦਾਰਥਾਂ ਦੀ ਭਾਰੀ ਥੁੜ ਕਾਰਨ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਸੰਬੰਧ ਵਿਚ ਹੋਈ। ਉਸ ਸਮੇਂ ਦੀ ਸਰਕਾਰ ਨੇ ਜਿੱਥੇ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਕੁਝ ਅਨਾਜ ਪਦਾਰਥਾਂ ਦੀਆਂ ਉੱਚਤਮ ਕੀਮਤਾਂ ਨਿਰਧਾਰਤ ਕੀਤੀਆਂ, ਉਥੇ ਕਿਸਾਨਾਂ ਦੀ ਬੇਹਤਰੀ ਲਈ ਕੁਝ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਕੀਮਤਾਂ ਵੀ ਨਿਸਚਤ ਕੀਤੀਆਂ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਵੀ ਅਨਾਜ ਪਦਾਰਥਾਂ ਦੀ ਥੁੜ ਜਾਰੀ ਰਹੀ ਅਤੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਖੇਤੀਬਾੜੀ ਖੇਤਰ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੀ ਗਈ। ਦੂਜੀ ਪੰਜ ਸਾਲਾ ਯੋਜਨਾ ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਦੀ ਜਗ੍ਹਾ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਦੇਣ ਦੇ ਨਤੀਜੇ ਵਜੋਂ ਦੇਸ਼ ਨੂੰ ਫਿਰ ਤੋਂ ਅਨਾਜ ਪਦਾਰਥਾਂ ਦੀ ਭਾਰੀ ਥੁੜ ਦਾ ਸਾਹਮਣਾ ਕਰਨਾ ਪਿਆ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਭਾਰਤ ਸਰਕਾਰ ਵੱਲੋਂ ਬਣਾਈ ਗਈ ਅਸ਼ੋਕ ਮਹਿਤਾ ਕਮੇਟੀ ਨੇ ਸੰਨ 1957 ਅਤੇ ਅਮਰੀਕਾ ਤੋਂ ਬੁਲਾਈ ਗਈ ਫੋਰਡ ਫਾਊਂਡੇਸ਼ਨ ਟੀਮ ਨੇ ਸੰਨ 1959 ਵਿਚ ਅਨਾਜ ਪਦਾਰਥਾਂ ਦੀਆਂ ਘੱਟੋ-ਘੱਟ ਲਾਹੇਵੰਦ ਸਮਰਥਨ ਕੀਮਤਾਂ ਨਿਸ਼ਚਤ ਕਰਨ ਸੰਬੰਧੀ ਆਪਣੇ-ਆਪਣੇ ਸੁਝਾਅ ਦਿੱਤੇ। ਭਾਰਤ ਸਰਕਾਰ ਨੇ ਝਾਅ ਕਮੇਟੀ (1964) ਦੀਆਂ ਸਿਫ਼ਾਰਸ਼ਾਂ ਨੂੰ ਮੰਨਦੇ ਹੋਏ ਜਿੱਥੇ ਕਣਕ ਅਤੇ ਧਾਨ ਦੀਆਂ ਸੰਨ 1964-65 ਲਈ ਘੱਟੋ-ਘੱਟ ਸਮਰਥਨ ਕੀਮਤਾਂ ਨਿਸ਼ਚਤ ਕੀਤੀਆਂ, ਉਥੇ ਸੰਨ 1965 ਵਿਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਨਾ ਕੀਤੀ।

'ਖੇਤੀਬਾੜੀ ਕੀਮਤਾਂ ਕਮਿਸ਼ਨ' ਨੇ ਆਪਣੀ ਸਥਾਪਤੀ ਤੋਂ ਬਾਅਦ ਕੁਝ ਚੋਣਵੀਆਂ ਖੇਤੀਬਾੜੀ ਜਿਣਸਾਂ ਦੀ ਘੱਟੋ-ਘੱਟ ਸਮਰਥਨ ਕੀਮਤਾਂ ਦੀ

ਸਿਫ਼ਾਰਸ਼ ਕੇਂਦਰ ਸਰਕਾਰ ਨੂੰ ਕਰਨੀ ਸ਼ੁਰੂ ਕਰ ਦਿੱਤੀ। ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਪਰ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੇ ਹੱਕ ਵਿਚ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਦੇ ਨਤੀਜੇ ਵਜੋਂ ਸੰਨ 1965 ਤੋਂ 1969 ਤਕ ਵਪਾਰ ਦੀਆਂ ਸ਼ਰਤਾਂ ਖੇਤੀਬਾੜੀ ਖੇਤਰ ਦੇ ਪੱਖ ਵਿਚ ਸਨ। ਸੰਨ 1970 ਤੋਂ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀਆਂ ਸਿਫ਼ਾਰਸ਼ਾਂ ਅਤੇ ਸਰਕਾਰ ਦੁਆਰਾ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਕਿਸਾਨ-ਵਿਰੋਧੀ ਹੋਣ ਕਾਰਨ ਕੁਝ ਕਿਸਾਨ ਜੱਥੇਬੰਦੀਆਂ ਅਤੇ ਸੂਬਾ ਸਰਕਾਰਾਂ ਵੱਲੋ ਇਸ ਦੀ ਤਿੱਖੀ ਆਲੋਚਨਾ ਹੋਣੀ ਸ਼ੁਰੂ ਹੋ ਗਈ ਕਿ 'ਖੇਤੀਬਾੜੀ ਕੀਮਤਾਂ ਕਮਿਸ਼ਨ' ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਆਧਾਰ ਨਹੀਂ ਬਣਾਉਂਦਾ। ਕੇਂਦਰ ਸਰਕਾਰ ਨੇ ਇਸ ਆਲੋਚਨਾ ਤੋਂ ਬਚਣ ਲਈ 23 ਫ਼ਰਵਰੀ, 1987 ਨੂੰ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦਾ ਨਾਮ ਬਦਲ ਕੇ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖ ਦਿਤਾ।

ਲੇਖਕ ਦੇ ਆਪਣੇ ਅਤੇ ਉਸ ਦੀ ਨਿਗਰਾਨੀ ਹੇਠ ਐਮ.ਫਿਲ. ਅਤੇ ਪੀਐਚ.ਡੀ. ਦੀਆਂ ਡਿਗਰੀਆਂ ਲਈ ਅਤੇ ਹੋਰ ਖੋਜਾਰਥੀਆਂ ਵੱਲੋਂ ਕੀਤੇ ਗਏ ਵੱਖ-ਵੱਖ ਅਧਿਐਨ ਇਹ ਤੱਥ ਸਾਹਮਣੇ ਲਿਆਏ ਹਨ ਕਿ ਦੇਸ਼ ਵਿਚ ਤਕਰੀਬਨ ਸਾਰੇ ਸੀਮਾਂਤਕ ਅਤੇ ਛੋਟੇ ਕਿਸਾਨ ਕਰਜ਼ੇ ਅਤੇ ਗ਼ਰੀਬੀ ਵਿਚ ਜੰਮਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਦਿਨ ਕਟੀ ਕਰਦੇ ਹਨ। ਇਸ ਵਰਤਾਰੇ ਵਿਚ ਕੁਝ ਕਿਸਾਨ ਤਾਂ ਆਪਣੀ ਜ਼ਮੀਨ ਤੋਂ ਵੀ ਹੱਥ ਧੋ ਬੈਠਦੇ ਹਨ। ਜਦੋਂ ਇਨ੍ਹਾਂ ਕਿਸਾਨਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ ਤਾਂ ਇਹ ਆਪਣੀ ਜ਼ਿੰਦਗੀ ਦੇ ਖਿਲਾਫ਼ ਚਲੇ ਜਾਂਦੇ ਹਨ। ਨੈਸ਼ਨਲ ਕਰਾਈਮ ਰਿਕਾਰਡਜ਼ ਬਿਊਰੋ ਦੇ ਅੰਕੜਿਆਂ ਅਨੁਸਾਰ ਸੰਨ 1995 ਤੋਂ 2012 ਦੌਰਾਨ ਦੇਸ਼ ਵਿਚ 2,84,694 ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਹੋਈਆਂ ਹਨ। ਇਸ ਤੋਂ ਬਿਨਾਂ ਕਿਸਾਨਾਂ ਦੀਆਂ ਹੋਰ ਖ਼ੁਦਕੁਸ਼ੀਆਂ ਵੀ ਹਨ ਜਿਨ੍ਹਾਂ ਨੂੰ ਉਨ੍ਹਾਂ ਦੇ ਵਾਰਸਾਂ ਨੇ ਸਮਾਜਿਕ ਅਤੇ ਕਾਨੂੰਨੀ ਉਲਝਣਾਂ ਤੋਂ ਬਚਣ ਲਈ ਕੁਦਰਤੀ ਜਾਂ ਹਾਦਸਾ ਮੌਤਾਂ ਵਜੋਂ ਦੱਸਿਆ ਜਾਂ ਜਿਹੜੇ ਕਿਸਾਨ ਘਰੋਂ ਲਾਪਤਾ ਹੋਣ ਤੋਂ ਬਾਅਦ ਖ਼ੁਦਕੁਸ਼ੀਆਂ ਕਰ ਗਏ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਾ ਲਾਵਾਰਿਸ ਲਾਸ਼ਾਂ ਵਜੋਂ ਸਸਕਾਰ ਕਰ ਦਿੱਤਾ ਗਿਆ। ਪੰਜਾਬ ਸਰਕਾਰ ਦੁਆਰਾ ਕਰਵਾਏ ਗਏ ਇਕ ਸਰਵੇ ਤੋਂ ਇਹ ਸਾਹਮਣੇ ਆਇਆ ਹੈ ਕਿ ਖੇਤੀਬਾੜੀ ਵਿਕਾਸ ਪੱਖੋਂ ਸਭ ਤੋਂ ਮੋਹਰੀ ਇਸ ਸੂਬੇ ਵਿਚ ਪਿਛਲੇ ਇਕ ਦਹਾਕੇ ਦੌਰਾਨ 4,687 ਕਿਸਾਨਾਂ ਅਤੇ ਖੇਤੀਬਾੜੀ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ।

ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਗ਼ੈਰ-ਲਾਹੇਵੰਦ ਤੈਅ ਕਰਨ ਅਤੇ ਉਨ੍ਹਾਂ ਕੀਮਤਾਂ ਉੱਪਰ ਵੀ ਇਨ੍ਹਾਂ ਜਿਣਸਾਂ ਨੂੰ ਮੰਡੀ ਵਿਚੋਂ ਨਾ ਖ਼ਰੀਦਣ ਪ੍ਰਤਿ ਆਪਣੇ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਆਂਧਰ ਪ੍ਰਦੇਸ਼ ਦੇ ਕਿਸਾਨਾਂ ਨੇ ਸੰਨ 2011 ਵਿਚ 5,00,000 ਏਕੜ ਖੇਤੀਬਾੜੀ ਵਾਲੀ ਭੂਮੀ ਉੱਪਰ ਫ਼ਸਲਾਂ ਨਾ ਬੀਜਣ/ਲਾਉਣ ਦਾ ਫ਼ੈਸਲਾ ਕੀਤਾ ਸੀ। ਇਸ ਸੂਬੇ ਦੇ ਕਿਸਾਨਾਂ ਅਨੁਸਾਰ ਉਸ ਸਮੇਂ ਪ੍ਰਤਿ ਏਕੜ ਧਾਨ ਉੱਪਰ 28,000 ਰੁਪਏ ਉਤਪਾਦਨ ਖ਼ਰਚਾ ਆਉਂਦਾ ਸੀ ਜਦ ਕਿ ਧਾਨ ਨੂੰ ਵੇਚਣ ਨਾਲ ਉਨ੍ਹਾਂ ਨੂੰ ਸਿਰਫ਼ 21,000 ਰੁਪਏ ਪ੍ਰਤਿ ਏਕੜ ਹੀ ਮਿਲਦੇ ਸਨ। ਉਪਰੋਕਤ ਤੱਥਾਂ ਦੇ ਬਾਵਜੂਦ ਉਨ੍ਹਾਂ ਅਰਥ-ਵਿਗਿਆਨੀਆਂ ਦੀ ਘਾਟ ਨਹੀਂ ਹੈ ਜਿਹੜੇ ਕਣਕ ਅਤੇ ਚਾਵਲਾਂ ਦੀਆਂ ਕੇਂਦਰ ਸਰਕਾਰ ਵੱਲੋਂ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਲਾਹੇਵੰਦ ਦਿਖਾਉਣ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡਦੇ। ਡਾ. ਆਰ.ਐਸ. ਘੁੰਮਣ ਅਨੁਸਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਪੰਜਾਬ ਕਿਸਾਨ ਕਮਿਸ਼ਨ ਨਾਲ ਮਿਲ ਕੇ ਉਨ੍ਹਾਂ ਦੁਆਰਾ ਕੀਤੀਆਂ ਗਈਆਂ ਗਿਣਤੀਆਂ-ਮਿਣਤੀਆਂ ਅਨੁਸਾਰ ਸੰਨ 2009 ਵਿਚ ਕਣਕ ਅਤੇ ਧਾਨ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਖੇਤੀਬਾੜੀ ਉਤਪਾਦਨ ਲਈ ਵਰਤੇ ਜਾਂਦੇ ਸਾਧਨਾਂ ਦੀਆਂ ਕੀਮਤਾਂ ਨਾਲੋਂ 25 ਪ੍ਰਤਿਸ਼ਤ ਜ਼ਿਆਦਾ ਸਨ। ਉਨ੍ਹਾਂ ਅਨੁਸਾਰ ਇਹ ਰੁਝਾਨ ਲਗਾਤਾਰ ਜਾਰੀ ਰਿਹਾ (ਦਿ ਟ੍ਰਿਬਿਊਨ, 17 ਅਪ੍ਰੈਲ, 2011)।

ਭਾਰਤ ਵਿਚ ਹੁਣ ਤਕ ਖੇਤੀਬਾੜੀ ਉਤਪਾਦਨ ਲਾਗਤਾਂ ਦੀਆਂ ਕੀਤੀਆਂ ਜਾਂਦੀਆਂ ਗਿਣਤੀਆਂ-ਮਿਣਤੀਆਂ ਵਿਚ ਬਹੁਤ ਸਾਰੀਆਂ ਊਣਤਾਈਆਂ ਹਨ। ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਉਤਪਾਦਨ ਲਾਗਤਾਂ ਵੱਖ-ਵੱਖ ਹਨ। ਸੰਨ 2011 ਦੌਰਾਨ ਪੰਜਾਬ ਵਿਚ ਖੇਤੀਬਾੜੀ ਲਾਗਤਾਂ ਵਿਚ ਜ਼ਮੀਨ ਦਾ ਠੇਕਾ ਸਿਰਫ਼ 13,000 ਰੁਪਏ ਪ੍ਰਤਿ ਏਕੜ ਦੇ ਹਿਸਾਬ ਨਾਲ ਗਿਣਿਆ ਗਿਆ, ਜਦ ਕਿ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿਚ ਇਹ 28,000 ਤੋਂ 35,000 ਰੁਪਏ ਦੇ ਦਰਮਿਆਨ ਸੀ। ਪੰਜਾਬ ਸਕਿਊਰਟੀ ਆਫ਼ ਲੈਂਡ ਟਿਨਿਊਰ ਐਕਟ, 1953 ਦੇ ਸੈਕਸ਼ਨ 12 ਅਨੁਸਾਰ ਜ਼ਮੀਨ ਦਾ ਠੇਕਾ ਖੇਤੀਬਾੜੀ ਉਤਪਾਦਨ ਦੇ ਮੁੱਲ ਦੇ ਇਕ-ਤਿਹਾਈ ਤੋਂ ਵੱਧ ਨਹੀਂ ਹੋ ਸਕਦਾ ਜਿਸ ਕਰਕੇ ਖੇਤੀਬਾੜੀ ਲਾਗਤਾਂ ਗਿਣਦੇ ਸਮੇਂ ਇਸ ਵਿਚ ਜ਼ਮੀਨ ਦਾ ਠੇਕਾ 13,000 ਰੁਪਏ ਪ੍ਰਤਿ ਏਕੜ ਦੇ ਹਿਸਾਬ ਨਾਲ ਪਾਇਆ ਗਿਆ। ਸਿਰਫ਼ 13 ਦਿਨਾਂ ਦੇ ਵਕਫ਼ੇ ਤੋਂ ਬਾਅਦ ਡਾ. ਆਰ.ਐਸ. ਘੁੰਮਣ ਦੇ ਕਹਿਣ ਅਨੁਸਾਰ ਇਸ ਐਕਟ ਨੂੰ ਬਦਲਣ ਨਾਲ ਪੰਜਾਬ ਸੂਬੇ ਦੀਆਂ ਖੇਤੀਬਾੜੀ ਜਿਣਸਾਂ ਦੀਆਂ ਹੁਣ ਨਾਲੋਂ ਵਧੀਆਂ ਹੋਈਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਦਾ ਕੇਸ ਮਜ਼ਬੂਤ ਹੋਵੇਗਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਅਸਲੀ ਲਾਗਤ ਉੱਪਰ ਕਮਾਈ ਹੋਵੇਗੀ (ਦਿ ਟ੍ਰਿਬਿਊਨ, 30 ਅਪ੍ਰੈਲ, 2011)।

ਖੇਤੀਬਾੜੀ ਉਤਪਾਦਨ ਲਾਗਤਾਂ ਨੂੰ ਗਿਣਦੇ ਸਮੇਂ ਜ਼ਮੀਨ ਦੇ ਠੇਕੇ ਤੋਂ ਬਿਨਾਂ ਕਿਸਾਨ ਦੇ ਪਰਿਵਾਰ ਦੇ ਮੈਂਬਰਾਂ ਦੀ ਮਜ਼ਦੂਰੀ ਅਤੇ ਕਿਸਾਨਾਂ ਵੱਲੋਂ ਵਰਤੀ ਗਈ ਮਸ਼ੀਨਰੀ ਦੀ ਘਸਾਈ ਨੂੰ ਬਹੁਤ ਹੀ ਘਟਾ ਕੇ ਆਂਕਿਆ ਜਾਂਦਾ ਹੈ। ਇਸ ਗੱਲ ਦੀ ਪੁਸ਼ਟੀ ਅਗਸਤ 2010 ਵਿਚ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਦੇ ਉਸ ਸਮੇਂ ਦੇ ਚੇਅਰਮੈਨ ਪ੍ਰੋਫ਼ੈਸਰ ਮਾਹੇਂਦਰ ਦੇਵ ਵੱਲੋ ਇੰਦਰਾ ਗਾਂਧੀ ਇੰਸਟੀਚਿਊਟ ਆਫ਼ ਡਿਵੈਲਪਮੈਂਟ ਰਿਸਰਚ ਦੇ ਡਾਇਰੈਕਟਰ ਦਾ ਅਹੁਦਾ ਸਾਂਭਣ ਲਈ 'ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਮੌਕੇ ਦੇ ਬਿਆਨ ਕਿ ਉਨ੍ਹਾਂ ਦੇ ਚੇਅਰਮੈਨ ਹੁੰਦੇ ਹੋਏ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਵਿਚ ਕਾਫ਼ੀ ਵਾਧਾ ਤਾਂ ਜ਼ਰੂਰ ਹੋਇਆ, ਪਰ ਇਸ ਸਮੇਂ ਦੌਰਾਨ ਖੇਤੀਬਾੜੀ ਉਤਪਾਦਨ ਲਾਗਤਾਂ ਵਿਚ ਮੁਕਾਬਲਤਨ ਜ਼ਿਆਦਾ ਵਾਧਾ ਹੋਇਆ। ਇਸ ਤੋਂ ਇਲਾਵਾ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੁਆਰਾ ਸੰਨ 2010-11 ਲਈ ਕਣਕ ਦੀ ਉਤਪਾਦਨ ਲਾਗਤ 1,700 ਰੁਪਏ 35 ਪੈਸੇ ਪ੍ਰਤਿ ਕੁਇੰਟਲ ਆਂਕੀ ਗਈ ਅਤੇ ਸੰਨ 2013 ਦੌਰਾਨ ਆਰ.ਟੀ.ਆਈ. ਐਕਟ ਅਧੀਨ ਹਰਿਆਣਾ ਸਰਕਾਰ ਨੇ ਦੱਸਿਆ ਕਿ ਇਸ ਸਾਲ ਦੌਰਾਨ ਉਸ ਦੁਆਰਾ ਕਣਕ ਦੀ ਉਤਪਾਦਨ ਲਾਗਤ 1,613 ਰੁਪਏ

ਪ੍ਰਤਿ ਕੁਇੰਟਲ ਆਂਕੀ ਗਈ। ਕੇਂਦਰ ਸਰਕਾਰ ਵੱਲੋਂ ਸਾਲ 2014-15 ਲਈ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਸਿਰਫ਼ 1,400 ਰੁਪਏ ਪ੍ਰਤਿ ਕੁਇੰਟਲ ਤੈਅ ਕੀਤੀ ਗਈ ਹੈ।

ਕੇਂਦਰ ਸਰਕਾਰ ਦੁਆਰਾ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਗ਼ੈਰ-ਲਾਹੇਵੰਦ ਤੈਅ ਕਰਨ ਕਾਰਨ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਤੋਂ ਬਿਨਾਂ ਇਸ ਦੇ ਮਾਰੂ ਪ੍ਰਭਾਵ ਗ਼ੈਰ-ਢੁੱਕਵੇਂ ਫ਼ਸਲੀ-ਚੱਕਰ ਅਤੇ ਕਿਸਾਨਾਂ ਦੇ ਉਜਾੜੇ ਦੇ ਰੂਪ ਵਿਚ ਦੇਖੇ ਜਾ ਰਹੇ ਹਨ। ਕੇਂਦਰ ਸਰਕਾਰ ਨੇ ਆਪਣੇ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਉਣੀ ਦੀਆਂ ਜਿਣਸਾਂ ਵਿਚੋਂ ਧਾਨ ਦੀ ਮੁਕਾਬਲਤਨ ਜ਼ਿਆਦਾ ਘੱਟੋ-ਘੱਟ ਸਮਰਥਨ ਕੀਮਤ ਤੈਅ ਕਰਦੇ ਹੋਏ ਧਾਨ ਦੀ ਫ਼ਸਲ ਨੂੰ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹਿਆ ਹੈ ਜਿਸ ਦੇ ਨੁਕਸਾਨ ਵਜੋਂ ਪੰਜਾਬ ਵਿਚ ਜ਼ਮੀਨ ਹੇਠਲੇ ਪਾਣੀ ਦੇ ਲਗਾਤਾਰ ਡਿੱਗਦੇ ਪੱਧਰ ਅਤੇ ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਦੇ ਨਾਲ-ਨਾਲ ਪੰਜਾਬ ਵਿਚ ਟਿਊਬਵੈੱਲਾਂ ਦੀ ਗਿਣਤੀ ਜਿਹੜੀ ਸਾਲ 1970-71 ਵਿਚ 1,92,000 ਸੀ, ਸਾਲ 2011-12 ਦੌਰਾਨ ਵਧ ਕੇ 13,83,000 ਹੋ ਗਈ ਅਤੇ ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਦੇ ਨਤੀਜੇ ਵਜੋਂ, ਸਬਮਰਸੀਬਲ ਮੋਟਰਾਂ ਲਗਾਉਣਾ ਕਿਸਾਨਾਂ ਦੀ ਮਜਬੂਰੀ ਬਣ ਗਈ ਜਿਸ ਕਾਰਨ ਸੀਮਾਂਤਕ ਅਤੇ ਛੋਟੇ ਕਿਸਾਨਾਂ ਸਿਰ ਕਰਜ਼ੇ ਦਾ ਭਾਰ ਲਗਾਤਾਰ ਵਧ ਰਿਹਾ ਹੈ। ਇਨ੍ਹਾਂ ਵਿਚੋਂ ਕੁਝ ਕਿਸਾਨ ਆਪਣੀਆਂ ਜ਼ਮੀਨਾਂ ਵੀ ਵੇਚ ਰਹੇ ਹਨ।

2011 ਦੇ ਅੰਕੜੇ ਦੇਖਣੇ ਵੀ ਜ਼ਰੂਰੀ ਹਨ ਜਿਨ੍ਹਾਂ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ ਭਾਰਤ ਵਿਚ 90 ਲੱਖ ਕਿਸਾਨ ਖੇਤੀਬਾੜੀ ਖੇਤਰ ਤੋਂ ਬਾਹਰ ਹੋ ਗਏ ਹਨ। ਪੰਜਾਬ ਵਿਚ ਸੰਨ 2001 ਤੋਂ 2011 ਤਕ ਦੇ ਇਕ ਦਹਾਕੇ ਦੌਰਾਨ ਜਿੱਥੇ ਕਿਸਾਨਾਂ ਦੀ ਗਿਣਤੀ ਵਿਚ ਤਕਰੀਬਨ 12 ਪ੍ਰਤਿਸ਼ਤ ਦੀ ਕਮੀ ਆਈ ਹੈ, ਉਥੇ ਖੇਤੀ ਮਜ਼ਦੂਰਾਂ ਦੇ ਸੰਬੰਧ ਵਿਚ ਇਹ ਕਮੀ ਕਿਤੇ ਜ਼ਿਆਦਾ ਭਾਵ 21 ਪ੍ਰਤਿਸ਼ਤ ਬਣਦੀ ਹੈ। ਇਨ੍ਹਾਂ ਅੰਕੜਿਆਂ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਇਕ ਦਹਾਕੇ ਦੌਰਾਨ ਭਾਰਤ ਅਤੇ ਪੰਜਾਬ ਵਿਚ ਕਿਸਾਨਾਂ ਦੀ ਗਿਣਤੀ ਵਿਚ ਕਮੀ ਆਈ ਹੈ, ਪਰ ਜਿੱਥੇ ਪੂਰੇ ਭਾਰਤ ਵਿਚ ਖੇਤੀਬਾੜੀ ਮਜ਼ਦੂਰਾਂ ਦੀ ਗਿਣਤੀ ਵਧੀ ਹੈ ਉਥੇ ਪੰਜਾਬ ਵਿਚ ਇਸ ਗਿਣਤੀ ਵਿਚ ਕਮੀ ਕਿਸਾਨਾਂ ਦੀ ਗਿਣਤੀ ਵਿਚ ਕਮੀ ਨਾਲੋਂ ਕਿਤੇ ਜ਼ਿਆਦਾ ਬਣਦੀ ਹੈ। ਇਸ ਦੇ ਬਾਵਜੂਦ ਸਰਕਾਰੀ ਅੰਕੜਿਆਂ ਅਨੁਸਾਰ ਭਾਰਤ ਦੇ ਕੁੱਲ ਕਿਸਾਨ ਪਰਿਵਾਰਾਂ ਵਿਚੋਂ 83.3 ਪ੍ਰਤਿਸ਼ਤ ਨਿਮਨ ਕਿਸਾਨ ਪਰਿਵਾਰ ਹਨ ਜਿਹੜੇ 5 ਏਕੜ ਤਕ ਭੂਮੀ ਉੱਪਰ ਹੀ ਖੇਤੀਬਾੜੀ ਕਰਦੇ ਹਨ।

ਇਸ ਵਿਚ ਕੋਈ ਵੀ ਸ਼ੱਕ ਨਹੀਂ ਕਿ ਖੇਤੀਬਾੜੀ ਖੇਤਰ ਵਿਚ ਆਏ ਸੰਕਟ ਨੇ ਕਿਸਾਨਾਂ ਵਿਚੋਂ ਨਿਮਨ ਕਿਸਾਨਾਂ ਨੂੰ ਬੁਰੀ ਤਰ੍ਹਾਂ ਝੰਬਿਆ ਹੈ, ਪਰ ਇਸ ਦੀ ਸਭ ਤੋਂ ਵੱਧ ਮਾਰ ਤਾਂ ਖੇਤੀਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਉੱਪਰ ਪਈ ਹੈ। ਖੇਤੀਬਾੜੀ ਮਜ਼ਦੂਰਾਂ ਵਿਚ ਸਭ ਤੋਂ ਵੱਧ ਮਾੜੀ ਹਾਲਤ ਔਰਤਾਂ ਦੀ ਹੈ ਜੋ ਹਰ ਤਰ੍ਹਾਂ ਦੇ ਨਪੀੜਨ ਦਾ ਸ਼ਿਕਾਰ ਹੋਈਆਂ ਹਨ। ਇਸ ਤੋਂ ਬਿਨਾਂ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਵਿਚਕਾਰ ਸਦੀਆਂ ਪੁਰਾਣੇ ਨਿੱਘੇ ਸੱਭਿਆਚਾਰਕ ਸੰਬੰਧਾਂ ਨੂੰ ਹੋਇਆ ਹੈ। ਇਸ ਤਰ੍ਹਾਂ ਖੇਤੀਬਾੜੀ ਮਜ਼ਦੂਰਾਂ ਦੇ 'ਸਾਂਝੀ-ਸੀਰੀ' ਅਤੇ ਪੇਂਡੂ ਛੋਟੇ ਕਾਰੀਗਰਾਂ ਦੇ 'ਸੇਪੀ' ਵਗੈਰਾ ਦੇ ਨਿੱਘੇ ਰਿਸ਼ਤੇ ਵੀ ਮਾਲਕਾਂ ਅਤੇ ਮਜ਼ਦੂਰਾਂ ਵਾਲੇ ਰਿਸ਼ਤਿਆਂ ਵਿਚ ਬਦਲ ਗਏ ਹਨ। ਨਤੀਜੇ ਵਜੋਂ ਅਨੇਕ ਆਰਥਿਕ, ਸਮਾਜਿਕ ਅਤੇ ਹੋਰ ਵਿਗਾੜ ਪੈਦਾ ਹੋਏ ਹਨ।

1950-51 ਦੌਰਾਨ ਕੁੱਲ ਘਰੇਲੂ ਉਤਪਾਦ ਵਿਚ ਖੇਤੀਬਾੜੀ ਖੇਤਰ ਦਾ ਹਿੱਸਾ 56.5 ਪ੍ਰਤਿਸ਼ਤ ਸੀ ਜੋ ਸਮੇਂ ਦੇ ਬੀਤਣ ਨਾਲ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਦਾ ਵਿਕਾਸ ਹੋਣ ਦੇ ਨਤੀਜੇ ਵਜੋਂ 1970-71 ਦੌਰਾਨ ਘਟ ਕੇ 45.9 ਪ੍ਰਤਿਸ਼ਤ ਰਹਿ ਗਿਆ। 1970 ਤੋਂ ਖੇਤੀਬਾੜੀ ਨੀਤੀਆਂ ਕਾਰਨ ਖੇਤੀਬਾੜੀ ਵਿਚ ਕੰਮ ਕਰਨ ਵਾਲੇ ਲੋਕਾਂ ਦੇ ਕੁੱਲ ਘਰੇਲੂ ਉਤਪਾਦ ਵਿਚ ਹਿੱਸਾ ਘਟ ਗਿਆ ਜਿਹੜਾ 1990-91 ਦੌਰਾਨ 34 ਪ੍ਰਤਿਸ਼ਤ, 2000-01 ਦੌਰਾਨ 24.7 ਪ੍ਰਤਿਸ਼ਤ ਅਤੇ ਵਰਤਮਾਨ ਸਮੇਂ ਦੌਰਾਨ ਸਿਰਫ਼ 14 ਪ੍ਰਤਿਸ਼ਤ ਦੇ ਲਗਭਗ ਹੋ ਗਿਆ ਹੈ। ਸੰਨ 1950-51 ਦੌਰਾਨ ਦੇਸ਼ ਦੀ 69.5 ਪ੍ਰਤਿਸ਼ਤ ਆਬਾਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ ਸੀ ਜਿਸ ਦਾ ਕੁੱਲ ਘਰੇਲੂ ਉਤਪਾਦ ਵਿਚ 56.5 ਪ੍ਰਤਿਸ਼ਤ ਹਿੱਸਾ ਸੀ। ਵਰਤਮਾਨ ਸਮੇਂ ਦੌਰਾਨ ਦੇਸ਼ ਦੀ ਅੱਧੀ ਤੋਂ ਵੱਧ ਆਬਾਦੀ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ, ਪਰ ਉਸ ਦਾ ਕੁੱਲ ਘਰੇਲੂ ਉਤਪਾਦ ਵਿਚ ਹਿੱਸਾ 14 ਪ੍ਰਤਿਸ਼ਤ ਹੈ। ਇਥੇ ਇਹ ਦੱਸਣਾ ਬਣਦਾ ਹੈ ਕਿ ਸੇਵਾਵਾਂ ਅਤੇ ਉਦਯੋਗਿਕ ਖੇਤਰਾਂ, ਜਿਨ੍ਹਾਂ ਉਪਰ ਕਾਰਪੋਰੇਟ ਜਗਤ ਦਾ ਲਗਭਗ ਕਬਜ਼ਾ ਹੀ ਹੈ, ਦਾ ਕੁੱਲ ਘਰੇਲੂ ਉਤਪਾਦ ਵਿਚ ਹਿੱਸਾ ਕ੍ਰਮਵਾਰ 59 ਅਤੇ 27 ਪ੍ਰਤਿਸ਼ਤ ਹੈ।

1991 ਤੋਂ ਕਾਰਪੋਰੇਟ ਜਗਤ ਪੱਖੀ 'ਨਵੀਂ ਆਰਥਿਕ ਨੀਤੀ' ਪਿੱਛੇ ਖੇਤੀਬਾੜੀ ਖੇਤਰ ਵਿਚ ਕਾਰਪੋਰੇਟ ਜਗਤ ਨੂੰ ਕਾਬਜ਼ ਹੋਣ ਵਿਚ ਹਰ ਤਰ੍ਹਾਂ ਦੀ ਮਦਦ ਕੀਤੀ ਜਾਂਦੀ ਨਜ਼ਰ ਆ ਰਹੀ ਹੈ। ਮੰਡੀ ਨੂੰ ਲਗਾਤਾਰ ਬੇਲਗਾਮ ਕਰਨਾ, ਖੇਤੀਬਾੜੀ ਕੀਮਤ ਨੀਤੀ ਨੂੰ ਖੇਤੀਬਾੜੀ ਖੇਤਰ ਅਨੁਕੂਲ ਨਾ ਬਣਾਉਣਾ, ਭੂਮੀ ਸੁਧਾਰਾਂ ਵੱਲ ਪਿੱਠ ਕਰਨਾ ਸਗੋਂ ਉਨ੍ਹਾਂ ਨੂੰ ਪੁੱਠਾ ਗੇੜਾ ਵੀ ਦੇਣਾ, ਖੇਤੀਬਾੜੀ ਖੋਜ ਅਤੇ ਵਿਕਾਸ ਕਾਰਜਾਂ ਲਈ ਸਰਕਾਰੀ ਨਿਵੇਸ਼ ਨੂੰ ਲਗਾਤਾਰ ਘਟਾ ਕੇ ਇਨ੍ਹਾਂ ਕਾਰਜਾਂ ਨੂੰ ਕਾਰਪੋਰੇਟ ਜਗਤ ਹਵਾਲੇ ਕਰਨਾ, ਸੰਸਥਾਗਤ ਸਰੋਤਾਂ ਤੋਂ ਖੇਤੀਬਾੜੀ ਖੇਤਰ ਦੀਆਂ ਲੋੜਾਂ ਅਨੁਸਾਰ ਕਰਜ਼ਾ ਮੁਹੱਈਆ ਨਾ ਕਰਵਾਉਣਾ, ਸਰਕਾਰ ਵੱਲੋਂ ਖੇਤੀਬਾੜੀ ਜਿਣਸਾਂ ਦੇ ਮੰਡੀਕਰਨ ਵਿਚੋਂ ਲਗਾਤਾਰ ਪਿੱਛੇ ਹਟਣਾ, ਪੇਂਡੂ ਖੇਤਰਾਂ ਵਿਚ ਰੁਜ਼ਗਾਰ ਦੇ ਘੱਟ ਮੌਕੇ ਪੈਦਾ ਕਰਨਾ, ਖੇਤੀਬਾੜੀ ਸਬਸਿਡੀਆਂ ਨੂੰ ਲਗਾਤਾਰ ਖੋਰਾ ਲਾਉਣਾ, ਕੁਦਰਤੀ ਆਫ਼ਤਾਂ ਮੌਕੇ ਲੋੜੀਂਦੀ ਸਹਾਇਤਾ ਅਤੇ ਪਿੰਡਾਂ ਵਿਚ ਸਿੱਖਿਆ ਅਤੇ ਸਿਹਤ ਸੰਬੰਧੀ ਸਹੂਲਤਾਂ ਨੂੰ ਦੀ ਘਾਟ ਉਹ ਹਕੀਕਤਾਂ ਹਨ ਜੋ ਖੇਤੀਬਾੜੀ ਸੰਕਟ ਲਈ ਜ਼ਿੰਮੇਵਾਰ ਬਣਦੀਆਂ ਹਨ।

ਇਸ 'ਨਵੀਂ ਖੇਤੀਬਾੜੀ ਜੁਗਤ' ਲਈ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਬਹੁਤ ਜ਼ਿਆਦਾ ਕੀਤੀ ਗਈ। ਪੰਜਾਬ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਦੀ ਵਰਤੋਂ ਵਿਚ ਦੇਸ਼ ਵਿਚੋਂ ਮੋਹਰੀ ਹੈ। ਪੰਜਾਬ ਵਿਚ 192.5 ਕਿਲੋਗ੍ਰਾਮ ਖਾਦ ਪ੍ਰਤਿ ਹੈਕਟੇਅਰ ਵਰਤੀ ਜਾਂਦੀ ਹੈ ਅਤੇ ਭਾਰਤ ਦੀ ਔਸਤਨ ਵਰਤੋਂ 88 ਕਿਲੋਗ੍ਰਾਮ ਪ੍ਰਤਿ ਹੈਕਟੇਅਰ ਹੈ (ਭਾਰਤ ਸਰਕਾਰ, 2006)। ਪੰਜਾਬ ਵਿਚ ਸਾਲ 1970-71 ਵਿਚ ਸਿਰਫ਼ 213 ਹਜ਼ਾਰ ਮੀਟਰਿਕ ਟਨ ਰਸਾਇਣਕ ਖਾਦਾਂ ਦੀ ਵਰਤੋਂ ਹੋਈ ਸੀ ਜਿਹੜੀ ਹੁਣ ਵਧ ਕੇ 1918 ਹਜ਼ਾਰ ਮੀਟਰਿਕ ਟਨ ਹੋ ਗਈ ਹੈ (ਪੰਜਾਬ ਦਾ ਅੰਕੜਾ ਸਾਰ, 2011-2012)। ਇਹ ਵਾਧਾ 900 ਪ੍ਰਤਿਸ਼ਤ ਦੇ ਲਗਭਗ ਬਣਦਾ ਹੈ। ਰਸਾਇਣਕ ਖਾਦਾਂ ਦੇ ਸੰਬੰਧ ਵਿਚ ਭਾਰਤ

ਵਿਚ ਕੁੱਲ ਵਰਤੀਆਂ ਜਾਦੀਆਂ ਖਾਦਾਂ ਦਾ 10 ਪ੍ਰਤਿਸ਼ਤ ਹਿੱਸਾ ਪੰਜਾਬ ਵਿਚ ਵਰਤਿਆ ਜਾਂਦਾ ਹੈ। ਦੇਸ਼ ਵਿਚ ਵਰਤੇ ਜਾਂਦੇ ਕੀਟਨਾਸ਼ਕਾਂ ਦਾ 17 ਪ੍ਰਤਿਸ਼ਤ ਹਿੱਸਾ ਵੀ ਪੰਜਾਬ ਹੀ ਵਰਤਦਾ ਹੈ (ਸਿੰਘ, 2002)। ਪੰਜਾਬ ਵਿਚ 923 ਗਰਾਮ/ਹੈਕਟੇਅਰ ਕੀਟਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜਦੋਂ ਕਿ ਹਰਿਆਣਾ ਵਿਚ 843 ਗਰਾਮ/ਹੈਕਟੇਅਰ, ਆਂਧਰਾ ਪ੍ਰਦੇਸ਼ ਵਿਚ 548 ਗਰਾਮ/ਹੈਕਟੇਅਰ, ਤਮਿਲਨਾਡੂ ਵਿਚ 410 ਗਰਾਮ/ਹੈਕਟੇਅਰ, ਕਰਨਾਟਕ ਵਿਚ 216 ਗਰਾਮ/ਹੈਕਟੇਅਰ ਅਤੇ ਗੁਜਰਾਤ ਵਿਚ ਸਿਰਫ਼ 47 ਗਰਾਮ/ਹੈਕਟੇਅਰ ਕੀਟਨਾਸ਼ਕ ਵਰਤੇ ਜਾਂਦੇ ਹਨ (ਅਗਨੀਹੋਤਰੀ, 2000)। ਇਸ ਤਰ੍ਹਾਂ ਇਹ ਅੰਕੜੇ ਇਸ ਤੱਥ ਨੂੰ ਉਜਾਗਰ ਕਰਦੇ ਹਨ ਕਿ ਪੰਜਾਬ ਸਾਰੇ ਰਾਜਾਂ ਨਾਲੋਂ ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵੱਧ ਵਰਤੋਂ ਕਰਦਾ ਹੈ।

ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੁਝ ਸੰਸਥਾਵਾਂ ਅਤੇ ਅਰਥਵਿਗਿਆਨੀ ਅਜਿਹੇ ਸੁਝਾਅ ਦਿੰਦੇ ਹਨ ਜਿਹੜੇ ਅਸਲੀਅਤ ਵਿਚ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਦੀ ਬਜਾਇ ਹੋਰ ਉਲਝਾ ਦੇਣਗੇ। ਨੈਸ਼ਨਲ ਸੈਂਪਲ ਸਰਵੇ ਦੁਆਰਾ ਕਰਵਾਏ ਗਏ ਇਕ ਸਰਵੇਖਣ ਨੇ ਇਹ ਦਿਖਾਇਆ ਕਿ 40 ਪ੍ਰਤਿਸ਼ਤ ਕਿਸਾਨ ਖੇਤੀਬਾੜੀ ਛੱਡਣਾ ਚਾਹੁੰਦੇ ਹਨ। ਇਸ ਤੋਂ ਬਿਨਾਂ 'ਪੰਜਾਬ ਕਿਸਾਨ ਕਮਿਸ਼ਨ' ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਮਾਹਰਾਂ ਦੁਆਰਾ ਕੀਤੇ ਗਏ ਅਧਿਐਨ ਅਨੁਸਾਰ ਜਿਹੜੇ ਕਿਸਾਨਾਂ ਨੇ ਖੇਤੀਬਾੜੀ ਛੱਡੀ ਹੈ ਉਨ੍ਹਾਂ ਦੀ ਆਰਥਿਕ ਸਥਿਤੀ ਪਹਿਲਾਂ ਨਾਲੋਂ ਸੁਧਰੀ ਹੈ ਅਤੇ ਖੇਤੀਬਾੜੀ ਛੱਡਣ ਸੰਬੰਧੀ ਇਸ ਅਧਿਐਨ ਦੇ ਅੰਕੜੇ ਨੈਸ਼ਨਲ ਸੈਂਪਲ ਸਰਵੇ ਦੇ ਅੰਕੜਿਆਂ ਨਾਲ ਮੇਲ ਖਾਂਦੇ ਹਨ। ਡਾ. ਸੁੱਚਾ ਸਿੰਘ ਗਿੱਲ ਦੇ ਇਕ ਲੇਖ ਅਨੁਸਾਰ ਕੌਮੀ ਪੱਧਰ ਉੱਪਰ 40 ਪ੍ਰਤਿਸ਼ਤ ਅਤੇ ਪੰਜਾਬ ਵਿਚ 36.7 ਪ੍ਰਤਿਸ਼ਤ ਕਿਸਾਨਾਂ ਨੇ ਖੇਤੀਬਾੜੀ ਦੇ ਘੱਟ ਲਾਹੇਵੰਦ ਬਣ ਜਾਣ ਕਾਰਨ ਇਸ ਖੇਤਰ ਨੂੰ ਛੱਡਣ ਦੀ ਇੱਛਾ ਜ਼ਾਹਰ ਕੀਤੀ ਹੈ (ਦਿ ਟ੍ਰਿਬਿਊਨ, 13 ਜੂਨ, 2007)। ਤਿੰਨ ਸਾਲਾਂ ਤੋਂ ਥੋੜ੍ਹੇ ਜਿਹੜੇ ਵੱਧ ਵਕਫ਼ੇ ਬਾਅਦ ਡਾ. ਸੁੱਚਾ ਸਿੰਘ ਗਿੱਲ ਦੇ ਇਕ ਹੋਰ ਲੇਖ ਅਨੁਸਾਰ 41 ਪ੍ਰਤਿਸ਼ਤ ਕਿਸਾਨਾਂ ਵੱਲੋਂ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਰ ਕੀਤੀ ਗਈ ਹੈ ਅਤੇ ਭਾਰਤ ਵਿਚ ਲਾਹੇਵੰਦ ਖੇਤੀਬਾੜੀ ਵਾਸਤੇ ਕਾਸ਼ਤ ਅਧੀਨ 10 ਏਕੜ ਜ਼ਮੀਨ ਹੋਣੀ ਚਾਹੀਦੀ ਹੈ ਜੋ ਸਿਰਫ਼ 5.2 ਕਿਸਾਨਾਂ ਕੋਲ ਹੈ। ਇਹ ਅੰਕੜੇ ਅਸਲੀਅਤ ਦੇ ਉਲਟ ਹਨ ਕਿਉਂਕਿ ਖੇਤੀਬਾੜੀ ਦਾ ਲਾਹੇਵੰਦ ਜਾਂ ਗ਼ੈਰ-ਲਾਹੇਵੰਦ ਹੋਣਾ ਤਾਂ ਸਰਕਾਰੀ ਨੀਤੀਆਂ ਉੱਪਰ ਨਿਰਭਰ ਕਰਦਾ ਹੈ ਨਾ ਕਿ ਫਾਰਮ ਦੇ ਆਕਾਰ ਉੱਪਰ। ਕਿਸਾਨਾਂ ਵੱਲੋਂ ਖੇਤੀਬਾੜੀ ਛੱਡਣ ਬਾਰੇ ਨੈਸ਼ਨਲ ਸੈਂਪਲ ਸਰਵੇ ਦੁਆਰਾ ਪੁੱਛਿਆ ਗਿਆ ਪ੍ਰਸ਼ਨ ਬਿਲਕੁਲ ਗਲਤ ਸੀ ਕਿਉਂਕਿ ਉਸ ਵਿਚ ਪੁੱਛਿਆ ਗਿਆ ਸੀ ਕਿ ਜੇ ਕਿਸਾਨਾਂ ਨੂੰ ਖੇਤੀਬਾੜੀ ਖੇਤਰ ਨਾਲੋਂ ਅਰਥਵਿਵਸਥਾ ਦੇ ਦੂਜੇ ਖੇਤਰਾਂ ਵਿਚ ਆਮਦਨ ਦੇ ਵਧੀਆ ਮੌਕੇ ਮਿਲਣ ਤਾਂ ਕੀ ਉਹ ਖੇਤੀਬਾੜੀ ਛੱਡਣ ਲਈ ਤਿਆਰ ਹੋਣਗੇ। ਵਰਤਮਾਨ ਸਮੇਂ ਦੌਰਾਨ ਉਦਯੋਗਿਕ ਖੇਤਰ ਵਿਚ ਰੁਜ਼ਗਾਰ ਵਾਧਾ ਦਰ ਮਨਫ਼ੀ ਵਿਚ ਹੈ ਅਤੇ ਸੇਵਾਵਾਂ ਦੇ ਖੇਤਰ ਵਿਚ ਰੁਜ਼ਗਾਰ ਦੇ ਜਿਹੜੇ ਬਹੁਤ ਹੀ ਥੋੜ੍ਹੇ ਜਿਹੇ ਮੌਕੇ ਹਨ ਉਹ ਬਹੁਤ ਪੜ੍ਹੇ-ਲਿਖੇ, ਅੰਗਰੇਜ਼ੀ ਬੋਲਣ ਅਤੇ ਕੰਪਿਊਟਰ ਦੀ ਮੁਹਾਰਤ ਰੱਖਣ ਵਾਲਿਆਂ ਲਈ ਹਨ ਜਿਹੜੇ ਸੀਮਾਂਤਕ ਅਤੇ ਛੋਟੇ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਕੋਲ ਨਹੀਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਵਿਦਵਾਨਾਂ ਦੁਆਰਾ ਕੀਤੇ ਗਏ ਅਧਿਐਨ ਦੀ ਸਖ਼ਤ ਆਲੋਚਨਾ ਪਹਿਲਾਂ ਹੀ ਕਾਫ਼ੀ ਹੋ ਚੁੱਕੀ ਹੈ।

ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੇ ਹਾਮੀ ਅਰਥਵਿਗਿਆਨੀ ਸ਼ੁਲਜ ਅਨੁਸਾਰ ਵੀ ਘੱਟ ਵਿਕਸਤ ਦੇਸ਼ਾਂ ਵਿਚ ਕਿਸਾਨ ਇਸ ਲਈ ਘੱਟ ਕੰਮ ਨਹੀਂ ਕਰਦੇ ਕਿ ਉਹ ਨਿਕੰਮੇ ਹਨ, ਸਗੋਂ ਉਹ ਇਸ ਲਈ ਘੱਟ ਕੰਮ ਕਰਦੇ ਹਨ ਕਿ ਕੰਮ ਕਰਨ ਨਾਲ ਉਨ੍ਹਾਂ ਦੇ ਪੱਲੇ ਬਹੁਤ ਹੀ ਘੱਟ ਪੈਂਦਾ ਹੈ।

ਦੇਸ਼ ਵਿਚ ਅਨਾਜ ਸੁਰੱਖਿਆ ਨੂੰ ਲੰਬੇ ਸਮੇਂ ਲਈ ਉੱਚੇ ਮਿਆਰ ਦਾ ਬਣਾਈ ਰੱਖਣ ਅਤੇ ਦੇਸ਼ ਦੇ ਹੁਕਮਰਾਨਾਂ ਦੇ ਦੇਸ਼ ਦੇ ਕਲਿਆਣਕਾਰੀ ਰਾਜ ਹੋਣ ਦੇ ਦਾਅਵੇ ਨੂੰ ਧਿਆਨ ਵਿਚ ਰੱਖਦੇ ਹੋਏ ਦੇਸ਼ ਦੇ ਹੁਕਮਰਾਨਾਂ ਲਈ ਜ਼ਰੂਰੀ ਹੈ ਕਿ ਉਹ ਖੇਤੀਬਾੜੀ ਸੰਕਟ ਨੂੰ ਜਲਦੀ ਹੱਲ ਕਰਨਾ ਯਕੀਨੀ ਬਣਾਉਣ। ਖੇਤੀਬਾੜੀ ਦੀਆਂ ਲਗਭਗ ਸਾਰੀਆਂ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਤੈਅ ਕਰਨ ਮੌਕੇ ਖੇਤੀਬਾੜੀ ਲਾਗਤਾਂ ਅਤੇ ਖ਼ਪਤਕਾਰ ਸੂਚਕਾਂ ਨੂੰ ਇਸ ਤਰ੍ਹਾਂ ਇਨ੍ਹਾਂ ਦਾ ਆਧਾਰ ਬਣਾਇਆ ਜਾਵੇ ਤਾਂ ਕਿ ਕਿਸਾਨ ਆਪਣੀਆਂ ਮੁੱਢਲੀਆਂ ਲੋੜਾਂ ਨੂੰ ਸਤਿਕਾਰਯੋਗ ਢੰਗ ਨਾਲ ਪੂਰਾ ਕਰ ਸਕਣ। ਵਾਤਾਵਰਨ ਵਿਚ ਵਿਗਾੜਾਂ ਅਤੇ ਧਰਤੀ ਹੇਠਲੇ ਪਾਣੀ ਦੀ ਸਤਹਿ ਦੇ ਖ਼ਤਰਨਾਕ ਹੱਦ ਤਕ ਥੱਲੇ ਜਾਣ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਰਸਾਇਣਾਂ ਨੂੰ ਨਿਯੰਤਰਣ ਕਰਦੇ ਹੋਏ 'ਕੁਦਰਤੀ ਖੇਤੀਬਾੜੀ' ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੱਖ-ਵੱਖ ਖੇਤਰਾਂ/ਸੂਬਿਆਂ ਦੇ ਖੇਤੀਬਾੜੀ-ਜਲਵਾਯੂ ਹਾਲਾਤਾਂ ਅਨੁਸਾਰ ਢੁੱਕਵੀਆਂ ਫ਼ਸਲਾਂ ਨੂੰ ਹੀ ਬੀਜਿਆ/ਲਗਾਇਆ ਜਾਵੇ।

ਜੇਕਰ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਲਈ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਜਾਣ ਬੁੱਝ ਕੇ ਘੱਟ ਰੱਖਿਆ ਜਾਵੇ ਤਾਂ ਕਿਸਾਨਾਂ ਨੂੰ ਜਾਪਾਨ ਅਤੇ ਓ.ਈ.ਸੀ.ਡੀ. ਦੇਸ਼ਾਂ ਵਾਂਗ ਸਬਸਿਡੀਆਂ ਦਿਤੀਆਂ ਜਾਣ, ਪਰ ਇਥੇ ਇਹ ਯਕੀਨੀ ਬਣਾਇਆ ਜਾਵੇ ਕਿ ਇਹ ਸਬਸਿਡੀਆਂ ਨਿਮਨ ਕਿਸਾਨਾਂ ਲਈ ਤਰਜੀਹੀ ਹੋਣ। ਲੰਬੇ ਸਮੇਂ ਦੌਰਾਨ ਮਿੱਟੀ ਵਿਚ ਮਿੱਟੀ ਹੋ ਕੇ ਖੇਤੀਬਾੜੀ ਕਰਨ ਵਾਲੇ ਨਿਮਨ ਕਿਸਾਨਾਂ, ਖੇਤੀਬਾੜੀ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਹੱਕ ਭੂਮੀ ਸੁਧਾਰ ਕਰਨੇ ਸਰਕਾਰ ਯਕੀਨੀ ਬਣਾਏ। ਖੋਜ ਅਤੇ ਵਿਕਾਸ ਕਾਰਜਾਂ ਨੂੰ ਸਿਰਫ਼ ਜਨਤਕ ਖੇਤਰ ਦੀ ਮਲਕੀਅਤ ਵਾਲੇ ਅਦਾਰਿਆਂ ਤਕ ਹੀ ਸੀਮਤ ਕੀਤਾ ਜਾਵੇ। ਖੇਤੀਬਾੜੀ ਖੇਤਰ ਲਈ ਵਿੱਤ ਦਾ ਪ੍ਰਬੰਧ ਸੰਸਥਾਗਤ ਸਰੋਤਾਂ ਦੁਆਰਾ ਰਿਆਇਤੀ ਦਰਾਂ ਉੱਪਰ ਕੀਤਾ ਜਾਵੇ। ਖੇਤੀਬਾੜੀ ਮਸ਼ੀਨਰੀ ਲਈ ਸਹਿਕਾਰੀ ਅਦਾਰਿਆਂ ਦੀ ਮਦਦ ਕੀਤੀ ਜਾਵੇ। ਖੇਤੀਬਾੜੀ ਉੱਪਰ ਆਧਾਰਿਤ ਕਿਸਾਨਾਂ ਦੇ ਸਹਿਕਾਰੀ ਮਾਲਕੀ ਵਾਲੇ ਉਦਯੋਗਾਂ ਨੂੰ ਵਿਕਸਤ ਕਰਨ ਲਈ ਬਣਦੀ ਮਦਦ ਦੇਣੀ ਯਕੀਨੀ ਬਣਾਈ ਜਾਵੇ। ਪਿੰਡਾਂ ਵਿਚ ਰਹਿਣ ਵਾਲੇ ਸਾਰੇ ਵਰਗਾਂ ਦੇ ਲੋਕਾਂ ਨੂੰ ਮਿਆਰੀ ਸਿੱਖਿਆ ਅਤੇ ਸਿਹਤ-ਸੇਵਾਵਾਂ ਦਿੱਤੀਆਂ ਜਾਣ ਤਾਂ ਜੋ ਉਹ ਆਪਣੇ ਅਤੇ ਦੇਸ਼ ਦੇ ਭਲੇ ਲਈ ਸੋਚ ਅਤੇ ਸਾਰਥਿਕ ਉਪਰਾਲੇ ਕਰ ਸਕਣ।

*(ਲੇਖਕ ਸਾਬਕ ਪ੍ਰੋਫੈਸਰ, ਅਰਥ-ਵਿਗਿਆਨ ਵਿਭਾਗ ਪੰਜਾਬੀ ਯੂਨੀਵਰਸਿਟੀ, ਪਟਿਆਲਾ ਹੈ।)*

*e-mail :giansingh88@yahoo.com*

# ਭਾਰਤ ਦੀ ਖੇਤੀ ਵਿਚ ਪੰਜਾਬ ਦੀ ਮਹੱਤਤਾ

✍ ਸਰਬਜੀਤ ਸਿੰਘ ਛੀਨਾ

ਉਂਞ ਤਾਂ ਹਰ ਦੇਸ਼ ਵਿਚ ਖੇਤੀ ਦੀ ਖ਼ਾਸ ਮਹੱਤਤਾ ਹੈ ਪਰ ਭਾਰਤ ਲਈ ਖੇਤੀ ਦੀ ਮਹੱਤਤਾ ਹੋਰ ਵਧ ਜਾਂਦੀ ਹੈ ਕਿਉਂਕਿ ਅਜੇ ਵੀ ਦੇਸ਼ ਦੀ 65 ਪ੍ਰਤਿਸ਼ਤ ਆਬਾਦੀ ਖੇਤੀ 'ਤੇ ਨਿਰਭਰ ਕਰਦੀ ਹੈ। ਇਹ ਅਜੀਬ ਗੱਲ ਸੀ ਕਿ 1970 ਤੋਂ ਪਹਿਲਾਂ ਦੇਸ਼ ਦੀ 70 ਪ੍ਰਤਿਸ਼ਤ ਆਬਾਦੀ ਖੇਤੀ ਵਿਚ ਕੰਮ ਕਰਦੀ ਸੀ। ਫਿਰ ਵੀ ਭਾਰਤ ਅਨਾਜ ਵਿਚ ਸਵੈ-ਨਿਰਭਰ ਨਹੀਂ ਸੀ ਅਤੇ ਲੋੜਾਂ ਦੀ ਪੂਰਤੀ ਲਈ ਅਨਾਜ ਦੀ ਆਯਾਤ ਕੀਤੀ ਜਾਂਦੀ ਸੀ ਜਿਸ 'ਤੇ ਹਜ਼ਾਰਾਂ ਕਰੋੜ ਰੁਪਏ ਖਰਚ ਹੋ ਜਾਂਦੇ ਸਨ। ਹੋਰ ਕੰਮਾਂ ਦੀ ਬਜਾਇ ਅਨਾਜ ਦੀ ਆਯਾਤ ਨੂੰ ਤਰਜੀਹ ਦਿਤੀ ਜਾਂਦੀ ਸੀ ਜਿਸ ਨਾਲ ਵਿਕਾਸ 'ਤੇ ਬੁਰੇ ਪ੍ਰਭਾਵ ਪੈਂਦੇ ਸਨ। 1950 ਵਿਚ ਜਦੋਂ ਯੋਜਨਾਵਾਂ ਅਪਣਾਈਆਂ ਗਈਆਂ ਤਾਂ ਖੇਤੀ ਨੂੰ ਸਭ ਤੋਂ ਪਹਿਲੀ ਤਰਜੀਹ ਦਿਤੀ ਗਈ ਜਿਸ ਦੇ ਕੁਝ ਖ਼ਾਸ ਕਾਰਨ ਸਨ ਜਿਨ੍ਹਾਂ ਵਿਚ ਸਭ ਤੋਂ ਵੱਡਾ ਸੀ ਦੇਸ਼ ਨੂੰ ਖੁਰਾਕ ਵਿਚ ਸਵੈ-ਨਿਰਭਰ ਕਰਨਾ।

ਉਸ ਸਮੇਂ ਖੇਤੀ ਸਿਰਫ਼ ਰੁਜ਼ਗਾਰ ਦਾ ਹੀ ਸਭ ਤੋਂ ਵੱਡਾ ਸਾਧਨ ਸੀ ਤੇ ਵਿਦੇਸ਼ੀ ਮੁਦਰਾ ਦੀ ਜ਼ਿਆਦਾਤਰ ਕਮਾਈ ਖੇਤੀ 'ਤੇ ਨਿਰਭਰ ਕਰਦੀ ਸੀ ਕਿਉਂਕਿ ਨਿਰਯਾਤ ਹੋਣ ਵਾਲੀਆਂ ਵਸਤੂਆਂ ਵਿਚ ਜ਼ਿਆਦਾ ਮਾਤਰਾ ਖੇਤੀ ਦੀ ਸੀ। ਖੇਤੀ ਸਰਕਾਰ ਦੀ ਆਮਦਨ ਦਾ ਮੁੱਖ ਸਾਧਨ ਸੀ। ਖੇਤੀ ਵਿਚ ਜ਼ਿਆਦਾ ਵਸੋਂ ਹੋਣ ਕਰਕੇ ਉਹ ਪ੍ਰਤੱਖ ਅਤੇ ਅਪ੍ਰਤੱਖ ਕਰਾਂ ਦੀ ਸ਼ਕਲ ਵਿਚ ਵੱਡੀ ਮਾਤਰਾ ਵਿਚ ਕਰ ਅਦਾ ਕਰਦੇ ਸਨ। ਦੇਸ਼ ਦੇ ਅੰਦਰੂਨੀ ਵਪਾਰ ਵਿਚ ਵੀ ਖੇਤੀ ਹੀ ਮੁੱਖ ਵਸਤੂਆਂ ਸਨ ਜੋ ਇਕ ਸ਼ਹਿਰ ਤੋਂ ਦੂਸਰੇ ਸ਼ਹਿਰ ਜਾਂ ਇਕ ਰਾਜ ਤੋਂ ਦੂਜੇ ਰਾਜ ਵਿਚ ਵਪਾਰ ਦੇ ਮੰਤਵ ਨਾਲ ਭੇਜੀਆਂ ਜਾਂਦੀਆਂ ਸਨ। ਦੇਸ਼ ਵਿਚ ਬਹੁਤ ਵੱਡੀ ਮਾਤਰਾ ਵਿਚ ਪਸ਼ੂ ਧਨ ਹੈ ਅਤੇ ਦੁੱਧ-ਦਹੀਂ ਦੀ ਵੱਡੀ ਮਤਾਰਾ ਲਈ ਪਸ਼ੂਆਂ ਦਾ ਚਾਰਾ ਵੀ ਖੇਤੀ 'ਤੇ ਹੀ ਨਿਰਭਰ ਕਰਦਾ ਸੀ। ਇਸ ਲਈ ਖੇਤੀ ਨੂੰ ਵਿਕਸਤ ਕਰਨਾ ਬਹੁਤ ਜ਼ਰੂਰੀ ਸੀ। ਉਸ ਸਮੇਂ ਦੇਸ਼ ਉਦਯੋਗਾਂ ਵਿਚ ਬਹੁਤ ਪਛੜਿਆ ਹੋਇਆ ਸੀ। ਉਦਯੋਗਿਕ ਵਿਕਾਸ ਲਈ ਖੇਤੀ ਦੇ ਵਿਕਾਸ ਨੂੰ ਪਹਿਲਾਂ ਕਰਨਾ ਬਹੁਤ ਜ਼ਰੂਰੀ ਸੀ ਕਿਉਂਕਿ ਉਦਯੋਗਾਂ ਨੂੰ ਕੱਚਾ ਮਾਲ ਖੇਤੀ ਤੋਂ ਮਿਲਣਾ ਸੀ। ਫਿਰ ਖੇਤੀ ਵਸਤੂਆਂ ਦੀ ਮੰਗ ਕਰਨ ਲਈ ਖੇਤੀ ਖੇਤਰ ਵਿਚ ਲੱਗੀ ਹੋਈ ਵਸੋਂ ਦੀ ਖਰੀਦ ਸ਼ਕਤੀ ਨੂੰ ਵਧਾਉਣ ਦੀ ਜ਼ਰੂਰਤ ਸੀ ਤਾਂ ਕਿ ਉਦਯੋਗਾਂ ਦੀਆਂ ਬਣੀਆਂ ਵਸਤੂਆਂ ਖਰੀਦ ਸਕਣ। ਇਸ ਲਈ ਇਨ੍ਹਾਂ ਮੰਤਵਾਂ ਨੂੰ ਮੁੱਖ ਰੱਖ ਕੇ ਖੇਤੀ ਦੇ ਵਿਕਾਸ ਲਈ ਯੋਜਨਾਵਾਂ ਵਿਚ ਪਹਿਲੀ ਤਰਜੀਹ ਦਿਤੀ ਗਈ ਅਤੇ ਵੱਡੀ ਮਾਤਰਾ ਵਿਚ ਖੇਤੀ ਯੋਜਨਾਵਾਂ 'ਤੇ ਖਰਚ ਕੀਤਾ ਗਿਆ।

1970 ਤੋਂ ਪਹਿਲਾਂ ਖੇਤੀ ਨੂੰ ਇਕ ਵਪਾਰਕ ਪੇਸ਼ੇ ਦੇ ਤੌਰ ਤੇ ਨਹੀਂ ਸੀ ਲਿਆ ਜਾਂਦਾ ਸਗੋਂ ਜੀਵਨ ਦਾ ਇਕ ਢੰਗ ਸਮਝਿਆ ਜਾਂਦਾ ਸੀ। ਫ਼ਸਲ ਚੱਕਰ ਵਿਚ ਬਹੁਤ ਸਾਰੀਆਂ ਵਸਤੂਆਂ ਬੀਜੀਆਂ ਜਾਂਦੀਆਂ ਸਨ ਜਿਨ੍ਹਾਂ ਵਿਚ ਕਣਕ, ਝੋਨਾ, ਕਪਾਹ ਸਮੇਤ ਸਬਜ਼ੀਆਂ, ਫਲ, ਦਾਲਾਂ ਅਤੇ ਤੇਲਾਂ ਦੇ ਬੀਜ ਸਨ। ਕਈ ਥਾਵਾਂ 'ਤੇ ਕੁਝ ਉਹ ਫ਼ਸਲਾਂ ਵੀ ਬੀਜੀਆਂ ਜਾਂਦੀਆਂ ਸਨ ਜੋ ਉਸ ਭੂਮੀ ਅਤੇ ਜਲਵਾਯੂ ਦੇ ਅਨੁਕੂਲ ਨਾ ਹੋਣ ਕਰਕੇ ਘੱਟ ਉਤਪਾਦਨ ਦਿੰਦੀਆਂ ਸਨ। ਫਿਰ ਵੀ ਕਿਸਾਨ ਬੀਜਦਾ ਸੀ ਕਿਉਂਕਿ ਉਹ ਮਹਿਸੂਸ ਕਰਦਾ ਸੀ ਕਿ ਉਸ ਨੂੰ ਖੇਤੀ ਵਿਚ ਸਵੈ-ਨਿਰਭਰ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਵਸਤੂਆਂ ਦੀ ਪੂਰਤੀ ਕਰਨ ਲਈ ਬਾਜ਼ਾਰ 'ਤੇ ਨਿਰਭਰ ਨਹੀਂ ਹੋਣਾ ਚਾਹੀਦਾ। ਖੇਤੀ ਵਿਚ ਉਤਪਾਦਨ ਦੇ ਪੁਰਾਣੇ ਢੰਗ ਅਪਣਾਏ ਜਾਂਦੇ ਸਨ, ਖੇਤੀ ਜ਼ਿਆਦਾਤਰ ਬਾਰਸ਼ 'ਤੇ ਨਿਰਭਰ ਕਰਦੀ ਸੀ, ਮਸ਼ੀਨਾਂ ਦੀ ਘਾਟ ਸੀ ਅਤੇ ਰਸਾਇਣਕ ਖਾਦਾਂ ਨੂੰ ਨਹੀਂ ਸੀ ਵਰਤਿਆ ਜਾਂਦਾ। ਜਿਹੜੀ ਖੋਜ, ਲੈਬਾਰਟਰੀਆਂ ਅਤੇ ਯੂਨੀਵਰਸਿਟੀਆਂ ਵਿਚ ਕੀਤੀ ਜਾਂਦੀ ਸੀ ਉਹ ਕਿਸਾਨਾਂ ਤਕ ਨਹੀਂ ਸੀ ਪਹੁੰਚਦੀ, ਇਸ ਕਰਕੇ ਪ੍ਰਤਿ ਏਕੜ ਉਪਜ ਘੱਟ ਸੀ।

ਖੇਤੀ ਸੰਬੰਧੀ ਯੋਜਨਾਵਾਂ ਵਿਚ ਕੁਝ ਮੰਤਵ ਸਾਹਮਣੇ ਰਖੇ ਗਏ ਜਿਨ੍ਹਾਂ ਵਿਚ ਮੁੱਖ ਸੀ ਕਿ ਘਣੀ ਖੇਤੀ ਕੀਤੀ ਜਾਵੇ ਅਤੇ ਖੇਤੀ ਅਧੀਨ ਖੇਤਰ ਵਧਾਉਣ ਲਈ ਵਿਸ਼ਾਲ ਖੇਤੀ 'ਤੇ ਨਿਰਭਰ ਕੀਤਾ ਜਾਵੇ। ਭਾਰਤ ਵਿਚ ਵਿਸ਼ਾਲ ਖੇਤੀ ਦੇ ਮੌਕੇ ਬਹੁਤ ਘੱਟ ਸਨ ਕਿਉਂਕਿ ਪਹਿਲਾਂ ਹੀ ਖੇਤੀ ਯੋਗ ਭੂਮੀ ਨੂੰ ਕਾਸ਼ਤ ਅਧੀਨ ਲਿਆਂਦਾ ਗਿਆ ਸੀ। ਪਰ ਘਣੀ ਖੇਤੀ ਦੇ ਬਹੁਤ ਜ਼ਿਆਦਾ ਮੌਕੇ ਸਨ ਕਿਉਂਕਿ ਭਾਰਤ ਵਿਚ ਹਰ ਫ਼ਸਲ ਦੀ ਪ੍ਰਤਿ ਏਕੜ ਉਪਜ ਬਹੁਤ ਘੱਟ ਸੀ। ਇਸ ਲਈ, ਘਣੀ ਖੇਤੀ ਨਾਲ ਉਪਜ ਵਿਚ ਵੱਡਾ ਵਾਧਾ ਕੀਤਾ ਜਾ ਸਕਦਾ ਸੀ। ਪਰ ਰਸਾਇਣਕ ਖਾਦਾਂ, ਨਦੀਨ ਨਾਸ਼ਕ ਅਤੇ ਕੀੜੇਮਾਰ ਦਵਾਈਆਂ ਲਈ ਜਾਂ ਘਣੀ ਖੇਤੀ ਲਈ ਪਹਿਲੀ ਸ਼ਰਤ ਇਹ ਸੀ ਕਿ ਸਿੰਜਾਈ ਸਹੂਲਤਾਂ ਵਧਾਈਆਂ ਜਾਂਦੀਆਂ।

ਭਾਰਤ ਵਿਚ ਭਾਵੇਂ ਕਿ ਪਾਣੀ ਦੇ ਬਹੁਤ ਵੱਡੀ ਮਾਤਰਾ ਵਿਚ ਸਾਧਨ ਤਾਂ ਉਪਲਬਧ ਸਨ ਪਰ ਉਨ੍ਹਾਂ ਦੀ ਖੇਤੀ ਵਿਕਾਸ ਲਈ ਵਰਤੋਂ ਨਹੀਂ ਸੀ ਹੋ ਰਹੀ। ਕਈ ਵਾਰ ਬਹੁਤ ਗੰਭੀਰ ਸੋਕਾ ਅਤੇ ਕਈ ਵਾਰ ਦਰਿਆਵਾਂ ਵਿਚ ਹੜ੍ਹ ਆਉਣ ਕਰਕੇ ਫ਼ਸਲਾਂ ਤਬਾਹ ਹੋ ਜਾਂਦੀਆਂ ਸਨ। ਪੰਜ ਸਾਲਾ ਯੋਜਨਾਵਾਂ ਵਿਚ ਲਗਾਤਾਰ ਇਹ ਯਤਨ ਕੀਤੇ ਗਏ ਕਿ ਦਰਿਆਵਾਂ ਦੇ ਪਾਣੀ ਨੂੰ ਕਾਬੂ ਵਿਚ ਕਰਕੇ ਦਰਿਆਵਾਂ ਦੇ ਬੰਨ੍ਹ ਉਸਾਰੇ ਜਾਣ ਜਿਨ੍ਹਾਂ ਨਾਲ ਇਕ ਤਾਂ ਬਿਜਲੀ ਪੈਦਾ ਕੀਤੀ ਜਾਵੇ ਅਤੇ ਦੂਸਰਾ ਉਸ ਪਾਣੀ ਨੂੰ ਨਹਿਰਾਂ ਰਾਹੀਂ ਸਿੰਜਾਈ ਲਈ ਦਿਤਾ ਜਾਵੇ। ਪਹਿਲੀ ਯੋਜਨਾ ਜਿਹੜੀ 1950 ਤੋਂ 1955 ਤਕ ਅਪਣਾਈ ਗਈ

ਉਸ ਵਿਚ ਭਾਰਤ ਦੇ ਹਰ ਰਾਜ ਵਿਚ ਦਰਿਆਵਾਂ 'ਤੇ ਕਈ ਬੰਨ੍ਹ ਬਣਾ ਕੇ ਸਿੰਜਾਈ ਅਧੀਨ ਬਹੁਤ ਵੱਡਾ ਖੇਤਰ ਵਧਾ ਲਿਆ ਗਿਆ ਜਿਸ ਨਾਲ ਰਸਾਇਣਕ ਪਦਾਰਥਾਂ ਦੀ ਵਰਤੋਂ ਕਰਨੀ ਅਸਾਨ ਹੋ ਗਈ। ਨਵੀਂ ਪੈਦਾ ਹੋਈ ਬਿਜਲੀ ਕਰਕੇ, ਟਿਊਬਵੈੱਲ ਲਾਉਣੇ ਅਸਾਨ ਹੋ ਗਏ ਅਤੇ ਹੌਲੀ-ਹੌਲੀ ਖੂਹਾਂ ਨਾਲ ਸਿੰਜਾਈ ਦੀ ਜਗਹ 'ਤੇ ਟਿਊਬਵੈੱਲ ਲੱਗਣ ਕਰਕੇ ਲਗਾਤਾਰ ਸਿੰਜਾਈ ਸ਼ੁਰੂ ਹੋ ਗਈ ਜਿਸ ਨਾਲ ਸਾਲ ਵਿਚ ਇਕ ਹੀ ਖੇਤਰ ਤੋਂ ਇਕ ਤੋਂ ਵੱਧ ਫ਼ਸਲਾਂ ਲੈਣਾ ਸੰਭਵ ਹੋ ਗਿਆ ਅਤੇ ਉਪਜ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ। ਫਿਰ ਵੀ 1965 ਤਕ ਭਾਰਤ ਖੁਰਾਕ ਦੇ ਗੰਭੀਰ ਸੰਕਟ ਵਿਚ ਫਸਿਆ ਰਿਹਾ ਅਤੇ ਖੁਰਾਕ ਨੂੰ ਵੱਖ-ਵੱਖ ਦੇਸ਼ਾਂ ਤੋਂ ਆਯਾਤ ਕੀਤਾ ਜਾਂਦਾ ਸੀ ਜਿਸ ਨਾਲ ਉਨ੍ਹਾਂ ਦੇਸ਼ਾਂ ਵਲੋਂ ਕਈ ਸ਼ਰਤਾਂ ਲਾਈਆਂ ਜਾਂਦੀਆਂ ਸਨ।

1966 ਤੋਂ ਬਾਅਦ ਭਾਰਤ ਵਿਚ 'ਹਰੇ ਇਨਕਲਾਬ' ਦਾ ਯੁਗ ਸ਼ੁਰੂ ਹੋਇਆ ਅਤੇ ਇਸ ਉੱਨਤੀ ਨਾਲ ਸਿਰਫ਼ ਤਿੰਨ ਸਾਲਾਂ ਦੇ ਸਮੇਂ ਵਿਚ ਹੀ ਭਾਰਤ ਅਨਾਜ ਆਯਾਤ ਕਰਨ ਵਾਲੇ ਦੇਸ਼ਾਂ ਤੋਂ ਬਦਲ ਕੇ ਅਨਾਜ ਨਿਰਯਾਤ ਕਰਨ ਵਾਲਾ ਦੇਸ਼ ਬਣ ਗਿਆ। ਇਸ 'ਹਰੇ ਇਨਕਲਾਬ' ਦੇ ਤਹਿਤ ਨਵੇਂ ਬੀਜਾਂ ਨੂੰ ਵੱਖ-ਵੱਖ ਖੇਤਰਾਂ ਲਈ ਵਿਕਸਤ ਕੀਤਾ ਗਿਆ। ਇਨ੍ਹਾਂ ਬੀਜਾਂ ਵਿਚ ਮੁੱਖ ਸਨ ਕਣਕ ਅਤੇ ਝੋਨੇ ਦੇ ਬੀਜ ਜਿਨ੍ਹਾਂ ਨੂੰ ਵੱਖ-ਵੱਖ ਖੇਤਰਾਂ ਦੀ ਭੂਗੋਲਿਕ ਸਥਿਤੀ ਅਨੁਸਾਰ ਵਿਕਸਤ ਕੀਤਾ ਗਿਆ ਅਤੇ ਇਨ੍ਹਾਂ ਨਾਲ ਪ੍ਰਤਿ ਏਕੜ ਉਪਜ ਵਿਚ ਬਹੁਤ ਵੱਡਾ ਵਾਧਾ ਹੋਇਆ।

1966 ਤੋਂ ਬਾਅਦ ਬਿਜਲੀ ਪੂਰਤੀ ਵਧਣ ਕਰਕੇ, ਸਿੰਜਾਈ ਸਹੂਲਤਾਂ ਲਈ ਟਿਊਬਵੈੱਲਾਂ ਦੀ ਵਰਤੋਂ ਸ਼ੁਰੂ ਹੋ ਗਈ। ਨਵੀਆਂ ਆਗਤਾਂ ਵਿਚ ਮੁੱਖ ਸਨ ਰਸਾਇਣਕ ਖਾਦਾਂ, ਕੀੜੇਮਾਰ ਅਤੇ ਨਦੀਨ ਨਾਸ਼ਕ ਜਿਨ੍ਹਾਂ ਦੀ ਵਰਤੋਂ, ਸਿੰਜਾਈ ਕਰਕੇ ਅਸਾਨ ਹੋ ਗਈ ਅਤੇ 1965 ਵਿਚ ਸਰਕਾਰ ਵਲੋਂ ਘੱਟੋ-ਘੱਟ ਸਮਰਥਨ ਮੁੱਲ ਦੀ ਨੀਤੀ ਅਪਨਾਈ ਗਈ। ਇਸ ਦੇ ਤਹਿਤ ਸਰਕਾਰ ਵਲੋਂ ਕਣਕ ਅਤੇ ਝੋਨੇ ਦੀ ਬਿਜਾਈ ਤੋਂ ਪਹਿਲਾਂ, ਉਨ੍ਹਾਂ ਫ਼ਸਲਾਂ ਦਾ ਮੁੱਲ ਐਲਾਨ ਕਰ ਦਿਤਾ ਜਾਂਦਾ ਸੀ ਤਾਂ ਕਿ ਕਿਸਾਨ ਆਪਣੇ ਫ਼ਸਲ ਚੱਕਰ ਨੂੰ ਉਨ੍ਹਾਂ ਕੀਮਤਾਂ ਅਨੁਸਾਰ ਬਣਾ ਸਕਣ। ਭਾਵੇਂ ਕਿ ਹੋਰ ਫ਼ਸਲਾਂ ਦੀਆਂ ਕੀਮਤਾਂ ਵੀ ਐਲਾਨ ਕੀਤੀਆਂ ਸਨ ਪਰ ਅਨਾਜ ਕੀਮਤਾਂ ਦਾ ਐਲਾਨ ਅਤੇ ਫਿਰ ਭਾਰਤੀ ਖੁਰਾਕ ਨਿਗਮ ਦੀ ਸਥਾਪਨਾ ਕਰਕੇ ਖੁਰਾਕ ਦੇ ਭੰਡਾਰ ਜਮ੍ਹਾਂ ਕਰਨ ਦੀ ਵਿਵਸਥਾ ਕਰ ਦਿਤੀ ਗਈ। ਸਮਰਥਨ ਕੀਮਤ ਐਲਾਨ ਕਰਨ ਤੋਂ ਬਾਅਦ ਉਨ੍ਹਾਂ ਕੀਮਤਾਂ 'ਤੇ ਸਰਕਾਰ ਵਲੋਂ ਉਹ ਫ਼ਸਲਾਂ ਮੰਡੀਆਂ ਵਿਚੋਂ ਆਪ ਖਰੀਦ ਲਈਆਂ ਜਾਂਦੀਆਂ ਸਨ। ਇਸ ਕਰਕੇ 1970 ਤਕ ਭਾਰਤ ਆਪਣੀਆਂ ਖੁਰਾਕ ਲੋੜਾਂ ਵਿਚ ਸਵੈ-ਨਿਰਭਰ ਹੋ ਗਿਆ।

ਖੇਤੀ ਉਤਪਾਦਨ ਵਧਾਉਣ ਅਤੇ ਖੇਤੀ ਦੇ ਵਿਕਾਸ ਵਿਚ ਇਕ ਹੋਰ ਮਹੱਤਵਪੂਰਨ ਕੰਮ ਸੀ ਬੈਂਕਾਂ ਵਲੋਂ ਖੇਤੀ ਕਰਜ਼ੇ ਦੇਣ ਦੀ ਵਿਵਸਥਾ ਕਰਨੀ। 1969 ਵਿਚ ਇਹ ਮਹਿਸੂਸ ਕੀਤਾ ਗਿਆ ਕਿ ਖੇਤੀ ਖੇਤਰ ਨੂੰ ਬੈਂਕਾਂ ਵਲੋਂ ਬਹੁਤ ਹੀ ਥੋੜ੍ਹਾ ਕਰਜ਼ਾ ਦਿਤਾ ਜਾਂਦਾ ਹੈ ਜਿਸ ਕਰਕੇ ਖੇਤੀ ਵਿਚ ਨਿਵੇਸ਼ ਨਹੀਂ ਹੋ ਰਿਹਾ ਜੋ ਖੇਤੀ ਦੇ ਵਿਕਾਸ ਅਤੇ ਉਤਪਾਦਨ ਵਧਾਉਣ ਵਿਚ ਬਹੁਤ ਵੱਡੀ ਮੁਸ਼ਕਿਲ ਹੈ। ਇਸ ਲਈ ਭਾਰਤ ਸਰਕਾਰ ਵਲੋਂ 1969 ਵਿਚ ਦੇਸ਼ ਦੇ 14 ਵੱਡੇ ਵਪਾਰਕ ਬੈਂਕਾਂ ਦਾ ਰਾਸ਼ਟਰੀਕਰਨ ਕਰ ਦਿਤਾ ਗਿਆ ਅਤੇ ਇਨ੍ਹਾਂ ਬੈਂਕਾਂ ਨੂੰ ਖ਼ਾਸ ਹਦਾਇਤਾਂ ਦਿਤੀਆਂ ਗਈਆਂ ਕਿ ਉਹ ਖੇਤੀ ਨੂੰ ਅਤੇ ਖ਼ਾਸ ਕਰਕੇ ਛੋਟੀਆਂ ਅਤੇ ਸੀਮਾਂਤ ਜੋਤਾਂ ਨੂੰ ਕਰਜ਼ਾ ਦੇਣਾ ਅਸਾਨ ਬਣਾਉਣ ਅਤੇ ਸਸਤੀਆਂ ਦਰਾਂ 'ਤੇ ਦੇਣ। ਇਸ ਦੇ ਨਾਲ ਹੀ ਕਈ ਰਾਜਾਂ ਦੀਆਂ ਸਰਕਾਰਾਂ ਵਲੋਂ ਖੇਤੀ ਕਰਜ਼ੇ ਦੇ ਵਿਚ ਸਬਸਿਡੀਆਂ ਦਿਤੀਆਂ ਗਈਆਂ ਜਿਨ੍ਹਾਂ ਦੇ ਮੁੱਖ ਉਦੇਸ਼ ਖੇਤੀ ਵਿਚ ਨਿਵੇਸ਼ ਨੂੰ ਵਧਾਉਣਾ ਸੀ ਤਾਂ ਕਿ ਖੇਤੀ ਤੋਂ ਉਤਪਾਦਨ, ਆਮਦਨ ਅਤੇ ਰੁਜ਼ਗਾਰ ਵਧ ਸਕੇ। ਹਰੇ ਇਨਕਲਾਬ ਦੀ ਕਾਮਯਾਬੀ ਵਿਚ ਕਰਜ਼ੇ ਦੀ ਵੱਡੀ ਭੂਮਿਕਾ ਰਹੀ।

1974 ਤਕ ਖੇਤੀ ਵਿਚ ਬਹੁਤ ਵੱਡਾ ਵਿਕਾਸ ਪ੍ਰਾਪਤ ਕੀਤਾ ਜਾ ਚੁੱਕਾ ਸੀ। ਉਸ ਸਾਲ ਭਾਰਤ ਵਿਚ 13.2 ਕਰੋੜ ਟਨ ਅਨਾਜ ਦਾ ਉਤਪਾਦਨ ਹੋਇਆ ਜਦਕਿ ਗੰਨੇ ਦਾ ਉਤਪਾਦਨ 16.5 ਕਰੋੜ ਟਨ, ਕਪਾਹ 80 ਲੱਖ ਗੰਢਾਂ ਅਤੇ ਪਟਸਨ 1.32 ਕਰੋੜ ਗੰਢਾਂ ਤਕ ਪਹੁੰਚ ਗਿਆ। ਸਾਰੇ ਹੀ ਰਾਜਾਂ ਵਿਚ ਕਿਸਾਨਾਂ ਨੂੰ ਨਿਯਮਤ ਮੰਡੀਆਂ ਨਾਲ ਜੋੜਿਆ ਗਿਆ। ਫ਼ਸਲਾਂ ਨੂੰ ਮੰਡੀਆਂ ਤਕ ਪਹੁੰਚਾਉਣ ਲਈ ਸੰਪਰਕ ਸੜਕਾਂ ਦੀ ਉਸਾਰੀ ਨੂੰ ਤਰਜੀਹ ਦੇ ਤੌਰ ਤੇ ਯੋਜਨਾਵਾਂ ਤਹਿਤ ਵਧਾਇਆ ਗਿਆ। ਉਸ ਸਮੇਂ 325.07 ਕਰੋੜ ਏਕੜ ਹੋਰ ਭੂਮੀ ਨੂੰ ਲਗਾਤਾਰ ਸਿੰਜਾਈ ਸਹੂਲਤਾਂ ਦਿਤੀਆਂ ਗਈਆਂ। ਅਨਾਜ ਦੇ ਉਤਪਾਦਨ ਵਿਚ ਵਾਧਾ ਹੋਰ ਫ਼ਸਲਾਂ ਦੇ ਮੁਕਾਬਲੇ 'ਤੇ ਜ਼ਿਆਦਾ ਹੋਇਆ ਜਿਸ ਦੀ ਵਜਹ ਇਹ ਵੀ ਸੀ ਕਿ ਜੋ ਸਮਰਥਨ ਮੁੱਲ ਐਲਾਨ ਕੀਤਾ ਜਾਂਦਾ ਸੀ ਉਸ ਮੁੱਲ 'ਤੇ ਸਰਕਾਰ ਆਪ ਹੀ ਅਨਾਜ ਦੀ ਖਰੀਦ ਕਰਦੀ ਸੀ। ਇਉਂ ਮੰਡੀਕਰਨ ਨੂੰ ਯਕੀਨੀ ਬਣਾ ਦਿਤਾ ਅਤੇ ਕੀਮਤਾਂ ਵਿਚ ਸਥਿਰਤਾ ਆ ਗਈ ਜਿਸ ਨੇ ਕਿਸਾਨਾਂ ਨੂੰ ਇਸ ਗੱਲ ਲਈ ਪ੍ਰੇਰਿਤ ਕੀਤਾ ਕਿ ਉਹ ਇਨ੍ਹਾਂ ਫ਼ਸਲਾਂ ਜਿਵੇਂ ਕਣਕ ਅਤੇ ਝੋਨੇ ਨੂੰ ਜ਼ਿਆਦਾ ਪੈਦਾ ਕਰਨ। ਇਹੋ ਵਜਹ ਸੀ ਕਿ 1990 ਤਕ ਅਨਾਜ ਦੀ ਉਪਜ 1950 ਵਿਚ 5 ਕਰੋੜ ਟਨ ਤੋਂ ਵਧ ਕੇ 17.5 ਕਰੋੜ ਟਨ ਹੋ ਗਈ। ਤੇਲ ਬੀਜ ਵੀ ਵਧ ਕੇ 1.69 ਕਰੋੜ ਟਨ ਅਤੇ ਗੰਨਾ 2.26 ਕਰੋੜ ਟਨ, ਕਪਾਹ ਵਿਚ 1.14 ਕਰੋੜ ਗੰਢਾਂ ਦਾ ਵਾਧਾ ਹੋਇਆ। ਉਸ ਸਮੇਂ 7.14 ਕਰੋੜ ਹੈਕਟਰ ਭੂਮੀ ਨੂੰ ਲਗਾਤਾਰ ਸਿੰਜਾਈ ਸਹੂਲਤ ਦਿਤੀ ਗਈ ਜਦ ਕਿ ਖੇਤੀ ਲਈ 12329 ਕਰੋੜ ਰੁਪਏ ਦਾ ਕਰਜ਼ਾ ਦਿਤਾ ਗਿਆ। ਅਨਾਜ ਨੂੰ ਸੰਭਾਲਣ ਲਈ ਮਾਤਰਾ ਵਿਚ ਗੁਦਾਮ ਬਣਾਏ ਗਏ ਜਿਨ੍ਹਾਂ ਵਿਚ 1.26 ਕਰੋੜ ਟਨ ਅਨਾਜ ਸੰਭਾਲਣ ਦੀ ਸਮਰਥਾ ਸੀ।

1991 ਵਿਚ ਆਰਥਿਕ ਸੁਧਾਰਾਂ ਦਾ ਯੁਗ ਸ਼ੁਰੂ ਹੋਇਆ। ਦੇਸ਼ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਨੂੰ ਉਤਸ਼ਾਹਿਤ ਕੀਤਾ ਗਿਆ। ਵਿਸ਼ਵ ਵਪਾਰ ਸੰਸਥਾ ਸਥਾਪਨਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿਸ ਦੇ ਤਹਿਤ ਵਪਾਰਕ ਖੁੱਲ੍ਹਾਂ ਦੀ ਵਿਵਸਥਾ ਕੀਤੀ ਗਈ ਸੀ ਜਿਸ ਦਾ ਅਰਥ ਸੀ ਕਿ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਵਪਾਰ ਲਈ ਵਸਤੂਆਂ 'ਤੇ ਰੋਕਾਂ ਨਾ ਲਾਈਆਂ ਜਾਣ। ਇਹ ਰੋਕਾਂ ਸਿਰਫ਼ ਕਰ ਲਾ ਕੇ ਹੀ ਲਾਈਆਂ ਜਾ ਸਕਦੀਆਂ ਸਨ ਪਰ ਕਰਾਂ ਦੀ ਉਪਰਲੀ ਸੀਮਾ ਨਿਸ਼ਚਤ ਕੀਤੀ ਗਈ। ਇਸ ਨਾਲ ਭਾਰਤ ਦੀ ਖੇਤੀ 'ਤੇ ਵੀ ਪ੍ਰਭਾਵ ਪੈਣੇ ਸਨ। ਭਾਰਤ ਵਿਚ ਕੁਝ ਲੋਕ ਵਿਸ਼ਵ ਵਪਾਰ ਸੰਸਥਾ ਦੇ ਮੈਂਬਰ ਬਣਨ ਦੇ ਹੱਕ ਵਿਚ ਸਨ ਪਰ ਵੱਡੀ ਗਿਣਤੀ ਵਿਚ ਇਸ ਦੇ ਖ਼ਿਲਾਫ਼ ਸਨ ਜਿਸ ਦਾ ਇਕ ਮੁੱਖ ਕਾਰਨ ਇਹ ਸੀ ਕਿ ਵਿਸ਼ਵ ਵਪਾਰ ਸੰਸਥਾ ਦਾ ਭਾਰਤ ਦੀ ਖੇਤੀ 'ਤੇ ਬਹੁਤ

ਬੁਰਾ ਪ੍ਰਭਾਵ ਪਵੇਗਾ। ਭਾਰਤ ਕਿਉਂਕਿ ਖੇਤੀ ਪ੍ਰਧਾਨ ਦੇਸ਼ ਹੈ ਅਤੇ ਇਸ ਦੀ ਆਰਥਿਕਤਾ ਮੁੱਖ ਤੌਰ ਤੇ ਖੇਤੀ 'ਤੇ ਨਿਰਭਰ ਕਰਦੀ ਹੈ। ਪਰ ਜੇ ਵਿਦੇਸ਼ੀ ਖੇਤੀ ਵਸਤੂਆਂ ਭਾਰਤ ਵਿਚ ਆ ਕੇ ਵਿਕਣ ਲੱਗ ਪਈਆਂ ਤਾਂ ਭਾਰਤ ਦੀਆਂ ਵਸਤੂਆਂ ਦਾ ਉਤਪਾਦਨ ਘਟ ਜਾਵੇਗਾ ਜੋ ਇਥੋਂ ਦੇ ਰੁਜ਼ਗਾਰ, ਆਮਦਨ ਅਤੇ ਖ਼ੁਸ਼ਹਾਲੀ 'ਤੇ ਬਹੁਤ ਬੁਰਾ ਪ੍ਰਭਾਵ ਪਾਵੇਗਾ।

1995 ਤੋਂ ਪਹਿਲਾਂ ਦੁਨੀਆਂ ਦੇ 125 ਦੇਸ਼ ਇਸ ਸੰਸਥਾ ਦੇ ਮੈਂਬਰ ਬਣ ਚੁੱਕੇ ਸਨ ਇਸ ਲਈ ਭਾਰਤ ਨੂੰ ਵੀ ਮਜਬੂਰੀ ਵਸ ਉਸ ਦਾ ਮੈਂਬਰ ਬਣਨਾ ਪਿਆ। ਪਰ ਇਹ ਗੱਲ ਵੇਖਣ ਵਿਚ ਆਈ ਕਿ ਇਸ ਦਾ ਭਾਰਤ ਦੀ ਖੇਤੀ 'ਤੇ ਕੋਈ ਬੁਰਾ ਪ੍ਰਭਾਵ ਨਾ ਪਿਆ। ਅਸਲ ਵਿਚ, ਖੇਤੀ ਵਸਤੂਆਂ ਦੀਆਂ ਕੀਮਤਾਂ ਭਾਰਤ ਵਿਚ ਪ੍ਰਚਲਿਤ ਕੀਮਤਾਂ ਤੋਂ ਕਿਤੇ ਜ਼ਿਆਦਾ ਸਨ। ਇਸ ਦੇ ਭਾਰਤ ਦੀ ਖੇਤੀ 'ਤੇ ਕੁਝ ਚੰਗੇ ਪ੍ਰਭਾਵ ਪਏ ਅਤੇ ਖੇਤੀ ਵਸਤੂਆਂ ਤੋਂ ਕੀਤੀ ਜਾਣ ਵਾਲੀ ਨਿਰਯਾਤ ਤੋਂ ਜ਼ਿਆਦਾ ਲਾਭ ਮਿਲਿਆ। 2007 ਵਿਚ ਭਾਰਤ ਵਿਚ ਕਣਕ ਦੀ ਆਯਾਤ ਕਰਨ ਦੀ ਲੋੜ ਪੈ ਗਈ ਪਰ ਉਸ ਵਕਤ ਦੁਨੀਆਂ ਵਿਚ ਕਣਕ ਨਿਰਯਾਤ ਕਰਨ ਵਾਲੇ ਦੇਸ਼ਾਂ ਵਿਚ ਕਿਤੇ ਵੀ ਕਣਕ ਦੀ ਕੀਮਤ 1050 ਰੁਪਏ ਪ੍ਰਤਿ ਕੁਇੰਟਲ ਤੋਂ ਘੱਟ ਨਹੀਂ ਸੀ। ਇਸ ਲਈ ਭਾਰਤ ਨੂੰ ਇਸੇ ਭਾਅ ਕਣਕ ਆਯਾਤ ਕਰਨੀ ਪਈ। ਭਾਵੇਂ ਕਿ ਇਹ ਮਾਤਰਾ ਤਾਂ ਥੋੜ੍ਹੀ ਜਿਹੀ ਸੀ ਪਰ ਇਸ ਸਾਲ ਭਾਰਤ ਵਿਚ ਕਣਕ ਦੀ ਕੀਮਤ ਸਿਰਫ਼ 750 ਰੁਪਏ ਕੁਇੰਟਲ ਸੀ। ਇਸ ਲਈ ਇਸ ਇਕ ਹੀ ਸਾਲ ਵਿਚ ਸਮਰਥਨ ਮੁੱਲ ਵਿਚ 250 ਰੁਪਏ ਦਾ ਵਾਧਾ ਕਰਕੇ ਕਣਕ ਦੀ ਕੀਮਤ 1000 ਰੁਪਏ ਪ੍ਰਤਿ ਕੁਇੰਟਲ ਕਰ ਦਿਤੀ ਗਈ। ਇਸ ਸਾਲ ਵਿਦੇਸ਼ਾਂ ਵਲੋਂ ਬਾਸਮਤੀ ਦੀ ਬਹੁਤ ਵੱਡੀ ਮੰਗ ਕੀਤੀ ਗਈ ਅਤੇ ਇਸ ਲਈ ਭਾਰਤ ਨੂੰ ਬਹੁਤ ਵੱਡੀ ਵਿਦੇਸ਼ੀ ਮੁਦਰਾ ਮਿਲੀ। ਉਸ ਸਾਲ ਬਾਸਮਤੀ ਵਰਗੇ ਹੋਰ ਚੌਲਾਂ ਜਿਨ੍ਹਾਂ ਵਿਚ ਪੂਸਾ, ਸਰਬਤੀ ਆਦਿ ਚੌਲ ਆਉਂਦੇ ਸਨ, ਦੀ ਵੀ ਮੰਗ ਕੀਤੀ ਗਈ। ਪਰ ਭਾਰਤ ਵਲੋਂ ਚੌਲਾਂ ਦੀ ਨਿਰਯਾਤ ਦੀ ਇਜਾਜ਼ਤ ਨਹੀਂ ਸੀ ਪਰ ਉਸ ਸਾਲ ਇਨ੍ਹਾਂ ਚੌਲਾਂ ਦੀ ਨਿਰਯਾਤ ਦੀ ਇਜਾਜ਼ਤ ਦੇ ਦਿਤੀ ਗਈ। ਇਸ ਸਭ ਕੁਝ ਦਾ ਅਰਥ ਇਹ ਹੈ ਕਿ ਖੇਤੀ ਵਸਤੂਆਂ ਦੀਆਂ ਕੀਮਤਾਂ ਭਾਰਤ ਤੋਂ ਕਿਤੇ ਵੀ ਘੱਟ ਨਹੀਂ ਸਨ ਇਸ ਸਾਲ ਵਿਸ਼ਵ ਵਪਾਰ ਸੰਸਥਾ ਦੇ ਭਾਰਤ ਦੀ ਖੇਤੀ 'ਤੇ ਕੋਈ ਮਾੜੇ ਪ੍ਰਭਾਵ ਨਾ ਪਏ।

## ਪੰਜਾਬ ਦੀ ਖੇਤੀ

ਪੰਜਾਬ ਦੀ ਖੇਤੀ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਖੇਤੀ ਵਿਚ ਪੰਜਾਬ ਦੀ ਖ਼ਾਸ ਮਹੱਤਤਾ ਹੈ। ਪੰਜਾਬ ਖੇਤੀ ਵਿਚ ਸਾਰੇ ਹੀ ਭਾਰਤ 'ਚੋਂ ਵਿਕਸਤ ਰਾਜ ਹੈ। ਇਕ ਤਾਂ ਪੰਜਾਬ ਦਾ ਸਾਰਾ ਹੀ ਖੇਤਰ ਖੇਤੀ ਦੇ ਅਨੁਕੂਲ ਹੈ। ਕੁਝ ਭੂਗੋਲਿਕ ਭੂਮੀ ਵਿਚੋਂ 88 ਪ੍ਰਤਿਸ਼ਤ ਖੇਤਰ 'ਤੇ ਖੇਤੀ ਕੀਤੀ ਜਾਂਦੀ ਹੈ ਜਿਸ ਵਿਚ 98 ਪ੍ਰਤਿਸ਼ਤ ਖੇਤ ਨੂੰ ਲਗਾਤਾਰ ਸਿੰਜਾਈ ਸਹੂਲਤਾਂ ਮਿਲਦੀਆਂ ਹਨ। ਜਦ ਕਿ ਭਾਰਤ ਵਿਚ ਸਿਰਫ਼ 42 ਪ੍ਰਤਿਸ਼ਤ ਖੇਤੀ ਖੇਤਰ ਨੂੰ ਸਿੰਜਾਈ ਸਹੂਲਤਾਂ ਪ੍ਰਾਪਤ ਹਨ। ਪੰਜਾਬ ਵਿਚ ਹਰ ਤਰ੍ਹਾਂ ਦੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਹਨ। ਇਹੋ ਵਜਹ ਹੈ ਕਿ ਇਸ ਦੇ ਤਕਰੀਬਨ ਸਾਰੇ ਹੀ ਖੇਤਰ ਵਿਚ ਸਾਲ ਵਿਚ ਇਕ ਤੋਂ ਜ਼ਿਆਦਾ ਫ਼ਸਲਾਂ ਲਈਆਂ ਜਾਂਦੀਆਂ ਹਨ। ਪੰਜਾਬ ਵਿਚ ਖੇਤੀ ਦੀ ਘਣਤਾ 189 ਹੈ ਜੋ ਸਾਰੇ ਭਾਰਤ ਤੋਂ ਜ਼ਿਆਦਾ ਹੈ।

ਪੰਜਾਬ ਦਾ ਕੁੱਲ ਭੂਗੋਲਿਕ ਖੇਤਰ ਭਾਰਤ ਦਾ ਸਿਰਫ਼ 1.51 ਪ੍ਰਤਿਸ਼ਤ ਹੈ ਪਰ ਪੰਜਾਬ ਲਗਾਤਾਰ ਅਨਾਜ ਭੰਡਾਰਾਂ ਵਿਚ 60 ਪ੍ਰਤਿਸ਼ਤ ਤਕ ਦਾ ਹਿੱਸਾ ਪਾਉਂਦਾ ਰਿਹਾ ਹੈ। 'ਹਰੇ ਇਨਕਲਾਬ' ਦਾ ਸਭ ਤੋਂ ਜ਼ਿਆਦਾ ਪ੍ਰਭਾਵ ਪੰਜਾਬ ਵਿਚ ਹੋਇਆ ਸੀ ਕਿਉਂਕਿ ਪੰਜਾਬ ਵਿਚ ਲਗਾਤਾਰ ਸਿੰਜਾਈ ਸਹੂਲਤਾਂ ਮਿਲਦੀਆਂ ਹਨ ਜੋ ਰਸਾਇਣਕ ਪਦਾਰਥਾਂ ਨੂੰ ਵਰਤਣ ਲਈ ਇਕ ਜ਼ਰੂਰੀ ਸ਼ਰਤ ਹੈ। ਇਸ ਨਾਲ ਜਿਥੇ ਪੰਜਾਬ ਤੋਂ ਬਹੁਤ ਵੱਡੀ ਮਾਤਰਾ ਵਿਚ ਉਪਜ ਲਈ ਗਈ ਉਥੇ ਇਥੋਂ ਦਾ ਜ਼ਿਆਦਾ ਖੇਤਰ ਝੋਨੇ ਦੀ ਖੇਤੀ ਤਹਿਤ ਆ ਗਿਆ। ਇਸ ਵੇਲੇ ਕਣਕ ਅਤੇ ਝੋਨਾ ਦੋ ਹੀ ਪੰਜਾਬ ਦੀਆਂ ਮੁੱਖ ਫ਼ਸਲਾਂ ਹਨ ਜਿਨ੍ਹਾਂ ਤਹਿਤ ਕੁੱਲ ਖੇਤਰ ਦਾ 70 ਪ੍ਰਤਿਸ਼ਤ ਖੇਤਰ ਆਉਂਦਾ ਹੈ। ਇਨ੍ਹਾਂ ਦੋਵਾਂ ਫ਼ਸਲਾਂ ਦੇ ਨਾਲ-ਨਾਲ ਵੱਡੀ ਪੱਧਰ 'ਤੇ ਗੰਨੇ ਦੀ ਖੇਤੀ ਕੀਤੀ ਜਾਂਦੀ ਹੈ। ਇਸ ਲਈ ਸਿੰਜਾਈ ਨਹਿਰਾਂ ਅਤੇ ਟਿਊਬਵੈੱਲਾਂ ਨਾਲ ਕੀਤੀ ਜਾਂਦੀ ਹੈ।

ਇਸ ਵਕਤ ਪੰਜਾਬ ਵਿਚ 11 ਲੱਖ ਦੇ ਲਗਭਗ ਟਿਊਬਵੈੱਲ ਚਲਦੇ ਹਨ ਜਿਨ੍ਹਾਂ ਨਾਲ ਧਰਤੀ ਹੇਠਲੇ ਪਾਣੀ ਨੂੰ ਫ਼ਸਲਾਂ ਦੀ ਕਾਸ਼ਤ ਖ਼ਾਸ ਕਰਕੇ ਝੋਨੇ ਦੀ ਕਾਸ਼ਤ ਲਈ ਵਰਤਿਆ ਜਾਂਦਾ ਹੈ। ਸਿੱਟੇ ਵਜੋਂ, ਜਿਸ ਕਰਕੇ ਪਾਣੀ ਦੀ ਪੱਧਰ ਬਹੁਤ ਥੱਲੇ ਚਲੀ ਗਈ ਹੈ। ਜ਼ਿਆਦਾ ਖਾਦਾਂ ਦੀ ਵਰਤੋਂ ਕਰਕੇ, ਧਰਤੀ ਦੀ ਉਪਜਾਊ ਸ਼ਕਤੀ ਕਮਜ਼ੋਰ ਹੋ ਗਈ ਹੈ। ਇਸ ਲਈ ਅੱਜਕੱਲ੍ਹ ਖੇਤੀ ਵਿਚ ਵਿਭਿੰਨਤਾ ਲਿਆਉਣ ਲਈ ਸਰਕਾਰ ਵਲੋਂ ਖ਼ਾਸ ਯਤਨ ਕੀਤੇ ਜਾ ਰਹੇ ਹਨ ਪਰ ਉਨ੍ਹਾਂ ਯਤਨਾਂ ਨੂੰ ਅਜੇ ਤਕ ਕੋਈ ਕਾਮਯਾਬੀ ਨਹੀਂ ਮਿਲ ਰਹੀ ਅਤੇ ਕਣਕ ਅਤੇ ਝੋਨੇ ਦੀ ਤਹਿਤ ਆਉਣ ਵਾਲੇ ਖੇਤਰ ਵਿਚ ਕੋਈ ਕਮੀ ਨਹੀਂ ਆ ਰਹੀ। ਕਣਕ ਦੀ ਉਪਜ ਅੱਜਕਲ੍ਹ ਪੰਜਾਬ ਦੇ 3278 ਹਜ਼ਾਰ ਹੈਕਟੇਅਰ 'ਤੇ ਜਦ ਕਿ ਝੋਨੇ ਦੀ 2518 ਹੈਕਟੇਅਰ 'ਤੇ ਕੀਤੀ ਜਾਂਦੀ ਹੈ। ਕਣਕ ਦੀ ਔਸਤ ਉਪਜ 45 ਕੁਇੰਟਲ ਪ੍ਰਤਿ ਹੈਕਟੇਅਰ ਜਦ ਕਿ ਝੋਨੇ ਦੀ 33 ਕੁਇੰਟਲ ਪ੍ਰਤਿ ਹੈਕਟੇਅਰ ਹੈ। ਇਹ ਉਪਜ ਭਾਰਤ ਵਿਚ ਸਭ ਤੋਂ ਵੱਧ ਹੈ। ਇਨ੍ਹਾਂ ਫ਼ਸਲਾਂ ਤੋਂ ਇਲਾਵਾ, ਮੱਕੀ ਇਸ ਵਕਤ ਔਸਤ 25 ਕੁਇੰਟਲ ਪ੍ਰਤਿ ਹੈਕਟੇਅਰ, ਬਾਜਰਾ 11 ਕੁਇੰਟਲ, ਛੋਲੇ, ਜੌਂ, ਦਾਲਾਂ ਅਤੇ ਤੇਲਾਂ ਦੇ ਬੀਜ ਸਾਰੇ ਹੀ ਭਾਰਤ ਤੋਂ ਪ੍ਰਤਿ ਏਕੜ ਦੇ ਹਿਸਾਬ ਜ਼ਿਆਦਾ ਉਪਜ ਦਿੰਦੇ ਹਨ।

ਪੰਜਾਬ ਦੀ ਖੇਤੀ ਦੀਆਂ ਕੁਝ ਹੋਰ ਵਿਸ਼ੇਸ਼ਤਾਈਆਂ ਹਨ। ਇਸ ਵਕਤ ਪੰਜਾਬ ਵਿਚ ਵਸੋਂ ਤਾਂ ਭਾਵੇਂ 65 ਪ੍ਰਤਿਸ਼ਤ ਹੀ ਖੇਤੀ 'ਤੇ ਨਿਰਭਰ ਕਰਦੀ ਹੈ ਪਰ ਭਾਰਤ ਵਿਚ ਖੇਤੀ ਦਾ ਕੁੱਲ ਘਰੇਲੂ ਉਤਪਾਦਨ ਵਿਚ ਯੋਗਦਾਨ ਘਟ ਕੇ ਸਿਰਫ਼ 14 ਪ੍ਰਤਿਸ਼ਤ ਰਹਿ ਗਿਆ ਹੈ ਜਦ ਕਿ ਪੰਜਾਬ ਵਿਚ ਇਹ ਅਜੇ ਵੀ 28 ਪ੍ਰਤਿਸ਼ਤ ਹੈ ਜਿਸ ਵਿਚ ਡੇਅਰੀ ਦਾ ਹਿੱਸਾ 9 ਪ੍ਰਤਿਸ਼ਤ ਹੈ ਜੋ ਸਾਰੇ ਹੀ ਭਾਰਤ ਵਿਚ ਬਾਕੀ ਰਾਜਾਂ ਤੋਂ ਜ਼ਿਆਦਾ ਹੈ। ਪੰਜਾਬ ਦੇ ਕਿਸਾਨ ਸਿਰ ਪ੍ਰਤਿ ਘਰ ਕਰਜ਼ਾ 89000 ਰੁਪਏ ਹੈ ਜੋ ਭਾਰਤ ਵਿਚ ਸਭ ਤੋਂ ਜ਼ਿਆਦਾ ਹੈ। ਪੰਜਾਬ ਵਿਚ ਇਕ ਹੋਰ ਰੁਚੀ ਵੇਖਣ ਵਿਚ ਆਈ ਹੈ ਕਿ ਨਾਗਾਲੈਂਡ ਨੂੰ ਛੱਡ ਕੇ ਪੰਜਾਬ ਹੀ ਇਕ ਉਹ ਰਾਜ ਹੈ ਜਿਥੇ 25 ਏਕੜ ਤੋਂ ਜ਼ਿਆਦਾ ਕਿਸਾਨ ਜੋਤਾਂ ਦੀ ਪ੍ਰਤਿਸ਼ਤ 7.1 ਹੈ ਜੋ ਭਾਰਤ ਵਿਚ ਸਿਰਫ਼ 0.9 ਪ੍ਰਤਿਸ਼ਤ ਹੈ ਅਤੇ ਪੰਜਾਬ ਵਿਚ ਸੀਮਾਂਤ ਜੋਤਾਂ ਢਾਈ ਏਕੜ ਤੋਂ ਘੱਟ ਹਨ।

*(ਲੇਖਕ ਅਰਥਸ਼ਾਸਤਰੀ ਤੇ ਸੇਵਾ ਮੁਕਤ ਪ੍ਰੋਫੈਸਰ ਹੈ।)*

*e-mail :sarbjitchhina@yahoo.com*

# ਭਾਰਤ ਵਿਚ ਜੈਵਿਕ ਖੇਤੀ ਵਲ ਰੁਝਾਨ

✍ ਸੁਵਿਧਾ ਕੁਮਰਾ

ਪੰਜਾਬ ਦੇ ਬਠਿੰਡਾ ਜ਼ਿਲ੍ਹੇ ਵਿਚਲੇ ਬਡਿਆਲਾ ਪਿੰਡ ਵਿਚ ਚਾਰ ਸਾਲ ਤੋਂ ਜੈਵਿਕ (ਆਰਗੈਨਿਕ) ਖੇਤੀ ਕਰ ਰਿਹਾ ਜੋਗਾ ਸਿੰਘ ਬਹੁਤ ਖ਼ੁਸ਼ ਹੈ। ਜੈਵਿਕ ਖੇਤੀ ਅਪਣਾਉਣ ਨਾਲ ਉਸ ਦੀ ਆਮਦਨ ਵਿਚ ਚੋਖਾ ਵਾਧਾ ਹੋਇਆ ਹੈ। ਨਾਲ ਹੀ ਉਸ ਨੂੰ ਇਸ ਗੱਲ ਦਾ ਫ਼ਖ਼ਰ ਹੈ ਕਿ ਉਹ ਆਬੋ-ਹਵਾ ਨੂੰ ਸਾਫ਼ ਰੱਖਣ ਦੀ ਆਪਣੀ ਸਮਾਜਿਕ ਜ਼ਿੰਮੇਵਾਰੀ ਵੀ ਪੂਰੀ ਤਰ੍ਹਾਂ ਨਿਭਾ ਰਿਹਾ ਹੈ।

ਜੈਵਿਕ ਖਾਦ ਤੇ ਕੁਦਰਤੀ ਕੀਟ ਨਾਸ਼ਕਾਂ ਦੇ ਇਸਤੇਮਾਲ ਨਾਲ ਜੋਗਾ ਸਿੰਘ ਦੇ ਖੇਤਾਂ ਵਿਚ ਪੈਦਾਵਾਰ ਵਧ ਗਈ ਹੈ। ਇਸ ਤੋਂ ਇਲਾਵਾ, ਖੇਤੀ ਦੀ ਲਾਗਤ ਵਿਚ ਵੀ ਲਗਭਗ 80 ਪ੍ਰਤਿਸ਼ਤ ਦੀ ਕਮੀ ਆਈ ਹੈ। ਜੈਵਿਕ ਫ਼ਸਲ ਦੀ ਕੀਮਤ ਵੀ ਜ਼ਿਆਦਾ ਮਿਲਦੀ ਹੈ। ਜੋਗਾ ਸਿੰਘ ਨੂੰ ਉਮੀਦ ਹੈ ਕਿ ਆਉਣ ਵਾਲੇ ਸਾਲਾਂ ਵਿਚ ਉਸ ਦੇ ਮੁਨਾਫ਼ੇ ਵਿਚ ਹੋਰ ਵਾਧਾ ਹੋਵੇਗਾ।

ਸਿਰਫ਼ ਪੰਜਾਬ ਵਿਚ ਹੀ ਨਹੀਂ ਸਗੋਂ ਸਮੁੱਚੇ ਭਾਰਤ ਵਿਚ ਕਿਸਾਨਾਂ ਦਾ ਜੈਵਿਕ ਖੇਤੀ ਵੱਲ ਰੁਝਾਨ ਵਧ ਰਿਹਾ ਹੈ। ਦੇਸ਼ ਵਿਚ ਲਗਭਗ 20 ਲੱਖ ਹੈਕਟੇਅਰ ਜ਼ਮੀਨ ਉਤੇ ਜੈਵਿਕ ਖੇਤੀ ਹੋ ਰਹੀ ਹੈ। ਦੇਸੀ ਤੋਂ ਇਲਾਵਾ ਵਿਦੇਸ਼ੀ ਬਾਜ਼ਾਰਾਂ ਵਿਚ ਵੀ ਜੈਵਿਕ ਉਤਪਾਦਾਂ ਦੀ ਮੰਗ ਲਗਾਤਾਰ ਵਧ ਰਹੀ ਹੈ। ਸਾਲ 2003 ਵਿਚ ਭਾਰਤ ਸਿਰਫ਼ 73 ਕਰੋੜ ਰੁਪਏ ਦੇ ਜੈਵਿਕ ਉਤਪਾਦਾਂ ਦੀ ਬਰਾਮਦ ਕਰਦਾ ਸੀ। ਪਰ 2010 ਤਕ ਇਹ ਬਰਾਮਦ ਵਧ ਕੇ ਲਗਭਗ 25 ਅਰਬ ਰੁਪਏ ਦੀ ਹੋ ਚੁੱਕੀ ਸੀ।

1960 ਦੇ ਦਹਾਕੇ ਵਿਚ ਹਰੀ ਕ੍ਰਾਂਤੀ ਦੇ ਨਤੀਜੇ ਵਜੋਂ ਦੇਸ਼ ਅਨਾਜ ਉਤਪਾਦਨ ਦੇ ਮਾਮਲੇ ਵਿਚ ਸਵੈ-ਨਿਰਭਰ ਹੋ ਗਿਆ। ਨਵੀਂ ਤਕਨੀਕ, ਦੋਗਲੇ ਬੀਜਾਂ, ਰਸਾਇਣਕ ਖਾਦਾਂ ਅਤੇ ਕੀਟ ਨਾਸ਼ਕਾਂ ਦੇ ਇਸਤੇਮਾਲ ਨਾਲ ਪੈਦਾਵਾਰ ਲਗਾਤਾਰ ਵਧਦੀ ਗਈ ਪਰ ਰਸਾਇਣਕ ਖਾਦ ਅਤੇ ਕੀਟ ਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਸਾਡੀ ਆਬੋ-ਹਵਾ ਲਈ ਖ਼ਤਰਾ ਬਣ ਗਿਆ ਹੈ। ਇਸ ਦੀ ਵਜਹ ਨਾਲ ਮਿੱਟੀ ਵਿਚ ਛੋਟੇ-ਛੋਟੇ ਜੀਵਾਂ ਦੀ ਮੌਜੂਦਗੀ ਘਟ ਰਹੀ ਹੈ। ਇਸ ਨਾਲ ਉਪਜ ਅਤੇ ਉਸ ਦੀ ਗੁਣਵੱਤਾ ਦੋਵਾਂ ਵਿਚ ਕਮੀ ਆਉਣ ਲੱਗ ਪਈ। ਰਸਾਇਣਕ ਕੀਟ ਨਾਸ਼ਕ ਅਨਾਜ, ਫਲਾਂ ਅਤੇ ਸਬਜ਼ੀਆਂ ਨੂੰ ਧੋ ਕੇ ਇਸਤੇਮਾਲ ਕਰਨ ਦੇ ਬਾਵਜੂਦ ਇਨਸਾਨ ਦੇ ਸਰੀਰ ਅੰਦਰ ਜਾ ਕੇ ਸਿਹਤ ਉਤੇ ਮਾੜਾ ਅਸਰ ਪਾਉਂਦੇ ਹਨ। ਕੀਟ ਨਾਸ਼ਕਾਂ ਦੀ ਵਜਹ ਨਾਲ ਕੈਂਸਰ ਵਰਗੀਆਂ ਬੀਮਾਰੀਆਂ ਵੀ ਹੋ ਸਕਦੀਆਂ ਹਨ।

ਮਿੱਟੀ, ਹਵਾ, ਪਾਣੀ ਅਤੇ ਰੁੱਖਾਂ ਸਮੇਤ ਪਸ਼ੂਆਂ ਅਤੇ ਇਨਸਾਨਾਂ ਦੇ ਸਰੀਰ ਵਿਚ ਮੌਜੂਦ ਖ਼ਤਰਨਾਕ ਰਸਾਇਣ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਸ ਲਈ ਵੀ ਸਰਕਾਰ ਕਿਸਾਨਾਂ ਨੂੰ ਪ੍ਰੰਪਰਾਗਤ ਜੈਵਿਕ ਖੇਤੀ ਵਲ ਪਰਤਣ ਲਈ ਹੱਲਾਸ਼ੇਰੀ ਦੇ ਰਹੀ ਹੈ। ਜੈਵਿਕ ਖੇਤੀ ਵਿਚ ਰਸਾਇਣਕ ਖਾਦਾਂ, ਕੀਟ ਨਾਸ਼ਕਾਂ ਅਤੇ ਖਰਪਤਵਾਰ ਨੂੰ ਖਤਮ ਕਰਨ ਵਾਲੇ ਖ਼ਤਰਨਾਕ ਰਸਾਇਣਾਂ ਦਾ ਇਸਤੇਮਾਲ ਨਹੀਂ ਕੀਤਾ ਜਾਂਦਾ। ਉਨ੍ਹਾਂ ਦੀ ਥਾਂ ਇਸ ਵਿਚ ਗੋਹਾ ਅਤੇ ਪੱਤਿਆਂ ਤੋਂ ਬਣੀ ਕੰਪੋਸਟ ਖਾਦ, ਕਲਚਰ ਦੇ ਜ਼ਰੀਏ ਪੈਦਾ ਕੀਤੇ ਗਏ ਸੂਖ਼ਮ ਜੀਵਾਂ ਅਤੇ ਕੁਦਰਤੀ ਕੀਟ ਨਾਸ਼ਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਜ਼ਮੀਨ ਲੰਮੇ ਸਮੇਂ ਤਕ ਉਪਜਾਊ ਬਣੀ ਰਹਿੰਦੀ ਹੈ ਅਤੇ ਪੌਣ-ਪਾਣੀ ਵੀ ਪ੍ਰਦੂਸ਼ਤ ਨਹੀਂ ਹੁੰਦਾ।

ਕਿਸਾਨਾਂ ਦੀ ਸਹਿਕਾਰੀ ਸੰਸਥਾ ਭਾਰਤੀ ਰਾਸ਼ਟਰੀ ਕ੍ਰਿਸ਼ੀ ਸਹਿਕਾਰੀ ਵਿਪਣਨ ਸੰਘ (ਨੈਫੇਡ) ਨੇ ਰਾਸ਼ਟਰੀ ਬਾਗ਼ਬਾਨੀ ਮਿਸ਼ਨ ਅਤੇ ਰਾਸ਼ਟਰੀ ਖੇਤੀ ਵਿਕਾਸ ਯੋਜਨਾ ਤਹਿਤ ਜੈਵਿਕ ਖੇਤੀ ਪਰਿਯੋਜਨਾ ਉਤੇ ਕੰਮ ਸ਼ੁਰੂ ਕਰ ਦਿਤਾ ਹੈ। ਇਸ ਪਰਿਯੋਜਨਾ ਤਹਿਤ ਖੇਤਾਂ ਨੂੰ ਜੈਵਿਕ ਖੇਤੀ ਲਈ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਨ੍ਹਾਂ ਖੇਤਾਂ ਦਾ ਜੈਵਿਕ ਖੇਤੀ ਭੂਮੀ ਦੇ ਤੌਰ ਤੇ ਪ੍ਰਮਾਣੀਕਰਨ ਕੀਤਾ ਜਾਂਦਾ ਹੈ। ਰਾਸ਼ਟਰੀ ਬਾਗ਼ਬਾਨੀ ਮਿਸ਼ਨ ਦੇ ਮੁਤਾਬਕ ਦੇਸ਼ ਵਿਚ ਰਸਾਇਣਾਂ ਦੇ ਇਸਤੇਮਾਲ ਨਾਲ ਹੋ ਰਹੀ ਖੇਤੀ ਨਾਲ ਖੇਤਾਂ ਦੀ ਉਤਪਾਦਕਤਾ ਅਤੇ ਫ਼ਸਲ ਦੀ ਗੁਣਵੱਤਾ ਘਟਦੀ ਜਾ ਰਹੀ ਹੈ। ਇਨ੍ਹਾਂ ਖ਼ਤਰਨਾਕ ਰਸਾਇਣਾਂ ਦਾ ਅਸਰ ਸਾਡੇ ਵਾਤਾਵਰਨ ਉਤੇ ਵੀ ਪੈ ਰਿਹਾ ਹੈ। ਇਨ੍ਹਾਂ ਸਭ ਗੱਲਾਂ ਦੇ ਮੱਦੇਨਜ਼ਰ ਜੈਵਿਕ ਖੇਤੀ ਵਲ ਵਧਣਾ ਸਾਡੇ ਲਈ ਜ਼ਰੂਰੀ ਹੁੰਦਾ ਜਾ ਰਿਹਾ ਹੈ।

ਜੈਵਿਕ ਖੇਤੀ ਨੂੰ ਲੈ ਕੇ ਕਿਸਾਨਾਂ ਦੇ ਮਨ ਵਿਚ ਵੱਖ-ਵੱਖ ਤਰ੍ਹਾਂ ਦੀਆਂ ਗਲਤ ਫ਼ਹਿਮੀਆਂ ਰਹੀਆਂ ਹਨ। ਉਨ੍ਹਾਂ ਨੂੰ ਭਰੋਸਾ ਨਹੀਂ ਹੁੰਦਾ ਕਿ ਬਿਨਾਂ ਰਸਾਇਣਕ ਖਾਦ ਦੇ ਇਸਤੇਮਾਲ ਕੀਤੇ ਪੈਦਾਵਾਰ ਵਧਾਈ ਜਾ ਸਕਦੀ ਹੈ। ਉਨ੍ਹਾਂ ਨੂੰ ਇਸ ਗੱਲ ਉਤੇ ਵੀ ਯਕੀਨ ਨਹੀਂ ਹੁੰਦਾ ਕਿ ਬਿਨਾਂ ਰਸਾਇਣਾਂ ਦੇ ਇਸਤੇਮਾਲ ਕੀਤੇ ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਕੀੜੇ-ਪਤੰਗਿਆਂ ਅਤੇ ਖਰਪਤਵਾਰ ਨੂੰ ਖਤਮ ਕੀਤਾ ਜਾ ਸਕਦਾ ਹੈ। ਪਰ ਜੈਵਿਕ ਖੇਤੀ ਨੂੰ ਅਪਣਾਉਣ ਵਾਲੇ ਜੋਗਾ ਸਿੰਘ ਵਰਗੇ ਕਿਸਾਨਾਂ ਦੀ ਖ਼ੁਸ਼ਹਾਲੀ ਇਸ ਗੱਲ ਦਾ ਸਬੂਤ ਹੈ ਕਿ ਇਸ ਪ੍ਰਣਾਲੀ ਨੂੰ ਅਪਣਾ ਕੇ ਕਿਸਾਨ ਆਪਣੀ ਆਮਦਨ ਨੂੰ ਵਧਾ ਸਕਦੇ ਹਨ।

ਜੈਵਿਕ ਖੇਤੀ ਨੂੰ ਹੱਲਾਸ਼ੇਰੀ ਦੇਣ ਦੇ ਪਿੱਛੇ ਨੈਫੇਡ ਦਾ ਮਕਸਦ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਬਣਾਈ ਰੱਖਣਾ ਅਤੇ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਬਿਹਤਰ ਕੀਮਤ ਦਿਵਾਉਣਾ ਹੈ। ਇਸ ਕੋਸ਼ਿਸ਼ ਵਿਚ ਉਸ ਨੂੰ ਵਧੀਆ ਕਾਮਯਾਬੀ

ਮਿਲੀ ਹੈ। ਇਸ ਤਰ੍ਹਾਂ ਦੀ ਖੇਤੀ ਵਿਚ ਫ਼ਸਲ ਅਤੇ ਮਿੱਟੀ ਨੂੰ ਫਾਇਦਾ ਪਹੁੰਚਾਉਣ ਵਾਲੇ ਸੂਖਮ ਜੀਵ ਮਰਦੇ ਨਹੀਂ ਸਗੋਂ ਜ਼ਮੀਨ ਨੂੰ ਉਪਜਾਊ ਬਣਾਉਣ ਵਿਚ ਮਦਦਗਾਰ ਸਾਬਤ ਹੁੰਦੇ ਹਨ। ਜੈਵਿਕ ਖੇਤੀ ਵਾਤਾਵਰਨ ਨੂੰ ਬਚਾਉਣ ਵਿਚ ਵੀ ਮਦਦ ਕਰਦੀ ਹੈ।

ਨੈਫੇਡ ਨੇ ਜੈਵਿਕ ਖੇਤੀ ਨੂੰ ਉਤਸ਼ਾਹਤ ਕਰਨ ਲਈ ਸਰਕਾਰੀ ਅਤੇ ਨਿੱਜੀ ਖੇਤਰਾਂ ਦੇ ਵਿਚਾਲੇ ਭਾਈਵਾਲੀ ਦੇ ਮਾਡਲ ਤਹਿਤ ਇੰਡੀਅਨ ਟੋਬੈਕੋ ਕੰਪਨੀ (ਆਈ ਟੀ ਸੀ) ਲਿਮਿਟਿਡ ਦਾ ਸਹਿਯੋਗ ਲਿਆ ਹੈ। ਇਹ ਸੰਗਠਨ ਜੈਵਿਕ ਖੇਤੀ ਲਈ ਕਿਸਾਨਾਂ ਨੂੰ ਪੰਜੀਕ੍ਰਿਤ ਕਰਨ ਤੋਂ ਬਾਅਦ ਉਨ੍ਹਾਂ ਨੂੰ ਇਸ ਬਾਰੇ ਸਿਖਲਾਈ ਦਿੰਦਾ ਹੈ। ਕਿਸਾਨਾਂ ਦੇ ਖੇਤਾਂ ਦੀ ਮਿੱਟੀ ਦੇ ਨਮੂਨੇ ਲੈ ਕੇ ਉਨ੍ਹਾਂ ਦੀ ਜਾਂਚ ਕਰਾਈ ਜਾਂਦੀ ਹੈ। ਕਲਚਰ ਦੇ ਜ਼ਰੀਏ ਪੈਦਾ ਕੀਤੇ ਗਏ ਸੂਖ਼ਮ ਜੀਵ ਕਿਸਾਨਾਂ ਨੂੰ ਮੁਫ਼ਤ ਮੁਹੱਈਆ ਕਰਵਾਏ ਜਾਂਦੇ ਹਨ। ਕਿਸਾਨ ਇਸ ਕਲਚਰ ਨੂੰ ਗੋਹੇ ਦੀ ਖਾਦ ਵਿਚ ਰਲਾ ਕੇ ਖੇਤਾਂ ਵਿਚ ਇਸਤੇਮਾਲ ਕਰਦੇ ਹਨ ਜਿਸ ਨਾਲ ਫ਼ਸਲ ਬਿਹਤਰ ਹੁੰਦੀ ਹੈ।

ਜੈਵਿਕ ਖੇਤੀ ਵਿਚ ਪਸ਼ੂਆਂ ਦੀ ਅਹਿਮ ਭੂਮਿਕਾ ਹੁੰਦੀ ਹੈ। ਗਾਂ ਦਾ ਗੋਹਾ ਅਤੇ ਪਿਸ਼ਾਬ ਮਿੱਟੀ ਨੂੰ ਉਪਜਾਊ ਬਣਾਉਣ ਲਈ ਜ਼ਰੂਰੀ ਨਾਈਟ੍ਰੋਜਨ ਅਤੇ ਕਾਰਬਨ ਮੁਹੱਈਆ ਕਰਾਉਂਦੇ ਹਨ। ਕੰਪੋਸਟ ਖਾਦ ਬਣਾਉਣ ਵਿਚ ਪੌਦਿਆਂ ਦੀ ਰਹਿੰਦ-ਖੂੰਹਦ, ਗੋਹਾ ਅਤੇ ਜਾਨਵਰਾਂ ਦੇ ਬਚੇ ਹੋਏ ਚਾਰੇ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਨ੍ਹਾਂ ਚੀਜ਼ਾਂ ਨੂੰ 10-12 ਫੁੱਟ ਡੂੰਘੇ ਖੱਡੇ ਵਿਚ ਪਾ ਕੇ ਉਸ ਵਿਚ ਪਾਣੀ ਭਰ ਦਿਤਾ ਜਾਂਦਾ ਹੈ। ਇਸ ਮਿਸ਼ਰਣ ਨੂੰ ਮਹੀਨੇ ਬਾਅਦ ਪਲਟਾ ਦੇਣਾ ਚਾਹੀਦਾ ਹੈ ਤਾਂ ਕਿ ਇਸ ਵਿਚ ਨਵੀਂ ਬਣੀ ਰਹੇ। ਪਲਟਾਉਣ ਨਾਲ ਜੈਵਿਕ ਪਦਾਰਥ ਜਲਦੀ ਸੜਦੇ ਹਨ ਅਤੇ ਖਾਦ ਵਿਚ ਪੋਸ਼ਕ ਤੱਤਾਂ ਦੀ ਮਾਤਰਾ ਵਧਦੀ ਹੈ। ਇਸ ਤਰ੍ਹਾਂ ਜੈਵਿਕ ਖਾਦ ਤਿੰਨ ਮਹੀਨਿਆਂ ਵਿਚ ਤਿਆਰ ਹੋ ਜਾਂਦੀ ਹੈ। ਇਸ ਖਾਦ ਨੂੰ ਖੇਤਾਂ ਵਿਚ ਪਾਉਣ ਨਾਲ ਹੀ ਮਿੱਟੀ ਵਿਚ ਮਿਲਾ ਦੇਣਾ ਚਾਹੀਦਾ ਹੈ ਕਿਉਂਕਿ ਖੁੱਲ੍ਹੀ ਛੱਡ ਦੇਣ ਨਾਲ ਇਸ ਵਿਚ ਨਾਈਟ੍ਰੋਜਨ ਘਟ ਜਾਂਦੀ ਹੈ।

ਜੈਵਿਕ ਖਾਦ ਵਿਚ ਫਾਸਫੋਰਸ ਦੀ ਮਾਤਰਾ ਵਧਾਉਣ ਲਈ ਰੌਕ ਫਾਸਫੇਟ ਦੀ ਵਰਤੋਂ ਕੀਤੀ ਜਾਂਦੀ ਹੈ। 100 ਕਿਲੋ ਗੋਹੇ ਵਿਚ 2 ਕਿਲੋਗ੍ਰਾਮ ਰੌਕ ਫਾਸਫੇਟ ਮਿਲਾ ਕੇ ਉਸ ਨੂੰ ਸੜਨ ਦਿਤਾ ਜਾਂਦਾ ਹੈ। ਤਿੰਨ ਮਹੀਨਿਆਂ ਵਿਚ ਇਸ ਖਾਦ ਵਿਚ ਫਾਸਫੋਰਸ ਦੀ ਮਾਤਰਾ ਲਗਭਗ 3 ਪ੍ਰਤਿਸ਼ਤ ਹੋ ਜਾਂਦੀ ਹੈ। ਇਸ ਤਰੀਕੇ ਨਾਲ ਫਾਸਫੋਰਸ ਦੀ ਘੁਲਣਸ਼ੀਲਤਾ ਵੀ ਵਧਦੀ ਹੈ।

ਸਾਲਾਂ ਤੋਂ ਰਸਾਇਣਕ ਖੇਤੀ ਦੇ ਆਦੀ ਹੋ ਚੁੱਕੇ ਕਿਸਾਨਾਂ ਵਲੋਂ ਜੈਵਿਕ ਖੇਤੀ ਅਪਣਾਉਣਾ ਮੁਸ਼ਕਿਲ ਲਗਦਾ ਹੈ। ਇਹ ਕਿਸੇ ਵਿਅਕਤੀ ਨੂੰ ਲੱਗੀ ਗੰਦੀ ਲਤ ਨੂੰ ਛੁਡਾਏ ਜਾਣ ਵਰਗਾ ਹੈ। ਜੈਵਿਕ ਖੇਤੀ ਅਪਣਾਉਣ ਨਾਲ ਸ਼ੁਰੂਆਤੀ ਇਕ ਦੋ ਸਾਲਾਂ ਵਿਚ ਕੁਝ ਨੁਕਸਾਨ ਵੀ ਉਠਾਉਣਾ ਪੈ ਸਕਦਾ ਹੈ। ਪਰ ਇਸ ਤੋਂ ਬਾਅਦ ਮੁਨਾਫ਼ੇ ਵਿਚ ਲਗਾਤਾਰ ਵਾਧਾ ਹੁੰਦਾ ਰਹਿੰਦਾ ਹੈ।

ਪਿੰਡਾਂ ਵਿਚ ਫ਼ਸਲਾਂ ਦੀ ਰਹਿੰਦ-ਖੂੰਹਦ ਅਤੇ ਪਸ਼ੂਆਂ ਦਾ ਮਲ-ਮੂਤਰ ਇਧਰ-ਉਧਰ ਪਿਆ ਰਹਿੰਦਾ ਹੈ। ਇਸ ਨਾਲ ਪਿੰਡਾਂ ਦੀ ਸੁੰਦਰਤਾ ਘਟਣ ਸਮੇਤ ਵਾਤਾਵਰਨ ਵੀ ਪ੍ਰਦੂਸ਼ਤ ਹੁੰਦਾ ਹੈ। ਇਨ੍ਹਾਂ ਬੇਕਾਰ ਚੀਜ਼ਾਂ ਨੂੰ ਇਕੱਠਾ ਕਰਕੇ ਉਪਯੋਗੀ ਖਾਦ ਬਣਾਈ ਜਾ ਸਕਦੀ ਹੈ। ਨਾਲ ਹੀ ਇਹ ਵੀ ਸਹੀ ਹੈ ਕਿ ਦੇਸ਼ ਵਿਚ 70 ਪ੍ਰਤਿਸ਼ਤ ਕਿਸਾਨ ਛੋਟੀ ਜੋਤ ਅਤੇ ਸੀਮਤ ਸਾਧਨਾਂ ਵਾਲੇ ਹਨ। ਪਸ਼ੂ ਘੱਟ ਹੋਣ ਕਾਰਨ ਉਨ੍ਹਾਂ ਨੂੰ ਜੈਵਿਕ ਖੇਤੀ ਲਈ ਕੰਪੋਸਟ ਖਾਦ ਖਰੀਦਣੀ ਪੈਂਦੀ ਹੈ। ਜੈਵਿਕ ਖਾਦ ਦਾ ੭੭ ਪ੍ਰਤਿਸ਼ਤ ਉਤਪਾਦਨ ਅਸੰਗਠਿਤ ਖੇਤਰ ਵਿਚ ਹੁੰਦਾ ਹੈ ਅਤੇ ਇਹ ਜ਼ਿਆਦਾਤਰ ਬਿਨਾਂ ਕਿਸੇ ਪੁਸ਼ਟੀ ਤੇ ਸੰਤੁਸ਼ਟੀ ਦੇ ਹੀ ਵੇਚੀ ਜਾਂਦੀ ਹੈ।

ਜੈਵਿਕ ਖੇਤੀ ਅਪਣਾਉਣ ਵਾਲੇ ਕਿਸਾਨਾਂ ਦੀ ਤਿੰਨ ਸਾਲ ਤਕ ਆਮਦਨੀ ਦੀ ਗਰੰਟੀ ਦਾ ਬੀਮਾ ਕਰਨਾ ਇਸ ਦੇ ਵਿਸਤਾਰ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ। ਕਿਸਾਨਾਂ ਨੂੰ ਪ੍ਰਮਾਣਕ ਜੈਵਿਕ ਖਾਦ ਰਿਆਇਤੀ ਦਰ ਉਤੇ ਮੁਹੱਈਆ ਕਰਾਈ ਜਾਣੀ ਚਾਹੀਦੀ ਹੈ। ਇਸ ਸਥਿਤੀ ਵਿਚ ਸੁਧਾਰ ਦੇ ਠੋਸ ਉਪਾਅ ਕਰਨੇ ਜ਼ਰੂਰੀ ਹਨ। ਪਿੰਡਾਂ ਵਿਚ ਪਸ਼ੂਆਂ ਦੀ ਗਿਣਤੀ ਵਧਾਉਣ ਲਈ ਉਪਾਵਾਂ ਨੂੰ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਕਿਸਾਨ ਜੈਵਿਕ ਖਾਦ ਲਈ ਬਾਜ਼ਾਰ ਦੇ ਮੁਹਤਾਜ਼ ਨਾ ਹੋਣ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

*e-mail :suvidhakumra@gmail.com*

**ਯੋਜਨਾ (ਪੰਜਾਬੀ)**

- **ਜੁਲਾਈ 2014 – ਇਹ ਅੰਕ *ਲੋਕਤੰਤਰ ਤੇ ਚੋਣ ਸੁਧਾਰਾਂ* ਉੱਤੇ ਕੇਂਦਰਿਤ ਹੋਵੇਗਾ।**
- **ਅਗਸਤ 2014 – ਇਹ ਅੰਕ *ਸ਼ਹਿਰੀ ਯੋਜਨਾਬੰਦੀ* ਉੱਤੇ ਕੇਂਦਰਿਤ ਹੋਵੇਗਾ।**

***ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ***

***ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250***

***ਸਾਰਕ ਦੇਸ਼ਾਂ ਲਈ ਸਾਲਾਨਾ ₹530,***

***ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730***

**ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਹੇਠ ਲਿਖੇ ਪਤੇ 'ਤੇ ਭੇਜੋ**

**Business Manager**
**(Advertisement & Circulation )**
**Publications Division, Ministry of Information and Broadcasting**
**East Block-IV, Level-VII, R.K. Puram**
**New Delhi-110066. (Tel.011-26100207)**
*email-pdjucir@gmail.com*

# ਖੇਤੀ ਦਾ ਬਹੁ-ਪੱਖੀ ਵਿਕਾਸ ਜ਼ਰੂਰੀ

ਮੁਹਿੰਦਰ ਸਿੰਘ ਬਾਜਵਾ

ਭਾਰਤ ਵਿਚ ਪਿਛਲੇ ਛੇ ਦਹਾਕਿਆਂ ਦੌਰਾਨ ਖੇਤੀ ਅਤੇ ਆਰਥਿਕ ਵਿਕਾਸ ਦੇ ਕਾਰਜ ਵਾਸਤੇ ਬੜੇ ਵੱਡੇ ਪੱਧਰ ਦੀਆਂ ਯੋਜਨਾਵਾਂ ਲਾਗੂ ਹੋਣ ਦੇ ਬਾਵਜੂਦ ਛੋਟੇ ਪੱਧਰ ਦੀ ਕਿਸਾਨੀ ਦੇ ਖੇਤੀ ਉਤਪਾਦਨ ਤੇ ਆਰਥਿਕ ਵਾਧੇ ਦੀਆਂ ਦਰਾਂ ਬਿਲਕੁਲ ਨਾਂ-ਮਾਤਰ ਹੀ ਹਨ। ਇਥੋਂ ਤਕ ਕਿ ਹਰੇ-ਇਨਕਲਾਬ ਵਾਲੇ ਸਮੇਂ ਵਿਚ ਵੀ ਛੋਟੇ ਕਿਸਾਨਾਂ (ਖ਼ਾਸ ਤੌਰ ਤੇ ਪੰਜ ਏਕੜ ਤੋਂ ਘੱਟ ਜ਼ਮੀਨ ਵਾਲੇ) ਦੀ ਆਰਥਿਕ ਹਾਲਤ ਉੱਪਰ ਚੁੱਕਣ ਬਾਰੇ ਸਹੀ ਸਰਬ-ਪੱਖੀ ਯੋਜਨਾਵਾਂ ਤੇ ਕਾਰਜ ਨੀਤੀਆਂ ਲਾਗੂ ਕਰਨ ਦੀ ਘਾਟ ਹੀ ਰਹਿ ਗਈ। ਅਸਲ ਵਿਚ, ਆਧੁਨਿਕ ਖੇਤੀ ਤਕਨੀਕਾਂ, ਲੋੜੀਂਦੇ ਸਾਧਨ, ਪੂੰਜੀ ਨਿਵੇਸ਼ ਤੇ ਖੇਤੀ ਤੋਂ ਇਲਾਵਾ ਮੁਲਾਜ਼ਮਤ ਦੇ ਮੌਕੇ ਹੇਠਲੇ ਪੱਧਰ ਦੇ ਗਰੀਬ ਛੋਟੇ ਕਿਸਾਨਾਂ ਤਕ ਪੂਰੀ ਤਰ੍ਹਾਂ ਪਹੁੰਚਾਏ ਨਹੀਂ ਜਾ ਸਕੇ। ਇਸ ਕਰਕੇ ਅਜੇ ਵੀ ਇਹ ਕਿਸਾਨ ਬੜੇ ਮਾੜੇ ਮਾਲੀ ਤੇ ਸਮਾਜਿਕ ਅਸਮਾਨਤਾ ਵਾਲੇ ਹਾਲਾਤ ਵਿਚ ਰਹਿ ਰਹੇ ਹਨ। ਲੋੜ ਹੈ ਹੁਣ ਪਿਛਲੀਆਂ ਯੋਜਨਾਵਾਂ ਤੇ ਕਾਰਜ-ਨੀਤੀਆਂ ਵਿਚ ਬਦਲਾਅ ਲਿਆ ਕੇ ਛੋਟੀ ਕਿਸਾਨੀ (ਜੋ ਦੇਸ਼ ਵਿਚਲੇ ਕੁੱਲ ਵਾਹੀ ਵਾਲੀਆਂ ਜੋਤਾਂ ਦਾ 80 ਪ੍ਰਤਿਸ਼ਤ ਹੈ) ਦੀ ਉਪਜ, ਲਾਭ ਤੇ ਕੁੱਲ ਆਮਦਨ ਨੂੰ ਆਧੁਨਿਕ ਤਕਨੀਕਾਂ ਅਪਣਾ ਕੇ ਉੱਤੇ ਚੁੱਕਣ ਦੀ। ਇਸ ਤਰ੍ਹਾਂ, ਵੱਡੇ ਪੱਧਰ ਦੀ ਕਿਸਾਨੀ ਦੇ ਨਾਲ-ਨਾਲ ਛੋਟੇ ਪੱਧਰ ਦਾ ਕਿਸਾਨੀ-ਭਾਈਚਾਰਾ ਵੀ ਸਦੀਵੀ ਹਰਾ-ਇਨਕਲਾਬ ਲਿਆਉਣ ਵਿਚ ਪੂਰਾ ਯੋਗਦਾਨ ਪਾ ਸਕੇਗਾ।

ਪੰਜਾਬ ਵਿਚਲੇ ਬਹੁਤੇ ਕਿਸਾਨਾਂ ਕੋਲ ਘੱਟ ਜ਼ਮੀਨ ਹੈ। ਬਹੁਤ ਘੱਟ ਜ਼ਮੀਨ ਹੋਣ ਕਰਕੇ ਇਹ ਬਹੁਤ ਛੋਟੇ ਪੱਧਰ ਦੇ ਉਤਪਾਦਕ, ਖਪਤਕਾਰ ਤੇ ਬੜੀ ਘੱਟ ਆਮਦਨ ਵਾਲੇ ਪੇਂਡੂ ਲੋਕ ਹਨ। ਇਨ੍ਹਾਂ ਦੀ ਆਰਥਿਕ ਹਾਲਤ ਹੋਰ ਵੀ ਮਾੜੀ ਹੁੰਦੀ ਜਾ ਰਹੀ ਹੈ ਕਿਉਂਕਿ ਲੋੜੀਂਦੇ ਬੀਜਾਂ, ਖਾਦਾਂ, ਕੀੜੇ ਤੇ ਬੀਮਾਰੀਆਂ ਰੋਕਣ ਵਾਸਤੇ ਦਵਾਈਆਂ, ਊਰਜਾ (ਡੀਜ਼ਲ, ਬਿਜਲੀ, ਮਸ਼ੀਨਰੀ) ਦੀਆਂ ਕੀਮਤਾਂ ਵਧਣ ਨਾਲ ਖਰਚੇ ਵਧ ਤੇ ਲਾਭ ਘਟ ਰਹੇ ਹਨ। ਥੋੜ੍ਹੀ ਜ਼ਮੀਨ ਹੋਣ ਕਰਕੇ ਬਹੁਤ ਘੱਟ ਉਤਪਾਦਾਂ ਤੇ ਘੱਟ ਆਮਦਨ ਹੁੰਦੀ ਹੈ, ਉਪਜ ਦੀਆਂ ਕੀਮਤਾਂ ਲਾਹੇਵੰਦ ਨਹੀਂ ਮਿਲਦੀਆਂ ਅਤੇ ਆਮਦਨ ਵਧਾਉਣ ਵਾਸਤੇ ਖੇਤੀ ਤੋਂ ਇਲਾਵਾ ਰੁਜ਼ਗਾਰ ਦੇ ਨਾ-ਬਰਾਬਰ ਹੀ ਮੌਕੇ ਮਿਲਦੇ ਹਨ। ਇਸ ਕਰਕੇ ਇਹ ਕਿਸਾਨ ਬਹੁਤੀ ਵਾਰ 'ਲੋੜਾਂ ਨਾਲੋਂ ਘੱਟ ਆਮਦਨ' ਵਾਲੇ ਹਾਲਾਤ ਵਿਚ ਰਹਿੰਦੇ ਹਨ ਅਤੇ ਮਾਲੀ ਤੇ ਕਰਜ਼ਿਆਂ ਦੇ ਦਬਾਅ ਕਰਕੇ ਇਨ੍ਹਾਂ ਦੇ ਆਰਥਿਕ ਹਾਲਾਤ ਬਹੁਤ ਜ਼ਿਆਦਾ ਅਸੁਰੱਖਿਅਤ ਰਹਿੰਦੇ ਹਨ।

ਦੂਰ-ਦੁਰਾਡੇ ਇਲਾਕਿਆਂ ਵਿਚ (ਜਿਵੇਂ ਨੀਮ-ਪਹਾੜੀ ਕੰਢੀ ਇਲਾਕਾ) ਰਹਿਣ ਵਾਲੇ ਛੋਟੇ ਕਿਸਾਨ ਤਾਂ ਹੋਰ ਵੀ ਪਿੱਛੇ ਰਹਿ ਗਏ ਹਨ। ਇਕ ਅਨੁਮਾਨ ਅਨੁਸਾਰ ਕਿਸਾਨ ਖੇਤੀ ਛੱਡ ਕੇ ਹੋਰ ਕਿੱਤਿਆਂ ਵੱਲ ਜਾਣ ਵਾਸਤੇ ਮਜਬੂਰ ਹਨ। ਇਹ ਵੀ ਅਨੁਮਾਨ ਲਗਾਏ ਜਾ ਰਹੇ ਹਨ ਕਿ ਪੌਣ-ਪਾਣੀ ਦੀ ਤਬਦੀਲੀ ਤੇ ਭੂਗੋਲਿਕ ਗਰਮੀ ਵਧਣ ਨਾਲ ਛੋਟੀ ਕਿਸਾਨੀ ਦੀਆਂ ਸਮੱਸਿਆਵਾਂ ਹੋਰ ਵੀ ਜ਼ਿਆਦਾ ਹੋ ਜਾਣਗੀਆਂ।

ਅਸਲ ਵਿਚ, ਇਹ ਘੱਟ ਸਾਧਨਾਂ ਵਾਲੇ ਛੋਟੇ ਕਿਸਾਨ ਆਧੁਨਿਕ ਖੇਤੀ-ਪ੍ਰਬੰਧਾਂ ਨੂੰ ਨਾ ਅਪਣਾ ਸਕਣ ਕਰਕੇ ਆਪਣੀ ਖੇਤੀ ਨੂੰ ਲਾਹੇਵੰਦ ਉਦਯੋਗ ਦਾ ਰੂਪ ਨਹੀਂ ਦੇ ਸਕੇ। ਹੁਣ ਸਮਾਂ ਹੈ ਜਦੋਂ ਕਿ ਯੋਜਨਾ ਬਣਾਉਣ ਵਾਲੇ ਪੂੰਜੀ-ਪ੍ਰਬੰਧਕ, ਖੇਤੀ ਖੋਜ ਅਤੇ ਵਿਕਾਸ ਦੇ ਮਾਹਰ ਇਨ੍ਹਾਂ ਘੱਟ ਆਮਦਨ ਵਾਲੇ ਕਿਸਾਨਾਂ ਦੀ ਆਰਥਿਕ ਨਿਰਾਸ਼ਤਾ ਤੇ ਇਸ ਦੇ ਨਾਲ ਲਗਦੇ ਸਮਾਜਿਕ ਦਰਦਾਂ ਨੂੰ ਸਮਝ ਕੇ ਛੋਟੀ ਕਿਸਾਨੀ-ਨਿਸਚਤ ਥੋੜ੍ਹੀ ਮਿਆਦ ਅਤੇ ਲੰਮੀ ਮਿਆਦ ਵਾਲੀਆਂ ਸਰਬ ਪੱਖੀ ਕਾਰਜ ਨੀਤੀਆਂ ਲਾਗੂ ਕਰਨ ਤਾਂ ਜੋ ਇਨ੍ਹਾਂ ਕਿਸਾਨਾਂ ਨੂੰ ਸਮਾਜਿਕ ਅਤੇ ਵੱਡੇ ਕਿਸਾਨਾਂ ਦੀ ਬਰਾਬਰੀ ਦੇ ਆਧਾਰ 'ਤੇ ਖੇਤੀ ਉਤਪਾਦਨ ਅਤੇ ਆਮਦਨ ਵਧਾਉਣ ਦੀਆਂ ਆਧੁਨਿਕ ਤਕਨੀਕਾਂ, ਖੇਤੀ ਤੋਂ ਇਲਾਵਾ ਆਮਦਨ ਵਧਾਉਣ ਵਾਸਤੇ ਮੁਲਾਜ਼ਮਤ ਦੇ ਮੌਕੇ ਅਤੇ ਹੋਰ ਲੋੜੀਂਦੇ ਸਾਧਨ ਮੁਹੱਈਆ ਕੀਤੇ ਜਾਣ। ਛੋਟੀ ਕਿਸਾਨੀ – ਨਿਸਚਤ ਯੋਜਨਾਵਾਂ ਬਣਾਉਣ ਤੇ ਲਾਗੂ ਕਰਨ ਵੇਲੇ ਇਨ੍ਹਾਂ ਕਿਸਾਨਾਂ ਦੀ ਸ਼ਮੂਲੀਅਤ ਬਹੁਤ ਜ਼ਰੂਰੀ ਹੋਣੀ ਚਾਹੀਦੀ ਹੈ। ਅਸਲੀ ਲੋੜ ਹੈ ਕਿ ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ ਉਹ ਨੀਤੀਆਂ ਲਾਗੂ ਕਰਨ ਜਿਨ੍ਹਾਂ ਨਾਲ ਇਨ੍ਹਾਂ ਕਿਸਾਨਾਂ ਨੂੰ ਪੂਰੀ ਖੁਰਾਕ ਤੇ ਕੁਝ ਘੱਟੋ-ਘੱਟ ਲੋੜਾਂ ਪੂਰੀਆਂ ਕਰਨ ਵਾਸਤੇ ਆਮਦਨ ਲਗਾਤਾਰ ਯਕੀਨਨ ਮਿਲਦੀ ਰਹੇ।

ਛੋਟੀ ਕਿਸਾਨਾਂ (ਜਿਸ ਵਿਚ ਕਿਸਾਨ, ਫ਼ਸਲਾਂ, ਪਸ਼ੂਧਨ, ਦਰੱਖ਼ਤ ਤੇ ਕਾਮੇ ਇਕ ਦੂਜੇ ਉਤੇ ਨਿਰਭਰ ਰਹਿੰਦੇ ਹਨ) ਦੀਆਂ ਸਮੱਸਿਆਵਾਂ, ਖੇਤੀ ਦੇ ਢੰਗ, ਉਪਲਬਧ ਭੂਮੀ ਤੇ ਪਾਣੀ ਦੇ ਸਾਧਨ, ਉਦਯੋਗੀਕਰਨ ਦੀ ਸੰਭਾਵਨਾ, ਕੁਦਰਤੀ ਮੁਸੀਬਤਾਂ ਦੇ ਹੱਲੇ ਅਤੇ ਹੋਰ ਸਮਾਜਿਕ ਤੇ ਆਰਥਿਕ ਹਾਲਾਤ ਵੱਖਰੇ-ਵੱਖਰੇ ਖੇਤਰਾਂ ਅਤੇ ਸਥਾਨਾਂ ਵਿਚ ਵੱਖ-ਵੱਖ ਹੁੰਦੇ ਹਨ। ਇਸ ਵਾਸਤੇ ਇਨ੍ਹਾਂ ਕਿਸਾਨਾਂ ਦੇ ਆਰਥਿਕ ਸੁਧਾਰ ਦੀਆਂ ਕਾਰਜ ਨੀਤੀਆਂ, ਪੂੰਜੀ ਨਿਵੇਸ਼, ਮੁਲਾਜ਼ਮਤ ਦੇ ਪ੍ਰਬੰਧ ਅਤੇ ਹੋਰ ਸਾਧਨ ਤੇ ਸੇਵਾਵਾਂ ਵੀ ਖੇਤਰ ਅਤੇ ਸਥਾਨ ਨਿਸਚਤ ਹੀ ਹੋਣੀਆਂ ਚਾਹੀਦੀਆਂ ਹਨ।

ਇਨ੍ਹਾਂ ਪਿਛੜ ਗਏ ਛੋਟੇ ਕਿਸਾਨਾਂ ਦੀ ਖੇਤੀ ਸਾਧਨ ਤੇ ਉਪਜ ਵਧਾਊ ਤਕਨੀਕਾਂ ਮੁਹੱਈਆ ਕਰਨ ਵਾਲੇ ਸਰਕਾਰੀ ਤੇ ਗ਼ੈਰ ਸਰਕਾਰੀ ਅਦਾਰਿਆਂ ਤਕ ਪਹੁੰਚ ਵਧਾਉਣੀ ਚਾਹੀਦੀ ਹੈ। ਖਾਦਾਂ, ਕੀੜੇ ਮਾਰ ਦਵਾਈਆਂ, ਊਰਜਾ (ਡੀਜ਼ਲ, ਬਿਜਲੀ),

ਮਸ਼ੀਨਾਂ ਤੇ ਔਜ਼ਾਰ ਕਾਫੀ ਸਬਸਿਡੀ ਦੇ ਕੇ ਸਹੀ ਵਕਤ 'ਤੇ ਅਤੇ ਸੌਖੇ ਹੀ ਮਿਲਣੇ ਬਹੁਤ ਜ਼ਰੂਰੀ ਹਨ ਤਾਂ ਕਿ ਇਹ ਕੁਸ਼ਲਤਾ ਨਾਲ ਵਰਤੇ ਜਾ ਸਕਣ। ਇਹ ਲੋੜਾਂ ਪੂਰੀਆਂ ਕਰਨ ਵਾਸਤੇ ਇਨ੍ਹਾਂ ਗਰੀਬ ਕਿਸਾਨਾਂ ਨਾਲ (ਵੱਡੇ ਕਿਸਾਨਾਂ ਦੇ ਮੁਕਾਬਲੇ ਵਿਚ) ਵਿਤਕਰੇ ਨਹੀਂ ਹੋਣੇ ਚਾਹੀਦੇ।

ਇਨ੍ਹਾਂ ਮਿਹਨਤੀ ਕਿਸਾਨਾਂ ਨੂੰ ਵੱਧ ਮੁਨਾਫ਼ਾ ਦੇਣ ਵਾਲੀਆਂ ਸਬਜ਼ੀਆਂ, ਫਲ, ਫੁੱਲ, ਮਸ਼ਰੂਮ, ਮੁਰਗੀ ਪਾਲਣ, ਪਸ਼ੂ ਪਾਲਣ ਆਦਿ ਦਾ ਉਤਪਾਦਨ ਕਰਨ ਵਾਸਤੇ ਉਤਸ਼ਾਹਤ ਕਰਨਾ ਚਾਹੀਦਾ ਹੈ। ਕੁਝ ਅਗਾਂਹ ਵਧੂ ਛੋਟੇ ਕਿਸਾਨਾਂ ਤੇ ਪੜ੍ਹੇ-ਲਿਖੇ ਨੌਜਵਾਨਾਂ (ਜਿਨ੍ਹਾਂ ਕੋਲ ਭਾਵੇਂ ਬਹੁਤ ਘੱਟ ਜ਼ਮੀਨ ਹੀ ਹੋਵੇ) ਨੂੰ ਬੇ-ਮੌਸਮੀ ਸਬਜ਼ੀਆਂ (ਜਿਵੇਂ ਕੱਦੂ, ਤਰਾਂ, ਸ਼ਿਮਲਾ ਮਿਰਚਾਂ, ਖੀਰਾ ਆਦਿ) ਘੱਟ ਕੀਮਤ ਵਾਲੇ ਪਲਾਸਟਿਕ ਨੈੱਟ (ਜਾਲ) ਨਾਲ ਢਕੇ ਹੋਏ ਖੇਤਾਂ ਵਿਚ ਉਗਾ ਕੇ ਵੱਧ ਲਾਭ ਲੈਣ ਵਾਸਤੇ ਵੀ ਪ੍ਰੇਰਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਦੀਆਂ ਉੱਚੇ ਲਾਭ ਵਾਲੀਆਂ ਖੇਤੀਆਂ ਵਾਸਤੇ ਕਿਸਾਨ ਨੂੰ ਖ਼ਾਸ ਤਰ੍ਹਾਂ ਦੀ ਸਿਖਲਾਈ, ਸਾਧਨ, ਮਾਲੀ ਸਹਾਇਤਾ (ਸਬਸਿਡੀਆਂ ਜਾਂ ਥੋੜ੍ਹੇ ਵਿਆਜ 'ਤੇ ਕਰਜ਼ੇ) ਤੇ ਸਹੀ ਮੰਡੀਕਰਨ ਦੀਆਂ ਸਹੂਲਤਾਂ ਦੇਣੀਆਂ ਬਹੁਤ ਜ਼ਰੂਰੀ ਹਨ। ਸਬਜ਼ੀਆਂ ਛੇਤੀ ਗਲਣ-ਸੜਨ ਵਾਲੀਆਂ ਹੋਣ ਕਰਕੇ ਇਨ੍ਹਾਂ ਦੀ ਸਹੀ ਸੰਭਾਲ, ਠੰਢੇ ਸਟੋਰ, ਠੰਢੀ ਹਾਲਤ ਵਿਚ ਢੋ-ਢੁਆਈ ਅਤੇ ਲਾਹੇਵੰਦ ਕੀਮਤਾਂ ਨਾਲ ਮੰਡੀਕਰਨ (ਅਰਥਾਤ ਖੇਤ ਤੋਂ ਲੈ ਕੇ ਖਪਤਕਾਰ ਤਕ ਠੰਢੀ-ਕੜੀ) ਵਾਸਤੇ ਸਰਕਾਰੀ ਤੇ ਗ਼ੈਰ ਸਰਕਾਰੀ ਮਾਲੀ ਸਹਾਇਤਾ ਤੇ ਹੋਰ ਸਹੂਲਤਾਂ ਮਿਲਣੀਆਂ ਜ਼ਰੂਰੀ ਹਨ। ਇਸ ਤਰ੍ਹਾਂ ਦੀ ਕਿਸਾਨੀ ਛੋਟੇ ਕਿਸਾਨ ਵਾਸਤੇ ਆਪੋ-ਆਪਣੇ ਰੁਜ਼ਗਾਰ ਦਾ ਜ਼ਰੀਆ ਵੀ ਬਣਦੀ ਹੈ ਤੇ ਇਹ ਉਪਜਾਂ ਉਦਯੋਗਾਂ ਵਾਸਤੇ ਕੱਚੇ ਮਾਲ ਦੀ ਲੋੜ ਵੀ ਪੂਰੀ ਕਰਦੀਆਂ ਹਨ। ਛੋਟੇ ਕਿਸਾਨਾਂ ਦੀਆਂ ਜਥੇ-ਬੰਦੀਆਂ ਸਾਂਝੇ ਤੌਰ ਤੇ ਇਨ੍ਹਾਂ ਉਪਜਾਂ ਵਾਸਤੇ ਸਾਧਨ ਜੁਟਾਉਣ ਤੇ ਮੰਡੀਕਰਨ ਵਾਸਤੇ ਬਹੁਤ ਲਾਭਦਾਇਕ ਹੋ ਸਕਦੀਆਂ ਹਨ।

ਛੋਟੇ ਕਿਸਾਨਾਂ ਤੋਂ ਇਲਾਵਾ, ਆਮਦਨ ਪੈਦਾ ਕਰਨ ਵਾਸਤੇ ਮੁਲਾਜ਼ਮਤ ਦੇ ਹੋਰ ਵਸੀਲੇ ਹੋਣੇ ਬਹੁਤ ਜ਼ਰੂਰੀ ਹਨ ਤਾਂ ਕਿ ਕੁੱਲ ਆਮਦਨ ਇਨ੍ਹਾਂ ਕਿਸਾਨਾਂ ਦੀਆਂ ਲੋੜਾਂ ਪੂਰੀਆਂ ਕਰ ਸਕੇ। ਇਸ ਵਾਸਤੇ ਬਹੁਤ ਛੋਟੇ, ਛੋਟੇ ਅਤੇ ਵੱਡੇ ਪੱਧਰ ਦੇ ਖੇਤੀ ਆਧਾਰਤ ਸਰਕਾਰੀ ਤੇ ਗ਼ੈਰ ਸਰਕਾਰੀ ਉਦਯੋਗਾਂ ਦਾ ਦੇਹਾਤੀ ਇਲਾਕਿਆਂ ਵਿਚ ਵੱਡੇ ਪੱਧਰ ਤੇ ਫੈਲਾਅ ਕੀਤੇ ਜਾਣ ਦੀ ਲੋੜ ਹੈ। ਇਸ ਨਾਲ ਕਈ ਤਰ੍ਹਾਂ ਦੇ ਆਮਦਨ ਵਧਾਊ ਲਾਹੇਵੰਦ ਰੁਜ਼ਗਾਰ ਪੈਦਾ ਕਰਨ ਦੇ ਨਾਲ-ਨਾਲ ਜਿਣਸਾਂ ਦੇ ਉਜਾੜੇ ਵੀ ਘਟਾਏ ਜਾ ਸਕਣਗੇ। ਛੋਟੇ ਕਿਸਾਨ ਖੇਤੀ ਦੀਆਂ ਉਪਜਾਂ ਤੋਂ ਖ਼ਾਸ ਤਰੀਕਿਆਂ ਨਾਲ ਕਈ ਤਰ੍ਹਾਂ ਦੇ ਪ੍ਰਕਿਰਿਆਕ੍ਰਿਤ ਪਦਾਰਥ (ਜੈਮ, ਅਚਾਰ, ਮੁਰੱਬੇ, ਟਮਾਟਰ-ਸਾਸ, ਗੁਲਕੰਦ, ਜੂਸ, ਸੋਇਆ-ਪਨੀਰ, ਫਲਾਂ ਆਦਿ) ਬਣਾ ਕੇ, ਡੱਬਾ-ਬੰਦ ਕਰਕੇ ਅਤੇ ਵੇਚ ਕੇ ਆਪੋ-ਆਪਣੇ ਲਾਹੇਵੰਦ ਰੁਜ਼ਗਾਰ ਦੇ ਅਵਸਰ ਵੀ ਪੈਦਾ ਕਰ ਸਕਦੇ ਹਨ। ਜਿਹੜੇ ਛੋਟੇ ਕਿਸਾਨ ਪਿੰਡ ਵਿਚ ਉਥੋਂ ਦੇ ਉਪਲਬਧ ਸਾਧਨ ਤੇ ਕੱਚੇ ਮਾਲ ਵਰਤਣ ਵਾਲੇ ਉਦਯੋਗ ਸਥਪਤ ਕਰਨ ਜਾਂ ਆਪੋ-ਆਪਣੀ ਮੁਲਾਜ਼ਮਤ ਦੇ ਅਵਸਰ ਪੈਦਾ ਕਰਨ, ਉਨ੍ਹਾਂ ਨੂੰ ਪਹਿਲ ਦੇ ਆਧਾਰ 'ਤੇ ਸਬਸਿਡੀਆਂ ਅਤੇ ਬਹੁਤ ਘੱਟ ਵਿਆਜ ਦੇ ਕਰਜ਼ੇ ਮਿਲਣੇ ਚਾਹੀਦੇ ਹਨ। ਇਨ੍ਹਾਂ ਸਾਰੇ ਕਾਰਜਾਂ ਵਾਸਤੇ ਕਿਸਾਨਾਂ, ਨੌਜਵਾਨਾਂ ਤੇ ਕਾਮਿਆਂ ਦੀ ਲੋੜ ਨਿਸਚਤ ਜੁਗਤਾਂ ਵਾਲੀ ਸਿਖਲਾਈ ਦੇ ਪ੍ਰਬੰਧ ਕਰਨੇ ਖ਼ਾਸ ਤੌਰ ਤੇ ਜ਼ਰੂਰੀ ਹਨ। ਇਸ ਦੇ ਨਾਲ-ਨਾਲ ਮੌਜੂਦਾ ਦੇਹਾਤਾਂ ਵਿਚ ਵਿੱਦਿਆ ਦੇ ਢਾਂਚੇ ਤੇ ਮਿਆਰ ਵਿਚ ਬਹੁਤ ਸੁਧਾਰ ਕਰਕੇ ਇਹ ਜੁਗਤਾਂ ਵਧਾਉਣ ਵਾਲੀ ਵਿੱਦਿਆ ਹੋਣੀ ਚਾਹੀਦੀ ਹੈ ਤਾਂ ਜੋ ਪੇਂਡੂ ਵਿਦਿਆਰਥੀ ਆਪਣੇ ਰੁਜ਼ਗਾਰ ਪੈਦਾ ਕਰਨ ਵਾਸਤੇ ਯਤਨ ਕਰ ਸਕਣ।

ਬੈਂਕਾਂ, ਸਹਿਕਾਰਤਾ ਸੇਵਾਵਾਂ ਤੇ ਹੋਰ ਪੂੰਜੀ ਮੁਹੱਈਆ ਕਰਨ ਵਾਲੀਆਂ ਸੰਸਥਾਵਾਂ ਨੂੰ ਛੋਟੀ ਕਿਸਾਨੀ ਨਿਸਚਤ ਤੇ ਇਸ ਦੇ ਅਨੁਕੂਲ ਖ਼ਾਸ ਤਰ੍ਹਾਂ ਦੀਆਂ ਕਾਰਜ ਨੀਤੀਆਂ ਬਣਾਉਣੀਆਂ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ। ਮਾਲੀ ਸਹਾਇਤਾ ਦਾ ਸਮਾਂ ਖੇਤੀ ਤਕਨੀਕਾਂ ਦੇ ਅਪਣਾਉਣ ਦੇ ਸਮੇਂ ਨਾਲ ਮੇਲ ਖਾਣਾ ਚਾਹੀਦਾ ਹੈ ਅਤੇ ਇਹ ਬਹੁਤ ਸੌਖੀਆਂ ਦਫ਼ਤਰੀ ਕਾਰਵਾਈਆਂ ਨਾਲ ਮਿਲਣੀ ਚਾਹੀਦੀ ਹੈ।

ਛੋਟੇ ਕਿਸਾਨਾਂ ਦੀ ਆਰਥਿਕ ਹਾਲਾਤ ਕਈ ਵਾਰ ਬੇਆਸ ਤੇ ਅਚਾਨਕ ਆਈਆਂ ਕੁਦਰਤੀ ਮੁਸੀਬਤਾਂ ਕਰਕੇ ਬੁਰੀ ਤਰ੍ਹਾਂ ਪ੍ਰਭਾਵਤ ਹੋ ਜਾਂਦੇ ਹਨ। ਜਿਸ ਕਰਕੇ ਉਨ੍ਹਾਂ ਨੂੰ ਨਾ ਸਹੇ ਜਾਣ ਵਾਲਾ ਆਰਥਿਕ ਘਾਟੇ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ। ਇਨ੍ਹਾਂ ਕਿਸਾਨਾਂ ਨੂੰ ਲੋੜੀਂਦੀ ਮਾਲੀ ਸਹਾਇਤਾ ਤੇ ਹੋਰ ਸਹਾਇਤਾ ਦੇਣ ਬਾਰੇ ਕਾਰਜ ਨੀਤੀਆਂ ਤੇ ਸਾਧਨ (ਬੀਜ, ਖਾਦਾਂ ਆਦਿ) ਮੁਸੀਬਤਾਂ ਆਉਣ ਤੋਂ ਪਹਿਲਾਂ ਹੀ ਤਿਆਰ ਹੋਣੇ ਚਾਹੀਦੇ ਹਨ ਤਾਂ ਜੋ ਲੋੜ ਪੈਣ 'ਤੇ ਪ੍ਰਭਾਵਤ ਲੋਕਾਂ ਦੀ ਤੁਰਤ ਮਦਦ ਕਰਕੇ ਇਨ੍ਹਾਂ ਦੇ ਦਰਦ ਘਟਾਏ ਜਾ ਸਕਣ। ਪ੍ਰਭਾਵਤ ਕਿਸਾਨਾਂ ਦੇ ਕਰਜ਼ਿਆਂ ਦੀਆਂ ਕਿਸ਼ਤਾਂ ਤੇ ਵਿਆਜ ਫ਼ਸਲਾਂ ਦੇ ਪੂਰੀ ਤਰ੍ਹਾਂ ਤਬਾਹ ਹੋਣ 'ਤੇ ਮੁਆਫ਼ ਹੋਣੇ ਚਾਹੀਦੇ ਹਨ।

**ਪਿੰਡਾਂ ਦੀਆਂ ਪੰਚਾਇਤਾਂ ਅਤੇ ਛੋਟੇ ਕਿਸਾਨਾਂ ਦੀਆਂ ਜਥੇਬੰਦੀਆਂ ਸਾਂਝੇ ਤੌਰ ਤੇ ਮਿਲ ਕੇ ਇਨ੍ਹਾਂ ਕਿਸਾਨਾਂ ਦੇ ਨੇੜੇ ਦਾ ਸੰਬੰਧ ਖੇਤੀ ਉਤਪਾਦਨ ਤੇ ਆਮਦਨ ਵਧਾਉਣ ਵਾਸਤੇ ਤਕਨੀਕਾਂ, ਮਾਲੀ ਮਦਦ ਦੇਣ ਵਾਲੇ ਅਦਾਰਿਆਂ, ਮੰਡੀਆਂ, ਉਦਯੋਗਾਂ, ਸਿਖਲਾਈ ਦੇਣ ਵਾਲੇ ਅਦਾਰਿਆਂ ਅਤੇ ਹੋਰ ਖੇਤੀ ਵਿਕਾਸ ਦੀਆਂ ਸਕੀਮਾਂ ਨਾਲ ਉਜਾਗਰ ਕਰ ਸਕਦੀਆਂ ਹਨ। ਸਮੂਹਕ ਉਪਰਾਲਿਆਂ ਨਾਲ ਖੇਤੀ ਸਾਧਨਾਂ ਦਾ ਪ੍ਰਬੰਧ, ਸੇਵਾ ਕੇਂਦਰਾਂ ਦੀ ਸਥਾਪਨਾ, ਉਪਜਾਂ ਦਾ ਮੰਡੀਕਰਨ, ਆਮਦਨ ਦੇ ਵਸੀਲੇ ਬਣਾਉਣੇ, ਖੇਤੀ ਬੀਮਾ ਕਰਵਾਉਣਾ, ਖਾਦਾਂ ਤੇ ਦਵਾਈਆਂ ਉਪਲਬਧ ਕਰਨਾ, ਸਮਾਜਿਕ ਤੇ ਆਰਥਿਕ ਸਮਾਨਤਾ ਲਿਆਉਣਾ ਅਤੇ ਹੋਰ ਪੇਂਡੂ ਵਿਕਾਸ ਦੇ ਕਾਰਜ ਸਾਂਝੇ ਤੌਰ ਤੇ ਕਰਕੇ ਖਰਚੇ ਘਟਾਏ ਜਾ ਸਕਦੇ ਹਨ।**

ਖੇਤੀ ਦੇ ਆਧਾਰ 'ਤੇ ਪੰਜਾਬ ਦੇ ਸਰਬ-ਪੱਖੀ ਵਿਕਾਸ ਵਾਸਤੇ ਲੋੜ ਹੈ ਛੋਟੇ ਪੱਧਰ ਦੀ ਕਿਸਾਨੀ ਦੀ, ਮਾਲੀ ਹਾਲਤ ਅਤੇ ਆਧੁਨਿਕ ਤਕਨੀਕਾਂ ਨਾਲ ਸੁਰਜੀਤ ਕਰਨ ਦੀ। ਨੀਤੀਆਂ ਬਣਾਉਣ ਵਾਲੇ, ਖੇਤੀ ਵਿਕਾਸ ਪ੍ਰਬੰਧਕ, ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰੇ ਯਕੀਨੀ ਤੌਰ ਤੇ ਉਨ੍ਹਾਂ ਪ੍ਰਾਜੈਕਟਾਂ ਤੇ ਸਕੀਮਾਂ ਉਪਰ ਜ਼ਿਆਦਾ ਪੂੰਜੀ ਨਿਵੇਸ਼ ਕਰਨ ਜਿਹੜੇ ਛੋਟੇ ਪੱਧਰ ਦੀ ਕਿਸਾਨੀ ਦੀ ਉਪਜ ਅਤੇ ਆਮਦਨ ਵਧਾਉਣ। ਸਰਬ-ਪੱਖੀ ਤੌਰ ਤੇ ਇਨ੍ਹਾਂ ਘੱਟ ਸਾਧਨਾਂ ਵਾਲੇ ਛੋਟੇ ਕਿਸਾਨਾਂ ਦੀ ਸਮਾਜਿਕ ਤੇ ਆਰਥਿਕ ਹਾਲਤ ਸੁਧਾਰਨ ਅਤੇ ਇਨ੍ਹਾਂ ਦੇ ਰੋਸ ਤੇ ਦਰਦ ਘਟਾਉਣ।

***(ਲੇਖਕ ਸੇਵਾ-ਮੁਕਤ ਨਿਰਦੇਸ਼ਕ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਹੈ।)***

# ਭਾਰਤ ਵਿਚ ਖੇਤੀਬਾੜੀ ਤੇ ਸਹਾਇਕ ਧੰਦੇ

ਮਨਧੀਰ ਸਿੰਘ ਦਿਓਲ

ਖੇਤੀਬਾੜੀ ਦਾ ਇਤਿਹਾਸ ਭਾਰਤ ਅੰਦਰ 3000 ਤੋਂ 5000 ਸਾਲ ਪੁਰਾਣਾ ਦੱਸਿਆ ਜਾਂਦਾ ਹੈ। ਖੇਤੀ ਦੇ ਇਸ ਲੰਬੇ ਅਰਸੇ ਦੌਰਾਨ ਕਈ ਬਦਲਾਅ ਆਏ ਹਨ। ਕਦੇ ਮਨੁੱਖ ਖੇਤੀ ਦਾ ਸਾਰਾ ਕੰਮ ਆਪਣੇ ਹੱਥੀਂ ਕਰਦਾ ਸੀ। ਜਿਉਂ-ਜਿਉਂ ਸੋਝੀ ਹੁੰਦੀ ਗਈ ਮਨੁੱਖ ਨੇ ਖੇਤੀ ਲਈ ਔਜ਼ਾਰਾਂ ਦੀ ਕਾਢ ਕੱਢੀ। ਜਿਵੇਂ ਜੀਵਨ ਦੀਆਂ ਰੋਜ਼ਮਰਾ ਦੀਆਂ ਜ਼ਰੂਰਤਾਂ ਲਈ ਆਦਿ ਮਾਨਵ ਸਾਮਾਨ, ਔਜ਼ਾਰ ਵਿਕਸਤ ਕਰਦਾ ਗਿਆ ਉਵੇਂ ਹੀ ਖੇਤੀਬਾੜੀ ਲਈ ਸੰਦਾਂ ਦੀ ਲੋੜ ਮਹਿਸੂਸ ਹੁੰਦੀ ਗਈ। ਪਹਿਲਾਂ ਧਰਤੀ ਦਾ ਸੀਨਾ ਪਾੜਨ ਲਈ ਤਿੱਖੇ ਹਥਿਆਰਾਂ ਦੀ ਵਰਤੋਂ ਸ਼ੁਰੂ ਹੋਈ ਤੇ ਮਨੁੱਖ ਖੁਦ ਹੀ ਖੇਤੀ ਕਰਦੇ ਰਹੇ। ਸਮਾਂ ਪਾ ਕੇ ਮਨੁੱਖ ਨੇ ਜਾਨਵਰਾਂ ਦੇ ਜ਼ੋਰ ਨੂੰ ਖੇਤੀ ਲਈ ਵਰਤਣਾ ਸ਼ੁਰੂ ਕੀਤਾ। ਇਤਿਹਾਸਕਾਰਾਂ ਦਾ ਮਤ ਹੈ ਕਿ ਵੱਖ-ਵੱਖ ਇਲਾਕਿਆਂ ਵਿਚ ਮਿਲਦੇ ਜਾਨਵਰਾਂ ਨੂੰ ਮਨੁੱਖ ਨੇ ਖੇਤੀ ਲਈ ਵਰਤਣਾ ਸ਼ੁਰੂ ਕੀਤਾ। ਇਨ੍ਹਾਂ ਜਾਨਵਰਾਂ ਵਿਚ ਹਾਥੀ, ਯਾਕ, ਊਠ, ਬਲਦ, ਘੋੜਾ, ਝੋਟਾ, ਖੱਚਰ, ਭੇਡਾਂ ਤੇ ਹੋਰ ਜਾਨਵਰਾਂ ਨੂੰ ਸ਼ਾਮਿਲ ਕੀਤਾ ਗਿਆ। ਇਨ੍ਹਾਂ ਜਾਨਵਰਾਂ ਨੂੰ ਕੁਝ-ਕੁਝ ਸਿਖਲਾਈ ਦਿਤੀ ਗਈ ਤੇ ਆਪਣੀ ਲੋੜ ਮੁਤਾਬਕ ਕਿਸਾਨਾਂ ਨੇ ਖੇਤੀ ਸੰਦ ਵਿਕਸਤ ਕੀਤੇ। ਜਿਨ੍ਹਾਂ ਦੀ ਮਦਦ ਨਾਲ ਕਿਸਾਨਾਂ ਨੂੰ ਖੁਦ ਘੱਟ ਮਿਹਨਤ ਕਰਕੇ ਕੰਮ ਛੇਤੀ ਨਿਬੇੜਨ ਦੇ ਨਾਲ-ਨਾਲ ਸੌਖਿਆਂ ਹੀ ਮੁਸ਼ੱਕਤ ਭਰੇ ਕੰਮ ਹੋਣ ਲੱਗੇ।

ਸਾਡੇ ਪੁਰਾਤਨ ਗ੍ਰੰਥ ਤੇ ਪੁਰਾਣਾਂ ਵਿਚ ਵੀ ਖੇਤੀਬਾੜੀ ਦਾ ਜ਼ਿਕਰ ਹੁੰਦਾ ਹੈ। ਸਾਡੇ ਦੇਸ਼ ਅੰਦਰ ਵੱਖ-ਵੱਖ ਇਲਾਕਿਆਂ ਵਿਚ ਭਿੰਨ-ਭਿੰਨ ਤਾਪਮਾਨ ਹੋਣ ਕਰਕੇ ਵਾਯੂਮੰਡਲ ਦੀ ਬਣਤਰ ਅਲੱਗ-ਅਲੱਗ ਹੈ। ਇਸੇ ਕਰਕੇ, ਇਥੇ ਹਿਮਾਲਿਆ ਦੇ ਪਹਾੜਾਂ ਉਪਰ ਬਰਫ਼ ਦੀ ਚਾਦਰ ਵੇਖੀ ਜਾਂਦੀ ਹੈ ਤੇ ਰਾਜਸਥਾਨ ਦੇ ਰੇਤਲੇ ਟਿੱਬਿਆਂ ਉਪਰ ਹਨ੍ਹੇਰੀਆਂ ਚੱਲਦੀਆਂ ਹਨ। ਅਸਮ ਦੀਆਂ ਵਾਦੀਆਂ ਚਾਹ ਪੈਦਾ ਕਰਦੀਆਂ ਹਨ ਤੇ ਦੱਖਣੀ ਭਾਰਤ ਵਿਚਲੇ ਨਾਰੀਅਲ ਦੇ ਦਰੱਖ਼ਤ ਹਵਾ ਵਿਚ ਲਹਿਰਾਉਂਦੇ ਹਨ। ਪੰਜਾਬ, ਹਰਿਆਣਾ ਸਮੇਤ ਉੱਤਰੀ ਭਾਰਤ ਦੇ ਪੱਧਰੇ ਮੈਦਾਨਾਂ ਵਿਚ ਕਣਕ, ਝੋਨਾ, ਬਾਜਰਾ, ਮੱਕੀ, ਸਰ੍ਹੋਂ, ਗਵਾਰ, ਬਰਸੀਮ ਤੇ ਹੋਰ ਫ਼ਸਲਾਂ ਦੀ ਖੇਤੀਬਾੜੀ ਕੀਤੀ ਜਾਂਦੀ ਹੈ। ਇਹ ਖੇਤਰ ਦੁਨੀਆਂ ਦੇ ਸਭ ਤੋਂ ਵੱਧ ਉਪਜਾਊ ਖੇਤਰਾਂ ਵਿਚ ਸ਼ਾਮਿਲ ਹਨ।

ਭਾਰਤੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਖੇਤੀ ਖੇਤਰ ਹੈ ਤੇ ਭਾਰਤ ਦੀ 70 ਪ੍ਰਤਿਸ਼ਤ ਆਬਾਦੀ ਖੇਤੀ ਕਰਨ 'ਚ ਰੁੱਝੀ ਹੋਈ ਹੈ ਯਾਨਿ ਭਾਰਤ ਦੀ ਜਨਸੰਖਿਆ ਦਾ ਵੱਡਾ ਤਬਕਾ ਖੇਤੀ ਉਪਰ ਨਿਰਭਰ ਹੈ। ਇਸ ਲਿਹਾਜ਼ ਨਾਲ ਖੇਤੀਬਾੜੀ ਸਾਡੇ ਲੋਕਾਂ ਲਈ ਅਜੇ ਵੀ ਉਸੇ ਤਰ੍ਹਾਂ ਅਹਿਮ ਸਥਾਨ ਰੱਖਦੀ ਹੈ ਜਿਵੇਂ ਆਦਿ ਮਾਨਵ ਕੁਦਰਤ ਉਪਰ ਨਿਰਭਰ ਰਹਿ ਕੇ ਆਪਣੇ ਪੇਟ ਦੀ ਭੁੱਖ ਮਿਟਾਉਣ ਲਈ ਹੀਲਾ ਕਰਦਾ ਹੁੰਦਾ ਸੀ। ਮਨੁੱਖ ਨੇ ਸਦੀਆਂ ਪਹਿਲਾਂ ਖੇਤੀ, ਜੰਗਲਾਂ, ਨਦੀਆਂ, ਮੈਦਾਨਾਂ, ਪਹਾੜਾਂ ਨੂੰ ਗਾਹਿਆ ਤੇ ਆਪਣੇ ਲਈ ਅਨਾਜ ਪੈਦਾ ਕਰਨ ਦੇ ਤਰੀਕੇ ਲੱਭੇ। ਹਰ ਖਿੱਤੇ ਵਿਚ ਵੱਖ-ਵੱਖ ਪੱਧਰਾਂ 'ਤੇ ਖੇਤੀ ਸ਼ੁਰੂ ਕੀਤੀ ਤੇ ਮੌਸਮੀ ਚੱਕਰਾਂ ਨੂੰ ਸਮਝਦੇ ਹੋਏ ਕੁਦਰਤ ਦੀਆਂ ਨਿਆਮਤਾਂ ਦਾ ਆਨੰਦ ਲੈਣਾ ਸ਼ੁਰੂ ਕੀਤਾ।

ਆਜ਼ਾਦੀ ਤੋਂ ਪਹਿਲਾਂ ਖੇਤੀ ਹੱਥੀਂ ਬਹੁਤਾ ਕਰਕੇ ਕੀਤੀ ਜਾਂਦੀ ਸੀ। ਅੰਗਰੇਜ਼ੀ ਹਕੂਮਤ ਨੇ ਭਾਰਤ ਵਿਚ ਨਹਿਰੀਕਰਨ ਕੀਤਾ ਜਿਸ ਦਾ ਲਾਭ ਇਹ ਹੋਇਆ ਕਿ ਕਿਸਾਨਾਂ ਦੀ ਮੀਂਹ ਜਾਂ ਕੁਦਰਤ ਉਪਰ ਕੁੱਝ ਹੱਦ ਤਕ ਨਿਰਭਰਤਾ ਘਟੀ। ਇਸ ਤੋਂ ਪਹਿਲਾਂ, ਮੁਗਲਾਂ ਤੇ ਬਾਹਰਲੇ ਰਾਜਿਆਂ ਦੀਆਂ ਹਕੂਮਤਾਂ ਦੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਖੇਤੀ ਦੇ ਖੇਤਰ ਵਿਚ ਸਥਾਨਕ ਹਾਲਤਾਂ ਮੁਤਾਬਕ ਸਰਗਰਮੀਆਂ ਰਹੀਆਂ।

ਵੱਖ-ਵੱਖ ਖੇਤਰੀ ਮੌਸਮ ਦੀਆਂ ਤਬਦੀਲੀਆਂ ਦੇ ਕਾਰਨ ਜ਼ਮੀਨ ਦੀ ਬਣਤਰ ਵੀ ਭਿੰਨ ਹੈ ਜਿਸ ਕਰਕੇ ਇਥੇ ਫ਼ਸਲੀ ਭਿੰਨਤਾ ਦੇਖਣ ਨੂੰ ਮਿਲਦੀ ਹੈ। ਭਾਰਤ ਦੇ ਕਿਸਾਨਾਂ ਵਿਚੋਂ ਵੱਡਾ ਵਰਗ ਆਪਣੇ ਗੁਜ਼ਾਰੇ ਲਈ ਅਨਾਜ ਤੇ ਦਾਲਾਂ ਦਾ ਉਤਪਾਦਨ ਕਰਦਾ ਹੈ। ਪੰਜਾਬ, ਹਰਿਆਣ, ਉੱਤਰ ਪ੍ਰਦੇਸ਼, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼ ਦੇ ਅਤੇ ਹੋਰ ਸੂਬਿਆਂ ਦੇ ਕੁੱਝ ਹਿੱਸਿਆਂ ਦੇ ਕਿਸਾਨ ਫ਼ਸਲਾਂ ਵੇਚ ਕੇ ਆਪਣੀ ਜੇਬ ਵੀ ਭਰਦੇ ਹਨ। ਪੰਜਾਬ, ਹਰਿਆਣਾ ਤਾਂ ਕੇਂਦਰੀ ਪੂਲ ਵਿਚ ਅਨਾਜ ਦਾ ਅੱਧੇ ਤੋਂ ਵੱਧ ਹਿੱਸਾ ਪਾਉਂਦੇ ਹਨ। ਇਸੇ ਕਰ ਕੇ ਇਸ ਖਿੱਤੇ ਨੂੰ 'ਦੇਸ਼ ਦਾ ਅੰਨ ਕਟੋਰਾ' ਵੀ ਆਖਦੇ ਹਨ।

ਭਾਰਤ ਅੰਦਰ ਵੱਖ-ਵੱਖ ਰਾਜਾਂ ਵਿਚ ਸਥਾਨਕ ਪ੍ਰਸਥਿਤੀਆਂ ਮੁਤਾਬਕ ਖੇਤੀ ਕੀਤੀ ਜਾਂਦੀ ਹੈ। ਪਹਾੜੀ, ਨੀਮ ਪਹਾੜੀ ਤੇ ਪਠਾਰੀ ਇਲਾਕਿਆਂ ਵਿਚ ਉੱਤਰੀ ਰਾਜਾਂ ਦੇ ਮੁਕਾਬਲੇ ਵੱਖਰੀ ਖੇਤੀ ਕੀਤੀ ਜਾਂਦੀ ਹੈ। ਉੱਤਰੀ ਰਾਜਾਂ ਵਿਚ ਸਾਲ ਅੰਦਰ ਦੋ ਜਾਂ ਤਿੰਨ ਫ਼ਸਲਾਂ ਵੀ ਕਈ ਉੱਦਮੀ ਕਿਸਾਨ ਪ੍ਰਾਪਤ ਕਰ ਲੈਂਦੇ ਹਨ। ਜਦ ਕਿ ਕੁਝ ਰਾਜਾਂ ਵਿਚ ਚਾਹ, ਕਾਫ਼ੀ, ਰਬੜ, ਕੇਲਾ ਤੇ ਮਸਾਲਿਆਂ ਦੀ ਖੇਤੀ ਕੀਤੀ ਜਾਂਦੀ ਹੈ। ਇਨ੍ਹਾਂ ਫ਼ਸਲਾਂ ਦੀ ਖੇਤੀ ਅੰਗਰੇਜ਼ਾਂ ਨੇ ਭਾਰਤ ਅੰਦਰ ਉਦੋਂ ਸ਼ੁਰੂ ਕਰਵਾਈ ਜਦੋਂ ਉਨ੍ਹਾਂ ਦਾ ਗਲਵਾ ਪੂਰੇ ਦੇਸ਼ 'ਤੇ ਸਥਾਪਤ ਹੋ ਚੁੱਕਿਆ ਸੀ।

ਵਿਕਸਤ ਦੇਸ਼ਾਂ ਅਮਰੀਕਾ, ਕੈਨੇਡਾ, ਰੂਸ ਤੇ ਚੀਨ ਆਦਿ ਵਿਚ ਖੇਤੀ ਨੂੰ ਵਪਾਰਕ ਪੱਧਰ 'ਤੇ ਕੀਤਾ ਜਾਂਦਾ ਹੈ ਉਥੇ ਵੱਡੇ ਵਿਕਸਤ ਵਿਸ਼ਾਲ ਮੈਦਾਨਾਂ ਵਿਚ ਮਸ਼ੀਨਾਂ ਦੀ ਮਦਦ ਨਾਲ ਖੇਤੀ

ਕੀਤੀ ਜਾਂਦੀ ਹੈ। ਇਸ ਦੇ ਉਲਟ ਭਾਰਤ ਅੰਦਰ ਸਮੂਹਾਂ ਦੀ ਥਾਂ ਵਿਅਕਤੀਗਤ ਪੱਧਰ 'ਤੇ ਖੇਤੀ ਕੀਤੀ ਜਾਂਦੀ ਹੈ। ਉਪਰੋਕਤ ਦੇਸ਼ਾਂ ਅੰਦਰ ਸਰਕਾਰਾਂ ਕਿਸਾਨਾਂ ਨੂੰ ਬਹੁਤ ਸਬਸਿਡੀਆਂ ਵੀ ਦਿੰਦੀਆਂ ਹਨ ਤੇ ਇਹ ਦੇਸ਼ ਆਪਣਾ ਅੰਨ ਉਤਪਾਦਨ ਆਧੁਨਿਕ ਤਰੀਕਿਆਂ ਨਾਲ ਵਧਾ ਕੇ ਦਰਾਮਦ ਵੀ ਕਰਦੇ ਹਨ। ਭਾਰਤ ਪਿਛਲੇ 4 ਦਹਾਕਿਆਂ ਤੋਂ ਆਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਬਣਿਆ ਹੈ ਤੇ ਕੁਝ ਫ਼ਸਲਾਂ ਦੀ ਬਰਾਮਦ ਵੀ ਕੀਤੀ ਜਾਂਦੀ ਹੈ।

## ਪਸ਼ੂ ਪਾਲਣ

ਮੁੱਢ ਕਦੀਮ ਤੋਂ ਹੀ ਭਾਰਤੀ ਕਿਸਾਨ ਖੇਤੀ ਦੇ ਨਾਲ-ਨਾਲ ਪਸ਼ੂ ਵੀ ਪਾਲਦੇ ਆਏ ਹਨ। ਪਹਿਲਾਂ ਪਸ਼ੂ ਖੇਤੀ ਦੀਆਂ ਲੋੜਾਂ ਪੂਰੀਆਂ ਕਰਨ ਤੇ ਉਨ੍ਹਾਂ ਦੇ ਦੁੱਧ ਨੂੰ ਖਾਣ-ਪੀਣ ਲਈ ਵਰਤਣ ਖਾਤਰ ਪਾਲੇ ਜਾਂਦੇ ਸਨ। ਹੁਣ ਪਸ਼ੂ ਪਾਲਣ ਖੇਤੀਬਾੜੀ ਦਾ ਸਹਾਇਕ ਧੰਦਾ ਬਣ ਚੁੱਕਾ ਹੈ। ਕੁਝ ਰਾਜਾਂ ਅੰਦਰ ਕੁਝ ਜਾਤੀਆਂ ਨੇ ਪਸ਼ੂ ਪਾਲਣ ਦਾ ਧੰਦਾ ਹੀ ਅਪਣਾਇਆ ਹੋਇਆ ਹੈ। ਖੇਤੀਬਾੜੀ ਮਸ਼ੀਨੀਕਰਨ ਹੇਠ ਆ ਜਾਣ ਕਰਕੇ ਪਸ਼ੂਆਂ ਦੀ ਨਿਰਭਰਤਾ ਮਨੁੱਖ ਲਈ ਘਟ ਗਈ ਹੈ ਤੇ ਉਹ ਗਾਵਾਂ, ਮੱਝਾਂ ਨੂੰ ਸਿਰਫ਼ ਡੇਅਰੀ ਫਾਰਮਿੰਗ ਦੇ ਨਜ਼ਰੀਏ ਤੋਂ ਵੀ ਪਾਲਣ ਲੱਗ ਪਿਆ ਹੈ।

## ਮੱਛੀ ਪਾਲਣ

ਕਿਸਾਨ ਹੁਣ ਮੱਛੀ ਪਾਲਣ ਵੱਲ ਵੀ ਰੁਚੀ ਰੱਖਣ ਲੱਗੇ ਹਨ। ਭਾਰਤ ਦੇ ਤਟੀ ਇਲਾਕਿਆਂ ਵਿਚ ਮੱਛੀ ਪਾਲਣਾ ਮੁੱਖ ਧੰਦਾ ਹੈ। ਸਮੁੰਦਰ ਨਾਲ ਲਗਦੇ ਰਾਜਾਂ ਦੇ ਲੋਕਾਂ ਦਾ ਵਧੇਰੇ ਖਾਣਾ ਮੱਛੀ ਹੈ। ਪਰ ਹੁਣ ਮੱਛੀ ਤੋਂ ਬਣੇ ਖਾਣੇ ਸ਼ਹਿਰਾਂ, ਮਹਾਂਨਗਰਾਂ ਵਿਚ ਪ੍ਰਚਲਤ ਹੋ ਚੁੱਕੇ ਹਨ। 'ਪੋਲਟਰੀ' ਵੀ ਕਿਸਾਨਾਂ ਦਾ ਸਹਾਇਕ ਧੰਦਾ ਬਣ ਗਿਆ ਹੈ। ਮਾਸ ਦੀ ਪੂਰਤੀ ਤੇ ਆਂਡਿਆਂ ਦਾ ਉਤਪਾਦਨ ਵਧਾਉਣ ਲਈ ਸਰਕਾਰਾਂ ਲੰਬੇ ਸਮੇਂ ਤੋਂ ਯਤਨਸ਼ੀਲ ਹਨ, ਹਿਮਾਚਲ ਪ੍ਰਦੇਸ਼ ਸਮੇਤ ਹੋਰ ਸੂਬਿਆਂ ਅੰਦਰ ਸੇਬ ਤੇ ਹੋਰ ਫਲਾਂ ਦੀ ਖੇਤੀ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।

ਦੇਸ਼ ਅੰਦਰ ਹਰੀ ਕ੍ਰਾਂਤੀ ਆਉਣ ਨਾਲ ਕਿਸਾਨਾਂ ਦੀ ਕਿਸਮਤ ਬਦਲ ਗਈ ਹੈ। ਹਰੀ ਕ੍ਰਾਂਤੀ ਦੇ ਪ੍ਰਭਾਵ ਹੇਠ ਚੰਗੀਆਂ ਫ਼ਸਲਾਂ ਦੇ ਬੀਜ ਕਿਸਾਨਾਂ ਦੇ ਹੱਥ ਪੁੱਜੇ। ਕਿਸਾਨਾਂ ਨੂੰ ਸਿੰਜਾਈ ਸਹੂਲਤਾਂ ਦਾ ਲਾਭ ਮਿਲਿਆ ਤੇ ਉਨ੍ਹਾਂ ਦੀ ਕੁਦਰਤ ਉਪਰ ਨਿਰਭਰਤਾ ਘਟੀ। ਮੌਨਸੂਨ ਉਪਰ ਨਿਰਭਰ ਰਹਿਣ ਦੀ ਥਾਂ ਨਹਿਰਾਂ ਦੇ ਪਾਣੀ, ਟਿਊਬਵੈੱਲਾਂ ਨਾਲ ਸਿੰਜਾਈ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਲਾਭ ਹੋਇਆ ਤੇ ਦੇਸ਼ ਦੇ ਅੰਨ ਭੰਡਾਰ ਵਿਚ ਵਾਧਾ ਹੋਇਆ।

ਹਰੀ ਕ੍ਰਾਂਤੀ ਦੇ ਉਤਸ਼ਾਹਜਨਕ ਨਤੀਜਿਆਂ ਤੋਂ ਅੱਗੇ ਵੱਧਦੇ ਹੋਏ ਦੇਸ਼ ਅੰਦਰ 'ਚਿੱਟੀ ਕ੍ਰਾਂਤੀ' ਦਾ ਆਗਾਜ਼ ਹੋਇਆ। ਕਿਸਾਨਾਂ ਨੇ ਖੇਤੀ ਦੇ ਸਹਾਇਕ ਧੰਦੇ ਨੂੰ ਅਪਣਾ ਕੇ ਇਸ ਚਿੱਟੀ ਕ੍ਰਾਂਤੀ ਦਾ ਸੁਪਨਾ ਸਾਕਾਰ ਕੀਤਾ। ਕੇਂਦਰ ਸਰਕਾਰ ਵਲੋਂ ਦੁੱਧ ਉਤਪਾਦਨ ਨੂੰ ਵਧਾਉਣ ਲਈ ਕਾਰਗਰ ਕਦਮ ਪੁੱਟੇ ਗਏ। ਨਵਾਂ ਤਕਨੀਕੀ ਗਿਆਨ ਕਿਸਾਨਾਂ ਨੂੰ ਮੁਹੱਈਆ ਕਰਵਾਇਆ ਗਿਆ। ਵੱਧ ਦੁੱਧ ਦੇਣ ਵਾਲੀਆਂ ਪਸ਼ੂਆਂ ਦੀਆਂ ਨਸਲਾਂ ਤਿਆਰ ਕੀਤੀਆਂ ਗਈਆਂ। ਯੂਰਪੀ ਦੇਸ਼ਾਂ ਦੇ ਪ੍ਰਯੋਗ ਤੋਂ ਸੇਧ ਲਈ ਗਈ ਤੇ ਅਜਿਹੇ ਹਾਲਾਤ ਤਿਆਰ ਕੀਤੇ ਗਏ ਕਿ ਕਿਸਾਨ ਚਿੱਟੀ ਕ੍ਰਾਂਤੀ ਵਲ ਪ੍ਰੇਰਤ ਹੋਣ। ਦੁੱਧ ਕਿਉਂਕਿ ਛੇਤੀ ਖਰਾਬ ਹੋਣ ਵਾਲੀ ਵਸਤੂ ਹੈ, ਇਸ ਲਈ ਦੁੱਧ ਦੀ ਸੰਭਾਲ ਦੀਆਂ ਪੱਛਮੀ ਤਕਨੀਕਾਂ ਨੂੰ ਦੇਸ਼ ਅੰਦਰ ਲਿਆਂਦਾ ਗਿਆ। ਦੁੱਧ ਆਧਾਰਤ ਸੱਨਅਤਾਂ ਲਾਈਆਂ ਗਈਆਂ ਤੇ ਦੁੱਧ ਦੇ ਪਲਾਂਟਾਂ ਦਾ ਜਾਲ ਵਿਛਾਇਆ ਗਿਆ।

## ਆਜ਼ਾਦੀ ਮਗਰੋਂ

1947 ਪਿੱਛੋਂ ਰਾਸ਼ਟਰੀ ਪੱਧਰ 'ਤੇ ਤਰੱਕੀ ਹੋਈ ਤੇ ਦੁਨੀਆਂ ਵਿਚ ਆਈ ਉਦਯੋਗਿਕ ਤਰੱਕੀ ਦਾ ਅਸਰ ਖੇਤੀ ਖੇਤਰ ਵਿਚ ਹੋਇਆ। ਬਲਦਾਂ ਦੀ ਥਾਂ ਟਰੈਕਟਰਾਂ ਨੇ ਲੈ ਲਈ। ਟਰੈਕਟਰ ਨਾਲ ਫ਼ਸਲਾਂ ਬੀਜਣ, ਵੱਢਣ, ਢੋਣ ਦਾ ਕੰਮ ਲਿਆ ਜਾਣ ਲੱਗਾ। ਕੰਬਾਈਨ ਹਾਰਵੈਸਟਰ ਦੇ ਆਉਣ ਨਾਲ ਕਣਕ, ਝੋਨੇ ਦੀ ਕਟਾਈ ਬਹੁਤ ਸੌਖੀ ਹੋ ਗਈ। ਇਸੇ ਤਰ੍ਹਾਂ ਥਰੈਸ਼ਰ ਨੇ ਪਹਿਲਾਂ ਕਿਸਾਨਾਂ ਦੇ ਕਣਕ ਦੇ ਪਿੜਾਂ ਵਿਚ ਧੂੜਾਂ ਪੁੱਟ ਦਿਤੀਆਂ ਸਨ ਤੇ ਕਿਸਾਨ ਜੋ ਕੰਮ ਹਫ਼ਤਿਆਂ ਵਿਚ ਕਰਦੇ ਹਨ ਉਹ ਕੁਝ ਘੰਟਿਆਂ/ਦਿਨਾਂ ਦਾ ਰਹਿ ਗਿਆ ਸੀ। ਕੰਬਾਈਨ ਦੇ ਪ੍ਰਚੱਲਤ ਹੋਣ ਨਾਲ ਇਹ ਹੋਰ ਵੀ ਸੌਖਾ ਹੋ ਗਿਆ।

ਹੋਰ ਫ਼ਸਲਾਂ ਜਿਵੇਂ ਆਲੂ ਬੀਜਣ ਪੁੱਟਣ, ਮੂੰਗਫਲੀ ਬੀਜਣ ਪੁੱਟਣ, ਕਣਕ/ਝੋਨਾ ਬੀਜਣ ਤੋਂ ਇਲਾਵਾ ਮੱਕੀ ਦੀਆਂ ਛੱਲੀਆਂ ਛੁਲਕਣ ਅਤੇ ਵੱਖ-ਵੱਖ ਫ਼ਸਲਾਂ ਦੀ ਸਾਂਭ-ਸੰਭਾਲ ਲਈ ਮਸ਼ੀਨਰੀ ਤਿਆਰ ਹੋਣ ਨਾਲ ਕਿਸਾਨਾਂ ਨੂੰ ਬਹੁਤ ਲਾਭ ਹੋਇਆ ਤੇ ਉਹ ਆਪਣੇ ਸਮੇਂ ਦੀ ਸਹੀ ਵਰਤੋਂ ਕਰਨ ਲੱਗੇ। ਸੰਦਾਂ ਦੀਆਂ ਨਵੀਆਂ ਤਕਨੀਕਾਂ ਨਾਲ ਖੇਤੀ ਤੇ ਖੇਤਾਂ ਨੂੰ ਤਿਆਰ ਕਰਨ ਦੀ ਸੌਖ ਹੋਣ ਲੱਗੀ। ਹੁਣ ਤਾਂ ਖੇਤੀ ਸੰਦਾਂ ਵਿਚ 'ਲੇਜ਼ਰ' ਤਕਨੀਕ ਦੀ ਵਰਤੋਂ ਵੀ ਖ਼ੂਬ ਹੋਣ ਲੱਗੀ ਹੈ।

ਕੇਂਦਰ ਸਰਕਾਰ ਦੇ ਵੱਖ-ਵੱਖ ਅਦਾਰੇ, ਸਹਿਕਾਰੀ ਸਭਾਵਾਂ ਕਿਸਾਨਾਂ ਨੂੰ ਹਰ ਪੱਧਰ 'ਤੇ ਮਾਰਗ ਦਰਸ਼ਨ ਕਰ ਰਹੀਆਂ ਹਨ ਤੇ ਸਮੇਂ ਦੇ ਹਾਣ ਦੇ ਬਣਾਉਣ ਲਈ ਕਿਸਾਨਾਂ ਨੂੰ ਪੜਾਅ ਵਾਰ ਸਿਖਲਾਈ ਦਿਤੀ ਜਾ ਰਹੀ ਹੈ।

ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰੀਸਰਚ ਵਲੋਂ ਭਾਰਤੀ ਕਿਸਾਨਾਂ ਨੂੰ ਕਦਮ-ਕਦਮ 'ਤੇ ਰਾਹ ਦਿਖਾਇਆ ਜਾਂਦਾ ਹੈ। ਦੇਸ਼ ਅੰਦਰ 4 ਡੀਮਡ ਯੂਨੀਵਰਸਿਟੀਆਂ, ਭਾਰਤੀ ਖੇਤੀਬਾੜੀ ਖੋਜ ਸੰਸਥਾਨ, ਨਵੀਂ ਦਿੱਲੀ, ਰਾਸ਼ਟਰੀ ਡੇਅਰੀ ਖੋਜ ਸੰਸਥਾਨ, ਕਰਨਾਲ, ਇੰਡੀਅਨ ਵੈਟਰਨਰੀ ਰਿਸਰਚ ਇੰਸਟੀਚਿਊਟ, ਇਜਾਤ ਨਗਰ, ਸੈਂਟਰਲ ਇੰਸਟੀਚਿਊਟ ਆਨ ਫਿਸ਼ਰੀਜ਼ ਐਜੂਕੇਸ਼ਨ ਮੁੰਬਈ ਹਨ। 50 ਇੰਸਟੀਚਿਊਟਸ ਹਨ ਜੋ ਦੇਸ਼ ਦੇ ਵੱਖ-ਵੱਖ ਰਾਜਾਂ ਦੇ ਕਿਸਾਨਾਂ ਨੂੰ ਲਾਭ ਦੇ ਰਹੇ ਹਨ। ਸਤਾਰਾਂ ਰਾਸ਼ਟਰੀ ਖੋਜ ਕੇਂਦਰ ਹਨ ਜੋ ਨਵੀਆਂ ਖੋਜਾਂ ਵਿਚ ਜੁਟੇ ਹੋਏ ਹਨ। ਕਈ ਡਾਇਰੈਕਟੋਰੇਟ, ਪ੍ਰੋਜੈਕਟ ਡਾਇਰੈਕਟੋਰੇਟ ਆਈ ਸੀ ਏ ਆਰ ਤਹਿਤ ਕਾਰਜਸ਼ੀਲ ਹਨ। ਪੰਜਾਬ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੀ ਗਿਣਤੀ 20 ਹੈ ਤੇ ਹਰਿਆਣਾ ਵਿਚ 19 ਕ੍ਰਿਸ਼ੀ ਵਿਗਿਆਨ ਕੇਂਦਰ ਸਰਗਰਮ ਹਨ। ਹਿਮਾਚਲ ਪ੍ਰਦੇਸ਼ ਵਿਚ 12 ਤੇ ਜੰਮੂ-ਕਸ਼ਮੀਰ ਵਿਚ 18 ਵਿਗਿਆਨ ਕੇਂਦਰ ਹਨ। ਇਸੇ ਤਰ੍ਹਾਂ ਹੋਰ ਰਾਜਾਂ ਵਿਚ ਵੀ ਇਹ ਕੇਂਦਰ ਕਿਸਾਨਾਂ ਨੂੰ ਜਾਗਰੂਕ ਕਰ ਰਹੇ ਹਨ। ਆਈ ਸੀ ਏ ਆਰ ਵਲੋਂ ਖੇਤੀਬਾੜੀ ਬਾਰੇ 'ਵੀਜ਼ਨ 2030' ਵੀ ਤਿਆਰ ਕੀਤਾ ਗਿਆ ਹੈ। 2011 ਵਿਚ ਤਿਆਰ ਕੀਤੇ ਗਏ ਇਸ ਵੀਜ਼ਨ ਵਿਚ ਮੌਜੂਦਾ ਦੌਰ ਤੇ ਭਵਿੱਖ ਨੂੰ ਧਿਆਨ ਵਿਚ ਰੱਖਿਆ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ 2050 ਤਕ ਵਿਸ਼ਵ ਦੇ ਅੰਨ ਭੰਡਾਰ ਦੀ ਮੰਗ ਵਿਚ ਲਗਭਗ ਦੁੱਗਣਾ ਵਾਧਾ ਹੋ ਜਾਵੇਗਾ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :deolmandhir@gmail.com*

# ਪੰਜਾਬ ਦੀ ਖੇਤੀ ਦੀਆਂ ਪ੍ਰਾਪਤੀਆਂ, ਔਕੜਾਂ ਤੇ ਭਵਿੱਖ

ਰਣਜੀਤ ਸਿੰਘ

ਪੰਜਾਬੀਆਂ ਨੂੰ ਸੰਸਾਰ ਦੇ ਸਭ ਤੋਂ ਵਧੀਆ ਕਿਸਾਨ ਮੰਨਿਆ ਜਾਂਦਾ ਹੈ। ਪੰਜਾਬ ਵਿਚ ਖੇਤੀ ਨੂੰ ਸਭ ਤੋਂ ਉੱਤਮ ਮੰਨਿਆ ਜਾਂਦਾ ਹੈ। ਇਥੇ ਹੀ ਕਿਸਾਨ ਭਾਈਚਾਰੇ ਦੀ ਸਰਦਾਰੀ ਹੈ ਤੇ ਰਾਜਭਾਗ ਦਾ ਕੰਮ ਵੀ ਬਹੁਤਾ ਉਨ੍ਹਾਂ ਦੇ ਹੱਥ ਹੈ।

ਪੰਜਾਬੀ ਕਿਸਾਨ ਨੇ ਜਿਥੇ ਵੀ ਜਾ ਕੇ ਹਲ ਜੋਤਿਆ ਧਰਤੀ ਨੂੰ ਗੁਲਜ਼ਾਰ ਬਣਾ ਦਿਤਾ। ਪਿਛਲੀ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨਾਂ ਨੇ ਪੱਛਮੀ ਪੰਜਾਬ ਦੀਆਂ ਬਾਰਾਂ ਨੂੰ ਆਬਾਦ ਕੀਤਾ ਅਤੇ ਆਪਣੀ ਮਿਹਨਤ ਨਾਲ ਲਾਇਲਪੁਰ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਣਾ ਦਿਤਾ। ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਵਿਚ ਘਣੇ ਜੰਗਲਾਂ ਨੂੰ ਪੁੱਟ, ਸੱਪਾਂ ਦੀਆਂ ਸਿਰੀਆਂ ਮਿੱਧ, ਦੇਸ਼ ਦਾ ਸਭ ਤੋਂ ਉਪਜਾਊ ਇਲਾਕਾ ਬਣਾਉਣ ਵਾਲੇ ਵੀ ਪੰਜਾਬੀ ਕਿਸਾਨ ਸਨ। ਇਨ੍ਹਾਂ ਰਾਜਸਥਾਨ ਦੇ ਰੇਗਿਸਤਾਨ ਨੂੰ ਲਹਿਲਹਾਉਂਦੇ ਖੇਤਾਂ ਵਿਚ ਬਦਲਿਆ। ਦੇਸ਼ ਅੰਦਰ ਤੇ ਵਿਦੇਸ਼ਾਂ ਵਿਚ ਜਿਥੇ ਜਾ ਕੇ ਪੰਜਾਬੀਆਂ ਨੇ ਖੇਤੀ ਆਰੰਭੀ, ਫ਼ਤਹਿ ਪ੍ਰਾਪਤ ਕੀਤੀ। ਵਿਦੇਸ਼ਾਂ ਵਿਚ ਅਫਰੀਕਾ, ਅਮਰੀਕਾ, ਲਾਤੀਨੀ ਅਮਰੀਕਾ ਆਦਿ ਹਰ ਥਾਂ ਵਧੀਆ ਕਿਸਾਨ ਪੰਜਾਬੀ ਹਨ।

## ਆਜ਼ਾਦੀ ਮਗਰੋਂ ਖੇਤੀ

ਆਜ਼ਾਦੀ ਪਿਛੋਂ ਜਿਸ ਤੇਜ਼ੀ ਨਾਲ ਪੰਜਾਬ ਵਿਚ ਖੇਤੀ ਦਾ ਵਿਕਾਸ ਹੋਇਆ ਉਹ ਲਾਮਿਸਾਲ ਹੈ। ਇਹ ਮੰਨਿਆ ਜਾਂਦਾ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਇਸ ਤੋਂ ਪਹਿਲਾਂ ਅਜਿਹਾ ਕਿਰਤ ਦਾ ਚਮਤਕਾਰ ਨਹੀਂ ਹੋਇਆ। ਇਸ ਕਰਕੇ ਇਸ ਵਿਕਾਸ ਨੂੰ ਹਰੀ ਕ੍ਰਾਂਤੀ ਦਾ ਨਾਂ ਦਿਤਾ ਗਿਆ ਹੈ। ਅਜਿਹਾ ਹੋਣ ਵਿਚ ਨਵੀਂ ਤਕਨਾਲੋਜੀ, ਭੂਗੋਲਿਕ ਸਥਿਤੀ, ਸਰਕਾਰ ਅਤੇ ਕਿਸਾਨ ਦਾ ਸਹਿਯੋਗ ਤੇ ਯੋਗਦਾਨ ਹੈ।

ਸੁਤੰਤਰਤਾ ਸੰਗ੍ਰਾਮ ਵਿਚ ਹਿੱਸਾ ਲੈਣ ਵਾਲੇ ਦੇਸ਼ ਭਗਤਾਂ ਦੀ ਬਹੁ-ਗਿਣਤੀ ਕਿਸਾਨ ਪਰਿਵਾਰਾਂ ਵਿਚੋਂ ਹੀ ਹੈ। ਪੰਜਾਬ ਦੇ ਕਿਸਾਨਾਂ ਨੇ ਆਜ਼ਾਦੀ ਦੇ ਸੰਘਰਸ਼ ਵਿਚ ਅਗਾਂਹ ਹੋ ਕੇ ਯੋਗਦਾਨ ਪਾਇਆ। ਸ਼ਹੀਦ ਹੋਣ ਵਾਲੇ, ਜੇਲ੍ਹ ਜਾਣ ਵਾਲੇ ਅਤੇ ਹੋਰ ਤਸੀਹੇ ਸਹਿਣ ਵਾਲਿਆਂ ਦੀ ਗਿਣਤੀ (78 ਪ੍ਰਤਿਸ਼ਤ) ਵਿਚ ਪੰਜਾਬ ਸਭ ਤੋਂ ਅੱਗੇ ਹੈ। ਜਿੰਨੇ ਸ਼ਹੀਦ ਪੰਜਾਬੀ ਕਿਸਾਨਾਂ ਦੇ ਪੁੱਤ ਹੋਏ ਉਨੀ ਗਿਣਤੀ ਸ਼ਾਇਦ ਦੇਸ਼ ਦੇ ਬਾਕੀ ਸਾਰਿਆਂ ਸੂਬਿਆਂ ਨੂੰ ਰਲਾ ਕੇ ਵੀ ਨਹੀਂ ਬਣਦੀ।

ਆਜ਼ਾਦੀ ਉਪਰੰਤ ਪੰਜਾਬ ਦੇ ਦੋ ਟੋਟੇ ਕਰ ਦਿਤੇ ਗਏ। ਉਸ ਸਮੇਂ ਪੰਜਾਬ ਦਾ 62 ਪ੍ਰਤਿਸ਼ਤ ਵਿਸ਼ੇਸ਼ ਕਰਕੇ ਉਹ ਇਲਾਕਾ ਜਿਸ ਨੂੰ ਕੁਝ ਸਾਲ ਪਹਿਲਾਂ ਹੀ ਨਹਿਰਾਂ ਦੇ ਆਗਮਨ ਉਤੇ ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਰੇਗਿਸਤਾਨ ਤੋਂ ਲਹਿਲਾਂਦੇ ਖੇਤਾਂ ਵਿਚ ਬਦਲਿਆ ਸੀ, ਪਾਕਿਸਤਾਨ ਵਿਚ ਰਹਿ ਗਿਆ। ਸੱਠ ਲੱਖ ਲੋਕ 6700000 ਏਕੜ ਜ਼ਮੀਨ ਛੱਡ ਕੇ ਭਾਰਤ ਆਏ, ਜਦ ਕਿ ਇਧਰੋਂ 65 ਲੱਖ ਲੋਕ ਪਾਕਿਸਤਾਨ ਗਏ ਜਿਹੜੇ ਕਿ ਆਪਣੇ ਪਿਛੇ 4700000 ਏਕੜ ਜ਼ਮੀਨ ਛੱਡ ਕੇ ਗਏ।

ਉਪਰੰਤ ਤਿੰਨ ਕੁ ਸਾਲਾਂ ਵਿਚ ਹੀ ਬਹੁਤ ਸਾਰੇ ਸ਼ਰਨਾਰਥੀਆਂ ਦੀ ਬਹਾਲੀ ਹੋ ਗਈ। ਉਧਰੋਂ ਆਏ ਕਿਸਾਨਾਂ ਕੋਲ ਸਥਾਨਕ ਕਿਸਾਨਾਂ ਤੋਂ ਵੱਧ ਜ਼ਮੀਨਾਂ ਸਨ ਅਤੇ ਸੇਂਜੂ ਖੇਤੀ ਦਾ ਤਜਰਬਾ ਸੀ। ਉਨ੍ਹਾਂ ਨਵੇਂ ਸਿਰਿਉਂ ਡਟ ਕੇ ਕੰਮ ਕਰਨਾ ਸ਼ੁਰੂ ਕੀਤਾ, ਸਰਕਾਰ ਨੇ ਬੀਜ, ਖੂਹ, ਟਿਊਬਵੈੱਲ ਅਤੇ ਖੇਤੀ ਸੰਦਾਂ ਲਈ ਕਰਜ਼ੇ ਦਿਤੇ ਅਤੇ ਪਿੰਡਾਂ ਵਿਚ ਬਿਜਲੀ ਪਹੁੰਚਾਈ। ਹੁਣ ਹਰ ਖੂਹ 'ਤੇ ਬਿਜਲੀ ਨਾਲ ਚੱਲਣ ਵਾਲੀਆਂ ਬੰਬੀਆਂ ਲੱਗੀਆਂ ਹੋਈਆਂ ਹਨ। ਇਸ ਵੇਲੇ ਪੰਜਾਬ ਵਿਚ 14 ਲੱਖ ਦੇ ਕਰੀਬ ਟਿਊਬਵੈੱਲ ਹਨ ਜਿਹੜੇ ਸਾਰੇ ਦੇਸ਼ ਦਾ ਅੱਠਵਾਂ ਹਿੱਸਾ ਹਨ। ਰਾਜ ਵਿਚ ਬਿਜਲੀ ਦਾ ਤਕਰੀਬਨ 42 ਪ੍ਰਤਿਸ਼ਤ ਖੇਤੀ ਕੰਮਾਂ ਲਈ ਵਰਤਿਆ ਜਾ ਰਿਹਾ ਹੈ।

ਮਸ਼ੀਨੀ ਖੇਤੀ ਨੇ ਵੀ ਸਭ ਤੋਂ ਵੱਧ ਇਸ ਸੂਬੇ ਵਿਚ ਪ੍ਰਗਤੀ ਕੀਤੀ ਹੈ। ਪੰਜਾਬੀ ਕਿਸਾਨਾਂ ਕੋਲ ਇਸ ਵੇਲੇ ਲਗਭਗ ਚਾਰ ਲੱਖ ਤੋਂ ਵੱਧ ਟਰੈਕਟਰ ਹਨ ਜਿਹੜੇ ਸਾਰੇ ਦੇਸ਼ ਦੇ ਟਰੈਕਟਰਾਂ ਦਾ 30 ਪ੍ਰਤਿਸ਼ਤ ਹਨ। ਬਲਦਾਂ ਨਾਲ ਖੇਤੀ ਦੇ ਦਿਨ ਹੁਣ ਪੁੱਗ ਗਏ ਹਨ। ਪੰਜਾਬ ਕੋਲ ਦੇਸ਼ ਦਾ ਕੇਵਲ ਡੇਢ ਪ੍ਰਤਿਸ਼ਤ ਰਕਬਾ ਹੈ ਜਦ ਕਿ ਦੇਸ਼ ਦੇ ਅੰਨ ਭੰਡਾਰ ਵਿਚ ਪੰਜਾਬ 60 ਪ੍ਰਤਿਸ਼ਤ ਕਣਕ ਅਤੇ 40 ਪ੍ਰਤਿਸ਼ਤ ਚੌਲ ਦੇ ਰਿਹਾ ਹੈ। ਇਥੋਂ ਦੇ ਕਿਸਾਨ ਸਾਰੇ ਦੇਸ਼ ਦੀ 22 ਪ੍ਰਤਿਸ਼ਤ ਕਣਕ, 9 ਪ੍ਰਤਿਸ਼ਤ ਚੌਲ, 24 ਪ੍ਰਤਿਸ਼ਤ ਕਪਾਹ, 10 ਪ੍ਰਤਿਸ਼ਤ ਦੁੱਧ, 33 ਪ੍ਰਤਿਸ਼ਤ ਸ਼ਹਿਦ ਅਤੇ 40 ਪ੍ਰਤਿਸ਼ਤ ਖੁੰਬਾਂ ਪੈਦਾ ਕਰਦੇ ਹਨ। ਇਹ ਵਾਧਾ ਕੇਵਲ ਫ਼ਸਲਾਂ ਵਿਚ ਹੀ ਨਹੀਂ ਹੋਇਆ ਸਗੋਂ ਦੂਜੇ ਖੇਤਰਾਂ ਵਿਚ ਵੀ ਉਸੇ ਤੇਜ਼ੀ ਨਾਲ ਹੋਇਆ ਹੈ।

ਆਜ਼ਾਦੀ ਪਿਛੋਂ ਪੰਜਾਬ ਵਿਚ ਕਣਕ ਦੀ ਕੁੱਲ ਪੈਦਾਵਾਰ 10 ਲੱਖ ਟਨ ਸੀ ਜਿਹੜੀ ਵਧ ਕੇ 163 ਲੱਖ ਟਨ ਹੋ ਗਈ ਹੈ। ਇਸੇ ਤਰ੍ਹਾਂ ਝੋਨੇ ਦੀ ਪੈਦਾਵਾਰ ਕੇਵਲ ਇਕ ਲੱਖ ਟਨ ਸੀ ਜਿਹੜੀ ਹੁਣ 105 ਲੱਖ ਟਨ ਹੈ।

ਖੇਤੀ ਵਿਕਾਸ ਦਾ ਸਿਹਰਾ ਨਵੀਂ ਤਕਨਾਲੋਜੀ, ਕਿਸਾਨ ਅਤੇ ਸਰਕਾਰ ਦੇ ਸਿਰ ਹੈ। ਪੰਜਾਬ ਵਿਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ 1962 ਵਿਚ ਸਥਾਪਿਤ ਕੀਤੀ ਗਈ। ਸੂਬੇ ਦੀ ਸਾਰੀ ਖੇਤੀ ਖੋਜ, ਖੇਤੀ ਪੜ੍ਹਾਈ ਅਤੇ ਫਾਰਮ

ਸਲਾਹਕਾਰ ਸੇਵਾ ਦਾ ਜ਼ਿੰਮਾ ਇਸ ਸੰਸਥਾ ਨੂੰ ਦਿਤਾ ਗਿਆ। ਉਦੋਂ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਯਤਨਾਂ ਸਦਕਾ ਇਹ ਸੰਸਾਰ ਦੀ ਵਧੀਆ ਖੇਤੀ ਸੰਸਥਾ ਬਣ ਗਈ।

**ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨੇ ਮਿਹਨਤ ਅਤੇ ਲਗਨ ਨਾਲ ਅਜਿਹੀ ਤਕਨਾਲੋਜੀ ਦਾ ਵਿਕਾਸ ਕੀਤਾ ਜਿਸ ਨਾਲ ਉਪਜ ਵਿਚ ਵਾਧਾ ਹੋ ਸਕਿਆ। ਬਹੁਤੇ ਵਿਗਿਆਨੀ ਆਪ ਪਿੰਡਾਂ ਅਤੇ ਖੇਤੀ ਨਾਲ ਸੰਬੰਧਿਤ ਸਨ, ਇਸ ਕਰਕੇ ਉਹ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਜਾਣੂ ਸਨ। ਉਨ੍ਹਾਂ ਦੀ ਖੋਜ ਨੇ ਕਿਸਾਨਾਂ ਦੀਆਂ ਸਮੱਸਿਆਵਾਂ ਦੇ ਹੱਲ ਲੱਭੇ ਜਿਸ ਸਦਕਾ ਕਿਸਾਨਾਂ ਨੂੰ ਨਵੀਨ ਗਿਆਨ ਉਤੇ ਭਰੋਸਾ ਹੋਇਆ। ਉਨ੍ਹਾਂ ਵਿਚ ਵਿਗਿਆਨਕ ਸੂਝ ਪੈਦਾ ਹੋਈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਇਕ ਅਜਿਹੀ ਸੰਸਥਾ ਹੈ ਜਿਸ ਨੇ ਲੋਕਾਂ ਦੇ ਦਿਲਾਂ ਵਿਚ ਆਪਣੀ ਨਿਵੇਕਲੀ ਥਾਂ ਬਣਾ ਲਈ। ਬਹੁਤ ਘੱਟ ਅਦਾਰਿਆਂ ਨੂੰ ਇਹ ਮਾਣ ਪ੍ਰਾਪਤ ਹੁੰਦਾ ਹੈ। ਪੰਜਾਬ ਵਿਚ ਕੋਈ ਅਜਿਹਾ ਕਿਸਾਨ ਨਹੀਂ ਹੋਵੇਗਾ ਜਿਹੜਾ ਇਸ ਦੀ ਹੋਂਦ ਬਾਰੇ ਨਾ ਜਾਣਦਾ ਹੋਵੇ ਜਾਂ ਉਸ ਨੇ ਇਸ ਦੀ ਕੀਤੀ ਖੋਜ ਦੀ ਕੋਈ ਨਾ ਕੋਈ ਸਿਫ਼ਾਰਸ਼ ਆਪਣੇ ਖੇਤੀਂ ਨਾ ਅਪਣਾਈ ਹੋਵੇ।**

## ਖੇਤੀ ਦੀਆਂ ਮੁਸ਼ਕਿਲਾਂ

ਪੰਜਾਬ ਦੇ ਕਿਸਾਨਾਂ ਨੂੰ ਹਰਾ ਇਨਕਲਾਬ ਸਿਰਜਣ ਲਈ ਵੱਡੀ ਕੀਮਤ ਚੁਕਾਉਣੀ ਪਈ। ਧਰਤੀ ਹੇਠਲਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਚਲਾ ਗਿਆ। ਧਰਤੀ ਬੀਮਾਰ ਹੋ ਗਈ ਹੈ। ਰਸਾਇਣਾਂ ਤੇ ਜ਼ਹਿਰਾਂ ਦੀ ਵਰਤੋਂ ਨੇ ਵਾਤਾਵਰਨ ਪ੍ਰਦੂਸ਼ਤ ਕਰ ਦਿਤਾ ਹੈ ਤੇ ਕੈਂਸਰ ਵਰਗੀਆਂ ਬੀਮਾਰੀਆਂ ਫ਼ੈਲ ਰਹੀਆਂ ਹਨ। ਖੇਤੀ ਲੋੜਾਂ ਅਤੇ ਨਿੱਤ ਵਰਤੋਂ ਦੀਆਂ ਵਸਤਾਂ ਦੀਆਂ ਕੀਮਤਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜਦ ਕਿ ਖੇਤੀ ਜਿਣਸਾਂ ਦੇ ਭਾਅ ਉਸੇ ਤੇਜ਼ੀ ਨਾਲ ਨਹੀਂ ਵਧ ਰਹੇ। ਖੇਤੀ ਉਪਜ ਵਿਚ ਖੜੋਤ ਆ ਗਈ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀਆਂ ਰਵਾਇਤੀ ਫ਼ਸਲਾਂ ਸੰਬੰਧੀ ਖੋਜ ਨੇ ਇਨ੍ਹਾਂ ਦੀ ਉਪਜ ਵਿਚ ਵਾਧਾ ਕਰਨ ਵਿਚ ਕੋਈ ਸਫਲਤਾ ਪ੍ਰਾਪਤ ਨਹੀਂ ਕੀਤੀ। ਖਰਚਿਆਂ ਵਿਚ ਨਿੱਤ ਹੋ ਰਹੇ ਵਾਧੇ ਅਤੇ ਘਟ ਰਹੀ ਆਮਦਨ ਨੇ ਪੰਜਾਬੀ ਕਿਸਾਨ ਨੂੰ ਮੁੜ ਕਰਜ਼ੇ ਦੇ ਜਾਲ ਵਿਚ ਫਸਾ ਦਿਤਾ ਹੈ। ਬਾਹਰੋਂ ਭਾਵੇਂ ਉਸ ਦੀ ਹਾਲਤ ਚੰਗੀ ਜਾਪਦੀ ਹੈ ਪਰ ਅੰਦਰੋਂ ਪਿਛਲੀ ਸਦੀ ਦੇ ਸ਼ੁਰੂ ਵਾਲੀ ਹੋ ਗਈ ਹੈ।

ਕਰਜ਼ੇ ਵਿਚ ਵਾਧੇ ਦਾ ਇਕ ਕਾਰਨ ਵਿਤੋਂ ਵੱਧ ਖਰਚ ਕਰਨਾ ਵੀ ਹੈ। ਇਕ ਅਨੁਮਾਨ ਅਨੁਸਾਰ ਉਹ 1100 ਕਰੋੜ ਰੁਪਏ ਤਾਂ ਹਰ ਸਾਲ ਵਿਆਜ ਦੇ ਰੂਪ ਵਿਚ ਹੀ ਦਿੰਦੇ ਹਨ। ਇਸ ਸਮੇਂ ਪੰਜਾਬ ਵਿਚ ਦੇਸ਼ ਦੇ ਕਿਸੇ ਹੋਰ ਰਾਜ ਦੇ ਮੁਕਾਬਲੇ ਸਭ ਤੋਂ ਵੱਧ ਟਰੈਕਟਰ ਹਨ ਜਦ ਕਿ ਬਹੁਤ ਗਿਣਤੀ ਛੋਟੇ ਕਿਸਾਨਾਂ ਦੀ ਹੈ। ਇਹ ਟਰੈਕਟਰ ਸਾਲ ਵਿਚ ਬਹੁਤਾ ਸਮਾਂ ਵਿਹਲੇ ਹੀ ਰਹਿੰਦੇ ਹਨ ਜਾਂ ਫਿਰ ਸਵਾਰੀ ਲਈ ਵਰਤੇ ਜਾਂਦੇ ਹਨ। ਸਮਾਜਿਕ ਸਮਾਗਮਾਂ ਉਤੇ ਵੀ ਵਿਤੋਂ ਵੱਧ ਖਰਚ ਕੀਤਾ ਜਾ ਰਿਹਾ ਹੈ। ਸ਼ਰਾਬ ਦੀ ਖਪਤ ਪੰਜਾਬ ਵਿਚ ਬਹੁਤ ਜ਼ਿਆਦਾ ਹੁੰਦੀ ਹੈ। ਰਸਾਇਣਕ ਖਾਦਾਂ, ਕੀੜੇਮਾਰ ਜ਼ਹਿਰਾਂ ਅਤੇ ਨਦੀਨ ਨਾਸ਼ਕਾਂ ਦੀ ਵਰਤੋਂ ਵੀ ਪੰਜਾਬ ਵਿਚ ਸਭ ਤੋਂ ਵੱਧ ਹੈ। ਬਹੁਤ ਵਾਰ ਇਨ੍ਹਾਂ ਦੀ ਖਰੀਦ ਉਧਾਰ ਉਤੇ ਹੀ ਹੁੰਦੀ ਹੈ। ਜਦੋਂ ਫ਼ਸਲ ਖਰਾਬ ਹੋ ਜਾਵੇ ਤਾਂ ਇਹ ਉਧਾਰ ਮੋੜਨਾ ਔਖਾ ਹੋ ਜਾਂਦਾ ਹੈ।

ਪੰਜਾਬ ਦੀ ਖੇਤੀ ਇਸ ਸਮੇਂ ਨਾਜ਼ੁਕ ਮੋੜ ਉਤੇ ਖੜ੍ਹੀ ਹੈ। ਇਸ ਨੂੰ ਇਕ ਨਵੀਂ ਸੇਧ ਦੇਣ ਦੀ ਲੋੜ ਹੈ ਜਿਸ ਸਦਕਾ ਇਸ ਨੂੰ ਮੌਜੂਦਾ ਸਮੱਸਿਆਵਾਂ ਦੇ ਘੇਰੇ ਵਿਚੋਂ ਬਾਹਰ ਕੱਢਿਆ ਜਾ ਸਕੇ।

## ਭਵਿੱਖ ਦੀ ਖੇਤੀ

ਉਪਰੋਕਤ ਸਮੱਸਿਆਵਾਂ ਦਾ ਇਹ ਭਾਵ ਨਹੀਂ ਹੈ ਕਿ ਪੰਜਾਬ ਵਿਚ ਖੇਤੀ ਦਾ ਭਵਿੱਖ ਧੁੰਦਲਾ ਹੈ। ਪੰਜਾਬ ਖੇਤੀ ਪ੍ਰਧਾਨ ਰਾਜ ਹੈ। ਜਿਸ ਢੰਗ ਨਾਲ ਪੰਜਾਬੀ ਕਿਸਾਨਾਂ ਨੇ ਪਹਿਲਾਂ ਦੇਸ਼ ਵਿਚੋਂ ਭੁੱਖਮਰੀ ਦੂਰ ਕੀਤੀ ਹੈ, ਉਸੇ ਤਰ੍ਹਾਂ ਉਹ ਹੁਣ ਵੀ ਯੋਗ ਅਗਵਾਈ ਮਿਲਣ ਉਤੇ ਵਿਸ਼ਵ ਮੰਡੀ ਵਿਚ ਪੰਜਾਬ ਦਾ ਨਾਂ ਬਣਾ ਸਕੇਗਾ। ਇੰਜ ਇਕ ਵਾਰ ਫਿਰ ਹਰਾ ਜਾਂ ਸਦਾ ਬਹਾਰ ਇਨਕਲਾਬ ਆਵੇਗਾ।

ਖੇਤੀ ਅਤੇ ਕਿਸਾਨ ਦਾ ਭਵਿੱਖ ਉੱਜਲਾ ਹੈ। ਭਵਿੱਖ ਵਿਚ ਕਿਸਾਨ ਆਪਣੇ ਫਾਰਮ ਉਤੇ ਸਾਫ਼-ਸੁਥਰੇ ਘਰ ਵਿਚ ਰਹੇਗਾ ਜਿਸ ਦਾ ਚੌਗਿਰਦਾ ਫਲਾਂ ਅਤੇ ਫੁੱਲਾਂ ਵਾਲੇ ਰੁੱਖਾਂ ਨਾਲ ਸ਼ਿੰਗਾਰਿਆ ਹੋਵੇਗਾ। ਉਸ ਦੀ ਆਪਣੀ ਨਿੱਜੀ ਬਗ਼ੀਚੀ ਹੋਵੇਗੀ ਜਿਥੇ ਉਸ ਨੂੰ ਤਾਜ਼ੀ ਅਤੇ ਸ਼ੁੱਧ ਸਬਜ਼ੀ ਮਿਲ ਸਕੇਗੀ। ਸੂਰਜ ਉਸ ਦੀ ਰਸੋਈ ਪਕਾਵੇਗਾ ਤੇ ਉਸ ਦੀਆਂ ਕਈ ਹੋਰ ਮਸ਼ੀਨਾਂ ਨੂੰ ਚਲਾਵੇਗਾ। ਉਸ ਦੇ ਫਾਰਮ ਉਤੇ ਵੇਧਰੇ ਦੁੱਧ ਦੇਣ ਵਾਲੀਆਂ ਗਊਆਂ, ਸ਼ਹਿਦ ਦੀਆਂ ਮੱਖੀਆਂ ਅਤੇ ਖੁੰਬਾਂ ਦੇ ਬਕਸੇ ਹੋਣਗੇ। ਪਿੰਡ ਦੇ ਲੋਕਾਂ ਦੀ ਆਪਣੀ ਸੰਸਥਾ ਹੋਵੇਗੀ। ਇਹ ਸੰਸਥਾ ਕਿਸਾਨਾਂ ਦੀ ਉਪਜ ਦੀ ਵਿੱਕਰੀ ਅਤੇ ਉਸ ਦੀਆਂ ਖੇਤੀ ਲੋੜਾਂ ਦੀ ਪੂਰਤੀ ਕਰੇਗੀ। ਇਸ ਸੰਸਥਾ ਕੋਲ ਆਪਣਾ ਨਿੱਕਾ ਕਾਰਖ਼ਾਨਾ ਹੋਵੇਗਾ, ਜਿਸ ਰਾਹੀਂ ਕਿਸਾਨਾਂ ਦੀ ਉਪਜ ਦੀ ਸਾਂਭ ਸੰਭਾਲ ਕੀਤੀ ਜਾਵੇਗੀ। ਕਿਸਾਨ ਦੀ ਉਪਜ ਮੰਡੀ ਵਿਚ ਨਹੀਂ ਰੁਲੇਗੀ ਅਤੇ ਨਾ ਹੀ ਉਸ ਦੇ ਮਾਲ ਦੀ ਬੋਲੀ ਲੱਗੇਗੀ। ਸਗੋਂ ਉਸ ਦੇ ਪਿੰਡ ਦੀ ਸੰਸਥਾ ਉਪਜ ਨੂੰ ਸਾਫ਼ ਸੁਥਰੇ ਢੰਗ ਨਾਲ ਪੈਕਟਾਂ ਵਿਚ ਬੰਦ ਕਰੇਗੀ ਅਤੇ ਵਾਜਬ ਕੀਮਤ ਉਤੇ ਉਪਭੋਗਤਾਵਾਂ ਤਕ ਪਹੁੰਚਾਵੇਗੀ। ਕਿਸਾਨੀ ਜਿਸ ਨੂੰ ਔਖਾ ਧੰਦਾ ਸਮਝਿਆ ਜਾਂਦਾ ਹੈ ਅਤੇ ਜਿਸ ਵਿਚ ਘੱਟ ਆਮਦਨ ਗਿਣੀ ਜਾਂਦੀ ਹੈ, ਉਹ ਮੁੜ ਉੱਤਮ ਧੰਦਾ ਬਣ ਜਾਵੇਗੀ। ਭਵਿੱਖ ਵਿਚ ਅਜਿਹੀਆਂ ਮਸ਼ੀਨਾਂ ਬਣ ਜਾਣਗੀਆਂ ਜਿਨ੍ਹਾਂ ਦਾ ਆਕਾਰ ਛੋਟਾ, ਮੁੱਲ ਘੱਟ ਅਤੇ ਵਰਤੋਂ ਸਰਲ ਹੋਵੇਗੀ, ਉਨ੍ਹਾਂ ਨੂੰ ਚਲਾਉਣ ਲਈ ਮਹਿੰਗੇ ਪੈਟਰੋਲ ਅਤੇ ਡੀਜ਼ਲ ਦੀ ਲੋੜ ਨਹੀਂ ਹੋਵੇਗੀ, ਸਗੋਂ ਊਰਜਾ ਦੇ ਅਜਿਹੇ ਨਵੇਂ ਸੋਮੇ ਲੱਭ ਲਏ ਜਾਣਗੇ, ਜਿਹੜੇ ਸਸਤੇ ਹੋਣਗੇ ਅਤੇ ਵਾਤਾਵਰਨ ਨੂੰ ਦੂਸ਼ਿਤ ਵੀ ਨਹੀਂ ਕਰਨਗੇ। ਸਹਿਕਾਰੀ ਸਭਾ ਦੇ ਦਫ਼ਤਰ ਵਿਚ ਲੱਗੇ ਕੰਪਿਊਟਰ ਦੀ ਸਹਾਇਤਾ ਨਾਲ ਉਸ ਨੂੰ ਦੇਸ਼-ਪ੍ਰਦੇਸ਼ ਦੀਆਂ ਮੰਡੀਆਂ ਦੀਆਂ ਲੋੜਾਂ ਅਤੇ ਕੀਮਤਾਂ ਦਾ ਪਤਾ ਲਗਦਾ ਰਹੇਗਾ। ਪਿੰਡ ਦੇ ਸਾਰੇ ਕਿਸਾਨ ਰਲ ਕੇ ਇਸੇ ਲੋੜ 'ਤੇ ਆਧਾਰਤ ਆਪਣੀ ਫ਼ਸਲ ਯੋਜਨਾ ਉਲੀਕਣਗੇ। ਪਿੰਡਾਂ ਵਿਚ ਅਜਿਹਾ ਸੁਖਾਵਾਂ ਅਤੇ ਸਵੱਛ ਵਾਤਾਵਰਨ ਬਣ ਜਾਵੇਗਾ ਕਿ ਲੋਕ ਪਿੰਡਾਂ ਵੱਲ ਮੂੰਹ ਕਰਨਗੇ। ਕਿਸਾਨ ਸੁੱਚੀ ਕਿਰਤ ਕਰਦਿਆਂ ਹੋਇਆਂ ਸੰਸਾਰ ਦਾ ਅੰਨ ਦਾਤਾ ਬਣਿਆ ਰਹੇਗਾ। ਪੇਂਡੂ

*ਬਾਕੀ ਸਫ਼ਾ 52 ਉੱਤੇ*

# ਵਿਸ਼ਵੀਕਰਨ : ਭਾਰਤੀ ਖੇਤੀ ਦੀਆਂ ਚੁਨੌਤੀਆਂ ਤੇ ਸੰਭਾਵਨਾਵਾਂ

✍ ਅਜ਼ਾਦਵਿੰਦਰ ਸਿੰਘ

## ਭੂਮਿਕਾ

ਪ੍ਰਾਚੀਨ ਕਾਲ ਤੋਂ ਮਨੁੱਖ ਦੀ ਇਹ ਰੁਚੀ ਰਹੀ ਹੈ ਕਿ ਉਹ ਹੋਰ ਮਨੁੱਖਾਂ ਨਾਲ ਆਪਣਾ ਰਾਬਤਾ ਕਾਇਮ ਕਰਨ ਦਾ ਯਤਨ ਕਰਦਾ ਰਿਹਾ ਹੈ। ਜਦੋਂ ਮਨੁੱਖੀ ਕਬੀਲਿਆਂ ਦਾ ਵਿਕਾਸ ਹੋਇਆ ਤਾਂ ਇਕ ਕਬੀਲੇ ਨੇ ਦੂਜੇ ਮਨੁੱਖੀ ਕਬੀਲਿਆਂ ਨਾਲ ਸੰਬੰਧ ਸਥਾਪਤ ਕਰਨੇ ਆਰੰਭ ਕਰ ਦਿਤੇ। ਇਸੇ ਤਰ੍ਹਾਂ ਜਿਵੇਂ-ਜਿਵੇਂ ਮਨੁੱਖੀ ਸਮਾਜ ਵਿਕਸਤ ਹੋਇਆ, ਇਕ ਖਿੱਤੇ ਨੇ ਦੂਜੇ ਖਿੱਤੇ ਨਾਲ ਰਾਬਤਾ ਕਾਇਮ ਕਰਨਾ ਆਰੰਭ ਕੀਤਾ। ਪ੍ਰਾਚੀਨ ਕਾਲ ਵਿਚ ਸੰਚਾਰ ਅਤੇ ਆਵਾਜਾਈ ਦੇ ਸਾਧਨ ਵਿਕਸਤ ਨਹੀਂ ਸਨ ਜਿਸ ਕਾਰਨ ਇਸ ਸੰਪਰਕ ਦੀ ਗਤੀ ਬਹੁਤ ਮੱਧਮ ਸੀ। ਫਿਰ ਵੀ ਮਨੁੱਖ ਦੀ ਇਸ ਰੁਚੀ ਦੇ ਕਾਰਨ ਹੀ ਵੱਖੋ-ਵੱਖਰੇ ਸਭਿਆਚਾਰ ਦਾ ਆਪਸੀ ਮਿਲਵਰਤਨ ਬਣਦਾ ਰਿਹਾ ਹੈ। ਅਨੇਕ ਨਵੇਂ ਦੇਸ਼ਾਂ ਅਤੇ ਸਭਿਅਤਾਵਾਂ ਦੀ ਖੋਜ ਵੀ ਮਨੁੱਖ ਦੀ ਇਸ ਰੁਚੀ ਵਿਚੋਂ ਹੀ ਹੋਈ। ਜਿਵੇਂ-ਜਿਵੇਂ ਸੰਚਾਰ ਅਤੇ ਆਵਾਜਾਈ ਦੇ ਸਾਧਨ ਵਿਕਸਤ ਹੁੰਦੇ ਗਏ, ਮਨੁੱਖਤਾ ਦੇ ਇਸ ਸੰਪਰਕ ਦੀ ਗਤੀ ਤੇਜ਼ ਹੁੰਦੀ ਗਈ। ਇਕ ਦੇਸ਼ ਦੇ ਲੋਕਾਂ ਨੇ ਦੂਜੇ ਦੇਸ਼ ਵਿਚ ਜਾਣਾ ਆਰੰਭ ਕੀਤਾ ਤਾਂ ਇਹ ਉਨ੍ਹਾਂ ਅੰਦਰਲੀ ਵਪਾਰਕ ਸੋਚ ਦਾ ਸੂਚਕ ਸੀ। ਉਦਾਹਰਣ ਵਜੋਂ, ਪੁਰਤਗਾਲੀ, ਡੱਚ, ਅੰਗਰੇਜ਼ ਆਦਿ ਵਰਗੀਆਂ ਕੌਮਾਂ ਨੇ ਜਦੋਂ ਭਾਰਤ ਵਿਚ ਆਉਣਾ ਆਰੰਭ ਕੀਤਾ ਤਾਂ ਇਨ੍ਹਾਂ ਕੌਮਾਂ ਦਾ ਮੁੱਖ ਉਦੇਸ਼ ਵੀ ਵਪਾਰਕ ਹੀ ਸੀ। ਮਨੁੱਖ ਦੀ ਇਸ ਰੁਚੀ ਦਾ ਸਰੂਪ ਸਮੇਂ ਦੇ ਨਾਲ-ਨਾਲ ਬਦਲਦਾ ਰਿਹਾ ਹੈ। ਜੇ ਆਧੁਨਿਕ ਸਮੇਂ ਦੇ ਸੰਦਰਭ ਵਿਚ ਮਨੁੱਖ ਦੀ ਇਸ ਵਪਾਰਕ ਸੋਚ ਨੂੰ ਵਿਚਾਰਿਆ ਜਾਵੇ ਤਾਂ ਇਸ ਨੂੰ ਹੀ ਵਿਸ਼ਵੀਕਰਨ ਦਾ ਨਾਮ ਦਿਤਾ ਜਾ ਸਕਦਾ ਹੈ। ਅਜੋਕਾ ਵਿਸ਼ਵ ਪਹਿਲਾਂ ਦੇ ਮੁਕਾਬਲੇ ਵਧੇਰੇ ਅੰਤਰ-ਨਿਰਭਰ ਹੋ ਗਿਆ ਹੈ। ਜੇ ਭਾਰਤ ਦੇ ਸੰਦਰਭ ਵਿਚ ਗੱਲ ਕੀਤੀ ਜਾਵੇ ਤਾਂ 1990 ਤੋਂ ਬਾਅਦ ਭਾਰਤ ਵਿਚ ਬਹੁਤ ਸਾਰੇ ਨੀਤੀ ਪਰਿਵਰਤਨ ਸਾਹਮਣੇ ਆਏ ਜਿਸ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਪ੍ਰਮੁੱਖ ਹਨ। ਇਸ ਸਮੇਂ ਦੌਰਾਨ ਇਹ ਦਾਅਵਾ ਕੀਤਾ ਗਿਆ ਕਿ ਇਸ ਤਰ੍ਹਾਂ ਦੇ ਨੀਤੀ ਪਰਿਵਰਤਨਾਂ ਨਾਲ ਦੇਸ਼ ਸੰਸਾਰ ਦੇ ਤੇਜ਼ੀ ਭਰੇ ਵਿਕਾਸ ਵਿਚ ਮੁਕਾਬਲੇ ਦੇ ਯੋਗ ਹੋ ਜਾਵੇਗਾ। ਵਿਸ਼ਵੀਕਰਨ ਦਾ ਇਹ ਵਰਤਾਰਾ ਦੇਸ਼ ਦੀ ਅਰਥਵਿਵਸਥਾ ਦੇ ਹਰ ਖੇਤਰ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਜੇ ਵਿਸ਼ਵੀਕਰਨ ਦੇ ਸੰਕਲਪ ਬਾਰੇ ਗੱਲ ਕੀਤੀ ਜਾਵੇ ਤਾਂ ਇਸ ਦਾ ਸ਼ਾਬਦਿਕ ਅਰਥ ਵਿਸ਼ਵ ਨੂੰ ਇਕ ਇਕਾਈ ਬਣਾਉਂਦਾ ਹੈ ਜਿਥੇ ਬਿਨਾਂ ਕਿਸੇ ਰੋਕ-ਟੋਕ ਦੇ ਵਸਤੂਆਂ, ਸੇਵਾਵਾਂ ਅਤੇ ਮਨੁੱਖੀ ਸਾਧਨਾਂ ਦਾ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਆਦਾਨ-ਪ੍ਰਦਾਨ ਹੋ ਸਕੇ। ਇਸ ਵਰਤਾਰੇ ਨੂੰ ਸੰਸਾਰ ਦੇ ਵਿਕਸਤ ਦੇਸ਼ਾਂ ਦੀ ਇਕ ਸੋਚੀ ਸਮਝੀ ਯੋਜਨਾ ਮੰਨਿਆ ਜਾ ਰਿਹਾ ਹੈ। ਇਸ ਪੱਖ ਨੂੰ ਜੇ ਵਿਚਾਰਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੈ। ਵਿਕਸਤ ਦੇਸ਼ਾਂ ਵਿਚ ਪਰਿਵਾਰਕ ਢਾਂਚਾ ਟੁੱਟਣ ਕਾਰਨ ਉਨ੍ਹਾਂ ਦੇਸ਼ਾਂ ਦੀ ਜਨਸੰਖਿਆ ਦਾ ਵਾਧਾ ਰੁਕ ਗਿਆ ਹੈ ਜਾਂ ਕਈ ਵਿਕਸਤ ਦੇਸ਼ਾਂ ਵਿਚ ਉਥੋਂ ਦੇ ਮੂਲ ਨਿਵਾਸੀਆਂ ਦੀ ਜਨ-ਸੰਖਿਆ ਘਟਣੀ ਸ਼ੁਰੂ ਹੋ ਗਈ ਹੈ। ਦੂਜੇ ਪਾਸੇ, ਨਵੀਂ ਤਕਨੀਕ ਵਿਕਸਤ ਹੋਣ ਨਾਲ ਵਸਤੂਆਂ ਦੇ ਉਤਪਾਦਨ ਵਿਚ ਵਾਧਾ ਬੜੀ ਤੇਜ਼ੀ ਨਾਲ ਹੋ ਰਿਹਾ ਹੈ। ਜੇ ਇਸ ਸਥਿਤੀ ਨੂੰ ਅਰਥ-ਸ਼ਾਸਤਰ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਵਸਤੂਆਂ ਦੀ ਮੰਗ ਉਨ੍ਹਾਂ ਦੀ ਪੂਰਤੀ ਦੇ ਮੁਕਾਬਲੇ ਘੱਟ ਹੈ ਜਿਸ ਕਾਰਨ ਮੰਦੇ ਦੀ ਸਥਿਤੀ ਦਾ ਉਤਪੰਨ ਹੋਣਾ ਲਾਜ਼ਮੀ ਹੈ। ਦੂਜੇ ਪਾਸੇ, ਵਿਕਾਸਸ਼ੀਲ ਦੇਸ਼ਾਂ ਵਿਚ ਜਨ-ਸੰਖਿਆ ਬੜੀ ਤੇਜ਼ੀ ਨਾਲ ਵਧ ਰਹੀ ਹੈ ਪਰ ਉਤਪਾਦਨ ਦਾ ਵਾਧਾ ਤੇਜ਼ੀ ਨਾਲ ਨਹੀਂ ਹੋ ਰਿਹਾ ਭਾਵੇਂ ਕਿ ਇਨ੍ਹਾਂ ਦੇਸ਼ਾਂ ਵਿਚ ਵਸਤੂਆਂ ਦੀ ਮੰਗ ਵਧੇਰੇ ਹੈ। 1933 ਦੇ ਆਰਥਿਕ ਮੰਦਵਾੜੇ ਤੋਂ ਬਾਅਦ ਵਿਸ਼ਵ ਪੱਧਰ ਦੀਆਂ ਸੰਸਥਾਵਾਂ ਜਿਵੇਂ ਕਿ ਵਿਸ਼ਵ ਬੈਂਕ, ਅੰਤਰਰਾਸ਼ਟਰੀ ਮਾਲੀ ਫ਼ੰਡ, ਅੰਤਰਰਾਸ਼ਟਰੀ ਵਪਾਰ ਸੰਗਠਨ ਆਦਿ ਨੇ ਆਰਥਿਕ ਸੁਧਾਰਾਂ ਦੇ ਨਾਂ 'ਤੇ ਵਿਸ਼ਵੀਕਰਨ ਦੇ ਵਰਤਾਰੇ ਨੂੰ ਬੜੀ ਤੇਜ਼ੀ ਨਾਲ ਫੈਲਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਵਿਕਾਸਸ਼ੀਲ ਦੇਸ਼ਾਂ ਨੂੰ ਆਪਣੇ ਨਾਲ ਜੋੜ ਕੇ ਵਿਸ਼ਵੀਕਰਨ ਨੂੰ ਪ੍ਰਫੁਲਿਤ ਕੀਤਾ। ਇਸ ਵਰਤਾਰੇ ਦਾ ਛੁਪਿਆ ਹੋਇਆ ਪ੍ਰਮੁੱਖ ਉਦੇਸ਼ ਵਿਕਸਤ ਦੇਸ਼ਾਂ ਦੀ ਪੈਦਾਵਾਰ ਨੂੰ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਦੀਆਂ ਮੰਡੀਆਂ ਵਿਚ ਵੇਚਣਾ ਹੈ।

**ਜਦੋਂ ਭਾਰਤ ਨੇ 1990 ਵਿਚ ਇਸ ਵਰਤਾਰੇ ਨੂੰ ਅਪਨਾਇਆ ਉਸ ਸਮੇਂ ਦੇਸ਼ ਦੀ ਮਾਲੀ ਹਾਲਤ ਚੰਗੀ ਨਹੀਂ ਸੀ। ਕੀਮਤ ਵਾਧਾ ਦਰ ਉਸ ਸਮੇਂ ਲਗਭਗ 17 ਪ੍ਰਤਿਸ਼ਤ ਸੀ ਅਤੇ ਦੇਸ਼ ਦਾ ਅੰਤਰਰਾਸ਼ਟਰੀ ਮੁਦਰਾ ਕੋਸ਼ ਸਿਰਫ਼ ਇਕ ਬਿਲੀਅਨ ਅਮਰੀਕੀ ਡਾਲਰ ਰਹਿ ਗਿਆ ਸੀ। ਸਰਕਾਰ ਨੇ ਬਹੁਤ ਸਾਰੇ ਆਰਥਿਕ ਸੁਧਾਰ ਕਰਕੇ ਇਸ ਵਰਤਾਰੇ ਵਿਚ ਭਾਈਵਾਲੀ ਕੀਤੀ।**

## ਵਿਸ਼ਵੀਕਰਨ ਦੇ ਖੇਤੀ 'ਤੇ ਪ੍ਰਭਾਵ

ਵਿਸ਼ਵੀਕਰਨ ਦੇ ਵਰਤਾਰੇ ਨੇ ਜਿਥੇ ਉਦਯੋਗਿਕ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ ਉਥੇ ਖੇਤੀਬਾੜੀ ਦੇ ਖੇਤਰ ਨੂੰ ਵੀ ਬਹੁ-ਕੋਨਾਂ ਤੋਂ ਪ੍ਰਭਾਵਿਤ ਕੀਤਾ ਹੈ। ਭਾਰਤ ਦੇ ਖੇਤੀ ਖੇਤਰ ਵਿਚ ਵਿਸ਼ਵੀਕਰਨ ਦੇ ਆਗਮਨ ਬਾਰੇ ਦੋ ਤਰ੍ਹਾਂ ਦੀ ਵਿਚਾਰਧਾਰਾ ਸਾਹਮਣੇ ਆਈ ਹੈ। ਕੁਝ ਅਰਥਸ਼ਾਸਤਰੀ ਇਸ ਨੀਤੀ ਨੂੰ ਭਾਰਤ ਦੇ ਖੇਤੀ ਖੇਤਰ ਲਈ ਲਾਭਦਾਇਕ ਮੰਨਦੇ ਹਨ ਅਤੇ ਇਹ ਦਾਅਵਾ ਕਰਦੇ ਹਨ ਕਿ ਇਸ ਨਾਲ ਭਾਰਤ ਦੇ ਖੇਤੀ ਖੇਤਰ ਵਿਚ ਨਵੀਆਂ ਸੰਭਾਵਨਾਵਾਂ ਉਤਪੰਨ ਹੋ ਰਹੀਆਂ ਹਨ ਅਤੇ ਇਸ ਦੀ ਕਾਰਜ-ਕੁਸ਼ਲਤਾ ਵਿਚ ਵਾਧਾ ਸੰਭਵ ਹੈ। ਪਰ ਦੂਜੇ ਪਾਸੇ, ਅਰਥਸ਼ਾਸਤਰੀ ਇਸ ਦਾਅਵੇ ਨੂੰ ਨਕਾਰ ਰਹੇ ਹਨ। ਉਨ੍ਹਾਂ ਅਨੁਸਾਰ ਇਸ ਨੀਤੀ ਦਾ ਭਾਰਤ ਦੇ ਛੋਟੇ ਅਤੇ ਸੀਮਾਂਤ ਕਿਸਾਨਾਂ ਉਪਰ ਬਹੁਤ ਮਾਰੂ ਪ੍ਰਭਾਵ ਪੈ ਰਿਹਾ ਹੈ ਅਤੇ ਇਹ ਕਿਸਾਨ ਇਸ ਕਿੱਤੇ ਨੂੰ ਛੱਡ ਕੇ ਬਾਕੀ ਕਿੱਤਿਆਂ ਵੱਲ ਰੁਚਿਤ ਹੋ ਰਹੇ ਹਨ ਪਰ ਉਥੇ ਵੀ ਉਨ੍ਹਾਂ ਦੀ ਹਾਲਤ ਸੁਧਰਨ ਦੀ ਆਸ ਨਹੀਂ ਹੈ। ਅੱਜ ਲਗਭਗ ਦੋ ਦਹਾਕੇ ਬੀਤ ਜਾਣ ਬਾਅਦ ਵਿਸ਼ਵੀਕਰਨ ਦੇ ਖੇਤੀ ਖੇਤਰ ਉਪਰ ਸਕਾਰਾਤਮਕ ਅਤੇ ਨਕਾਰਾਤਮਕ ਪ੍ਰਭਾਵਾਂ ਨੂੰ ਜੇ ਵਾਚਿਆ ਜਾਵੇ ਤਾਂ ਇਹ ਨਤੀਜਾ ਸਾਹਮਣੇ ਆਉਂਦਾ ਹੈ ਕਿ ਅਜੇ ਤਕ ਇਸ ਦਾ ਭਾਰਤ ਦੀ ਖੇਤੀ ਉਪਰ ਕੋਈ ਬਹੁਤ ਚੰਗਾ ਪ੍ਰਭਾਵ ਵੇਖਣ ਨੂੰ ਨਹੀਂ ਮਿਲਿਆ। 2007-08 ਦੌਰਾਨ ਦੇਸ਼ ਦਾ ਕੁੱਲ ਘਰੇਲੂ ਉਤਪਾਦ 9.7 ਪ੍ਰਤਿਸ਼ਤ ਦੀ ਦਰ ਨਾਲ ਵਧਿਆ ਪਰ ਖੇਤੀ ਖੇਤਰ ਦੀ ਹਾਲਤ ਵਿਚ ਕੋਈ ਸੁਧਾਰ ਹੋਇਆ ਨਜ਼ਰ ਨਹੀਂ ਆਉਂਦਾ। ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ ਖੇਤੀ ਖੇਤਰ ਦਾ ਮਹਿਜ਼ 17 ਪ੍ਰਤਿਸ਼ਤ ਹਿੱਸਾ ਇਸ ਗੱਲ ਦਾ ਪ੍ਰਤੀਕ ਹੈ। ਦੇਸ਼ ਵਿਚ ਭੂਮੀਹੀਣ ਪਰਿਵਾਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਵੱਖ-ਵੱਖ ਰਾਜਾਂ ਵਿਚ ਕਿਸਾਨਾਂ ਦੀਆਂ ਦਰਦਨਾਕ ਘਟਨਾਵਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ ਜਿਸ ਤੋਂ ਵਿਸ਼ਵੀਕਰਨ ਦੀਆਂ ਨੀਤੀਆਂ ਦੇ ਸੰਬੰਧ ਵਿਚ ਜੋ ਦਾਅਵੇ ਕੀਤੇ ਗਏ ਸਨ ਉਹ ਥੋਥੇ ਨਜ਼ਰ ਆਉਣ ਲਗਦੇ ਹਨ। ਇਨ੍ਹਾਂ ਦਾਅਵਿਆਂ ਵਿਚ ਵਿਸ਼ਵੀਕਰਨ ਦੀਆਂ ਨੀਤੀਆਂ ਨੂੰ ਖੇਤੀ ਖੇਤਰ ਵਿਚ ਸਕਾਰਾਤਮਕ ਰੂਪ ਵਿਚ ਪੇਸ਼ ਕੀਤਾ ਗਿਆ ਸੀ ਜੋ ਇਕ ਕੋਰਾ ਭਰਮ ਨਿਕਲਿਆ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਖੇਤੀ ਨਾਲ ਸੰਬੰਧਿਤ ਨਿਰਯਾਤਾਂ ਵਿਚ ਲਗਾਤਾਰ ਵਾਧਾ ਹੋਇਆ ਹੈ ਪਰ ਇਹ ਵੇਖਣਾ ਜ਼ਰੂਰੀ ਹੈ ਕਿ ਇਸ ਵਾਧੇ ਦਾ ਲਾਭ ਕਿਸ ਨੂੰ ਹੋਇਆ? ਜੇ ਇਸ ਨੁਕਤੇ ਨੂੰ ਧਿਆਨ ਨਾਲ ਵਾਚਿਆ ਜਾਵੇ ਤਾਂ ਇਨ੍ਹਾਂ ਨਿਰਯਾਤਾਂ ਦਾ ਲਾਭ ਆਮ ਕਿਸਾਨਾਂ ਦੀ ਥਾਂ ਵੱਡੀਆਂ ਕੰਪਨੀਆਂ ਨੂੰ ਹੋਇਆ ਹੈ। ਕਾਰਗਿਲ ਅਤੇ ਕੋਨਟੀਨੈਂਟਲ ਨਾਂ ਦੀਆਂ ਵੱਡੀਆਂ ਕੰਪਨੀਆਂ ਨੇ ਕਣਕ ਖਰੀਦ ਕੇ ਅੰਤਰਰਾਸ਼ਟਰੀ ਬਾਜ਼ਾਰ ਵਿਚ ਮੁਨਾਫ਼ਾ ਕਮਾਇਆ। ਇਸ ਤੋਂ ਇਹ ਸਾਫ਼ ਨਜ਼ਰ ਆਉਂਦਾ ਹੈ ਕਿ ਆਮ ਕਿਸਾਨ ਨੂੰ ਇਸ ਨੀਤੀ ਨਾਲ ਕੋਈ ਲਾਭ ਨਹੀਂ ਪਹੁੰਚ ਸਕਿਆ। ਵਿਸ਼ਵੀਕਰਨ ਦੇ ਆਉਣ ਨਾਲ ਨਵੀਂ ਤਕਨੀਕ ਦਾ ਆਗਮਨ ਵੀ ਤੇਜ਼ ਹੋ ਗਿਆ ਪਰ ਇਥੇ ਇਹ ਵਿਚਾਰਨਾ ਲਾਜ਼ਮੀ ਹੈ ਕਿ ਇਸ ਤਕਨੀਕ ਨੂੰ ਭਾਰਤ ਦਾ ਗਰੀਬ ਅਤੇ ਛੋਟਾ ਕਿਸਾਨ ਅਪਣਾਉਣ ਦੇ ਯੋਗ ਹੈ ਜਾਂ ਨਹੀਂ। ਸਗੋਂ ਵਿਸ਼ਵੀਕਰਨ ਦੇ ਨਾਂ ਉਪਰ ਸਰਕਾਰ ਨੇ ਖੇਤੀ ਖੇਤਰ ਨੂੰ ਦਿਤੀਆਂ ਜਾਣ ਵਾਲੀਆਂ ਰਿਆਇਤਾਂ ਲਗਾਤਾਰ ਘਟਾਉਣੀਆਂ ਸ਼ੁਰੂ ਕਰ ਦਿਤੀਆਂ ਹਨ। ਸਿਰਫ਼ ਕਿਸਾਨ ਦਾ ਕੁਝ ਹਿੱਸਾ (ਵੱਡੇ ਕਿਸਾਨ) ਇਸ ਨਵੀਂ ਤਕਨੀਕ ਦਾ ਲਾਭ ਲੈ ਸਕਣ ਦੇ ਯੋਗ ਹਨ। ਛੋਟੇ ਕਿਸਾਨਾਂ ਦੀ ਆਰਥਿਕ ਹਾਲਤ ਲਗਾਤਾਰ ਮਾੜੀ ਹੁੰਦੀ ਜਾਂਦੀ ਹੈ।

ਵਿਸ਼ਵੀਕਰਨ ਦੇ ਨਾਂ ਉਪਰ ਭਾਰਤ ਵਿਚ ਭੂਮੀ ਸੁਧਾਰਾਂ ਨੂੰ ਵੀ ਖਤਮ ਕੀਤਾ ਜਾ ਰਿਹਾ ਹੈ ਤਾਂ ਜੋ ਵੱਡੀਆਂ ਕੰਪਨੀਆਂ ਸੁਪਰ-ਫਾਰਮ ਬਣਾ ਸਕਣ ਅਤੇ ਅੰਤਰਰਾਸ਼ਟਰੀ ਪੱਧਰ ਦਾ ਉਤਪਾਦਨ ਪੈਦਾ ਕਰ ਸਕਣ। ਇਸ ਪ੍ਰਕਿਰਿਆ ਦੇ ਨਤੀਜੇ ਛੋਟੀ ਅਤੇ ਸੀਮਾਂਤ ਕਿਸਾਨੀ ਦਾ ਖੇਤੀ ਤੋਂ ਨਿਕਾਲਾ ਹੋ ਰਿਹਾ ਹੈ। ਬਹੁਤਾਤ ਵਿਚ ਇਹ ਵਰਗ ਕਿਸੇ ਹੋਰ ਧੰਦੇ ਵਿਚ ਨਿਪੁੰਨਤਾ ਨਾਲ ਕਾਰਜ ਨਹੀਂ ਕਰ ਸਕਦਾ। ਅਨਪੜ੍ਹਤਾ ਅਤੇ ਗਰੀਬੀ ਇਸ ਵਰਗ ਦੀ ਮੁੱਖ ਕਮਜ਼ੋਰੀ ਹਨ ਜਿਸ ਕਾਰਨ ਇਸ ਵਰਗ ਵਿਚ ਨਾਮੋਸ਼ੀ ਤੇ ਉਦਾਸੀਨਤਾ ਦਾ ਵਾਧਾ ਹੋ ਰਿਹਾ ਹੈ। ਇਸ ਉਦਾਸੀਨਤਾ ਨੇ ਸਮਾਜਿਕ ਅਤੇ ਪਰਿਵਾਰਕ ਤਣਾਅ ਨੂੰ ਜਨਮ ਦਿਤਾ ਹੈ। ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਵਪਾਰਕ ਖੁੱਲ੍ਹਾਂ ਹੋਣ ਕਾਰਨ ਦੇਸ਼ ਵਿਚ ਨਵੀਆਂ ਫ਼ਸਲਾਂ ਦੀ ਪੈਦਾਵਾਰ ਸੰਭਵ ਹੋ ਸਕੇਗੀ।

> **ਭਾਰਤੀ ਖੇਤੀ ਵਿਚ ਫੁੱਲਾਂ, ਫਲਾਂ ਅਤੇ ਸਬਜ਼ੀਆਂ ਦੀ ਖੇਤੀ ਦੀ ਪ੍ਰਤਿਸ਼ਤਤਾ ਵਿਚ ਵਾਧਾ ਹੋ ਰਿਹਾ ਹੈ ਪਰ ਇਸ ਕਾਰਨ ਅਨਾਜੀ ਫ਼ਸਲਾਂ ਹੇਠਲਾ ਰਕਬਾ ਘਟਣਾ ਸ਼ੁਰੂ ਹੋ ਗਿਆ ਹੈ। ਨਤੀਜੇ ਵਜੋਂ, ਅੱਜ ਭਾਰਤ ਅਨਾਜ ਦੇ ਸੰਕਟ ਵਿਚ ਫਿਰ ਵਧਦਾ ਨਜ਼ਰ ਆ ਰਿਹਾ ਹੈ। ਇਸੇ ਕਾਰਨ ਹੀ ਸਰਕਾਰ ਨੂੰ ਭੋਜਨ ਸੁਰੱਖਿਆ ਬਿੱਲ ਲਿਆਉਣ ਦੀ ਜ਼ਰੂਰਤ ਪਈ।**

ਦੂਜੇ ਪਾਸੇ, ਇਹ ਵੀ ਵੇਖਣਾ ਬਣਦਾ ਹੈ ਕਿ ਨਵੀਂ ਤਰ੍ਹਾਂ ਦੀ ਖੇਤੀ ਜਿਸ ਵਿਚ ਸਰਕਾਰ ਦੀ ਕੋਈ ਭਾਗੀਦਾਰੀ ਨਹੀਂ ਹੈ। ਇਹ ਕਿਸਾਨ ਜਾਂ ਤਾਂ ਆਪਣੇ ਪੱਧਰ 'ਤੇ ਅਤੇ ਜਾਂ ਕੁਝ ਕੰਪਨੀਆਂ ਨਾਲ ਕੰਟਰੈਕਟ ਕਰਕੇ ਇਸ ਤਰ੍ਹਾਂ ਦੀਆਂ ਨਵੀਆਂ ਫ਼ਸਲਾਂ ਨੂੰ ਬੀਜ ਰਹੇ ਹਨ ਪਰ ਅਜੇ ਤਕ ਇਨ੍ਹਾਂ ਫ਼ਸਲਾਂ ਦੇ ਉਤਪਾਦਨ ਦਾ ਲਾਭ ਕੰਪਨੀਆਂ ਨੂੰ ਹੁੰਦਾ ਹੀ ਨਜ਼ਰ ਆ ਰਿਹਾ ਹੈ। ਕਿਸਾਨੀ ਤਕ ਇਹ ਲਾਭ ਨਹੀਂ ਪਹੁੰਚ ਰਿਹਾ। ਪੈਪਸੀ ਕੰਪਨੀ ਨੇ ਪੰਜਾਬ ਵਿਚ ਕਿਸਾਨਾਂ ਨਾਲ ਕੰਟਰੈਕਟ ਉਪਰ ਟਮਾਟਰਾਂ ਦੀ ਬਿਜਾਈ ਕਰਵਾਈ ਅਤੇ ਕਿਸਾਨਾਂ ਨੂੰ 75 ਪੈਸੇ ਪ੍ਰਤਿ ਕਿਲੋ ਦੇ ਹਿਸਾਬ ਨਾਲ ਅਦਾਇਗੀ ਦਾ ਕੰਟਰੈਕਟ ਹੋਇਆ ਪਰ ਜਦੋਂ ਫ਼ਸਲ ਬਾਜ਼ਾਰ ਵਿਚ ਆਈ ਤਾਂ ਬਾਜ਼ਾਰ ਦਾ ਭਾਅ 2 ਰੁਪਏ ਪ੍ਰਤਿ ਕਿਲੋ ਸੀ ਜਿਸ 'ਤੇ ਕਿਸਾਨਾਂ ਨੇ ਆਪਣੀ ਫ਼ਸਲ ਬਾਜ਼ਾਰ ਵਿਚ ਵੇਚੀ ਅਤੇ ਕੰਪਨੀ ਨੇ ਆਪਣਾ ਯੂਨਿਟ ਵੇਚ ਦਿਤਾ ਪਰ ਉਲਟ ਸਥਿਤੀ ਵਿਚ ਇਹ ਕੰਪਨੀਆਂ ਕਿਸਾਨਾਂ ਦਾ ਸ਼ੋਸ਼ਣ ਕਰਦੀਆਂ ਹਨ।

ਜੇ ਭਾਰਤ ਦੇ ਖੇਤੀ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਇਹ ਕਹਿਣਾ ਵਾਜਬ ਨਹੀਂ ਹੋਵੇਗਾ ਕਿ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਵਿਸ਼ਵੀਕਰਨ ਹੈ। ਇਹ ਖੇਤਰ ਬਹੁਤ ਸਾਰੀਆਂ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਵਿਸ਼ਵੀਕਰਨ ਦੀਆਂ ਨੀਤੀਆਂ ਇਸ ਦਾ ਇਕ ਕਾਰਨ ਜ਼ਰੂਰ ਹਨ ਪਰ

*ਬਾਕੀ ਸਫ਼ਾ 50 ਉੱਤੇ*

# ਬਾਲ ਕਵੀ ਵਲੋਂ ਬਿਨਾਂ ਤਕਲੀਫ਼ ਚੌਲ ਛੜਨ ਵਾਲੀ ਮਸ਼ੀਨ ਦੀ ਕਾਢ

ਮੁਹੰਮਦ ਸਾਜਿਦ ਅਨਸਾਰੀ

*ਤਮੰਨਾ ਆਪਕੀ ਇਸ ਕਦਰ ਪੂਰੀ ਹੋ ਜਾਏ*
*ਕੇ ਸਪਨੋਂ ਕੀ ਦੁਨੀਆਂ ਹਕ਼ੀਕ਼ਤ ਹੋ ਜਾਏ,*
*ਹੋ ਆਪ ਕਾ ਮੁਕੱਦਰ ਇਤਨਾ ਰੌਸ਼ਨ,*
*ਕੇ ਆਮੀਨ ਸੇ ਪਹਿਲੇ ਹਰ ਦੁਆ*
*ਕਬੂਲ ਹੋ ਜਾਏ।*

ਸਾਜਿਦ (15) ਬਹੁਤ ਹੀ ਸੰਵੇਦਨਸ਼ੀਲ ਅਤੇ ਰਹਿਮਦਿਲ ਬੱਚਾ ਹੈ। ਰੋਜ਼ ਆਪਣੀ ਮਾਂ ਨੂੰ ਚੌਲ ਛੜਦਿਆਂ ਪਰੇਸ਼ਾਨ ਹੁੰਦਿਆਂ ਦੇਖ ਉਸ ਨੇ ਕੋਈ ਉਪਕਰਨ ਤਿਆਰ ਕਰਨ ਬਾਰੇ ਸੋਚਿਆ। ਉਸ ਦੀ ਇਹ ਸਵੈਚਾਲਿਤ ਬਿਜਲਈ ਮਸ਼ੀਨ ਟੁੱਟੇ ਚੌਲਾਂ ਨੂੰ ਅਲੱਗ ਕਰਦੀ ਹੈ ਅਤੇ ਸਾਬਤ ਚੌਲਾਂ ਵਿਚੋਂ ਹੋਰ ਵੰਡ ਨੂੰ ਬਾਹਰ ਕੱਢਦੀ ਹੈ।

## ਔਖਾ ਕਾਰਜ

ਸੋਚ-ਵਿਚਾਰ ਬਹੁਤ ਆਸਾਨ ਸੀ ਪਰ ਇਸ ਨੂੰ ਨੇਪਰੇ ਚਾੜ੍ਹਨਾ ਔਖਾ। ਸਾਜਿਦ ਉਤਸੁਕ ਸੀ ਕਿ ਕਿਸ ਤਰ੍ਹਾਂ ਦੀ ਮਸ਼ੀਨ ਇਹ ਕੰਮ ਕਰ ਸਕਦੀ ਹੈ। ਕੁਝ ਦਿਨਾਂ ਬਾਅਦ ਜਦੋਂ ਉਹ ਇਕ ਆਟਾ ਮਿੱਲ 'ਤੇ ਸੀ ਤਾਂ ਇਹ ਪਲ ਬੜੇ ਖੋਜੀ ਪਲ ਸਨ। ਉਹ ਮਸ਼ੀਨ ਦੀ ਲੈਅਮਈ ਗਤੀ ਤੋਂ ਬਹੁਤ ਪ੍ਰਭਾਵਤ ਹੋਇਆ ਜਿਥੇ ਕਣਕ ਦੇ ਦਾਣੇ ਉਪਰੋਂ ਪਾਏ ਜਾਂਦੇ ਸਨ ਅਤੇ ਹੇਠਾਂ ਉਹ ਆਟੇ ਵਿਚ ਤਬਦੀਲ ਹੋ ਜਾਂਦੇ ਅਤੇ ਆਟੇ ਦਾ ਢੇਰ ਲੱਗ ਜਾਂਦਾ ਸੀ। 'ਆਟਾ ਚੱਕੀ' ਨੂੰ ਦੇਖਦੇ ਹੋਏ ਉਸ ਨੇ ਹੋਰ ਦੂਜੀ ਮਸ਼ੀਨ ਦਾ ਤਸੱਵਰ ਕੀਤਾ ਜਿਥੇ ਉਪਰੋਂ ਚੌਲ ਪਾਏ ਜਾਣ ਅਤੇ ਹੇਠਾਂ ਛੜ ਹੋ ਕੇ ਬਾਹਰ ਆਉਣ।




ਉਸ ਨੇ ਦੱਸਿਆ, ਮੈਂ ਬਹੁਤ ਉਤਸੁਕ ਸੀ ਕਿਉਂਕਿ ਹੁਣ ਮੈਨੂੰ ਪਤਾ ਸੀ ਕਿ ਮੈਂ ਕੀ ਕਰਨਾ ਹੈ। ਪਰ ਮੈਨੂੰ ਯਕੀਨ ਨਹੀਂ ਸੀ ਕਿ ਮੈਂ ਵਿਗਿਆਨ ਬਾਰੇ ਸੀਮਤ ਜਾਣਕਾਰੀ ਨਾਲ ਅਜਿਹੀ ਮਸ਼ੀਨ ਬਣਾ ਸਕਾਂਗਾ ਕਿ ਨਹੀਂ। ਪੈਸੇ ਦੀ ਵੀ ਸਮੱਸਿਆ ਸੀ। ਉਨ੍ਹਾਂ ਦੀ ਆਮਦਨ ਦਾ ਇਕੋ ਇਕ ਸਾਧਨ ਉਸ ਦੇ ਪਿਤਾ ਦੀ ਚਲਦੀ ਫਿਰਦੀ ਦਰਜ਼ੀ ਦੀ ਦੁਕਾਨ ਸੀ ਜੋ ਨਿਸ਼ਚਿਤ ਤੌਰ ਤੇ ਠੇਲ੍ਹੇ 'ਤੇ ਰੱਖੀ ਹੋਈ ਸਿਲਾਈ ਮਸ਼ੀਨ ਸੀ। ਇਹੋ ਹੀ ਪਰਿਵਾਰ ਦਾ ਇਕੋ-ਇਕ ਗੁਜ਼ਾਰਾ ਸੀ। ਪਰਿਵਾਰ ਵਿਚ ਸਾਜਿਦ ਦੀ ਛੋਟੀ ਭੈਣ ਅਤੇ ਮਾਨਸਿਕ ਰੋਗੀ ਵੱਡਾ ਭਰਾ ਸੀ।

## ਚੌਲ ਛੜਨ ਵਾਲੀ ਮਸ਼ੀਨ ਤਿਆਰ ਕਰਨਾ

ਪਰ ਇਹ ਮੁਸ਼ਕਿਲਾਂ ਉਸ ਦਾ ਹੌਸਲਾ ਨਾ ਢਾਹ ਸਕੀਆਂ। ਅਨੁਭਵਹੀਣ ਪਰ ਉਤਸ਼ਾਹ ਨਾਲ ਭਰਪੂਰ, ਉਸ ਨੇ ਚੌਲ ਛੜਨ ਵਾਲੀ ਬਣਾਉਣ ਦੀ ਠਾਣ ਲਈ। ਲਾਗਤ ਘੱਟ ਕਰਨ ਲਈ ਉਸ ਨੇ ਗੁਆਂਢ ਵਿਚਲੀ ਕਬਾੜੀ ਦੀ ਦੁਕਾਨ ਤੋਂ ਵਰਤੇ ਹੋਏ ਹਿੱਸੇ ਚੁੱਕ ਲਏ।

ਸਭ ਤੋਂ ਵੱਡੀ ਚੁਣੌਤੀ ਇਹ ਸੀ ਕਿ ਚੌਲਾਂ ਵਿਚੋਂ ਵੰਡ ਵੱਖ ਕਰਨ ਲਈ ਸਹੀ ਗਤੀ ਨੂੰ ਹਾਸਲ ਕਰਨਾ। ਉਹ ਯਾਦ ਕਰਦਾ ਹੋਇਆ ਕਹਿੰਦਾ ਹੈ, "ਸਭ ਤੋਂ ਪਹਿਲਾਂ ਮੈਂ 12 ਵੋਲਟ ਦੀਆਂ ਚਾਰ ਮੋਟਰਾਂ ਲਈਆਂ ਅਤੇ 220 ਵੋਲਟ ਨਾਲ ਸਿੱਧਾ ਜੋੜ ਦਿਤਾ ਪਰ ਸਾਰੀਆਂ ਮੋਟਰਾਂ ਸੜ ਗਈਆਂ। ਮੈਂ ਮਹਿਸੂਸ ਕੀਤਾ ਕਿ ਬਿਜਲੀ ਸਪਲਾਈ ਲਈ ਇਹ ਬਹੁਤ ਕਮਜ਼ੋਰ ਹਨ। ਇਸ ਲਈ ਅਗਲੀ ਵਾਰੀ ਮੈਂ ਅੱਠ ਮੋਟਰਾਂ ਲਈਆਂ, ਕਾਰਨ ਇਹ ਕਿ ਜੇ ਚਾਰ ਲੋਕ ਭਾਰ ਨਹੀਂ ਉਠਾ ਸਕਦੇ ਤਾਂ ਕਿਉਂ ਨਾ ਅੱਠਾਂ ਦੀ ਵਰਤੋਂ ਕੀਤੀ ਜਾਵੇ।" ਨਿਰਸੰਦੇਹ, ਇਹ ਵੀ ਸੜ ਗਈਆਂ ਅੰਤ 'ਤੇ ਟਰਾਂਸਫਾਰਮਰ ਦੇ ਵਾਧੇ ਨਾਲ ਸਿਸਟਮ ਚਲ ਪਿਆ।

ਕਈ ਪਰਿਵਰਤਨਾਂ ਅਤੇ ਪ੍ਰਯੋਗਾਂ ਤੋਂ ਬਾਅਦ ਚੌਲ ਛੜਨ ਵਾਲੀ ਮਸ਼ੀਨ ਜਾਂਚ ਲਈ ਤਿਆਰ ਸੀ। ਇਹ ਵਰਕਿੰਗ ਮਾਡਲ ਸੀ ਜਿਸ ਵਿਚ ਚੌਲਾਂ ਵਿਚੋਂ ਵੰਡ ਵੱਖ ਕਰਨ ਲਈ ਬਿਜਲੀ ਦੀ ਵਰਤੋਂ ਕੀਤੀ ਜਾਂਦੀ ਸੀ। ਇਹ ਇਕ ਘੰਟੇ ਵਿਚ ਤਿੰਨ ਕਿਲੋ ਚੌਲ ਛੜ ਦਿੰਦੀ ਸੀ। ਆਪਣੀ ਮਾਂ ਨੂੰ ਇਹ ਮਸ਼ੀਨ ਪੇਸ਼ ਕਰਨਾ ਉਸ ਵਾਸਤੇ ਇਕ ਭਾਵੁਕ ਪਲ ਸੀ। ਉਹ ਜ਼ਿਕਰ ਕਰਦਾ ਹੈ, "ਮੇਰੀ ਮਾਂ ਨੂੰ ਉਦੋਂ ਤਕ ਯਕੀਨ ਨਾ ਆਇਆ ਜਦ ਤਕ ਉਸ ਨੇ ਮਸ਼ੀਨ ਨੂੰ ਕੰਮ ਕਰਦੇ ਖੁਦ ਨਾ ਦੇਖਿਆ। ਮੇਰਾ ਪਰਿਵਾਰ ਅਤੇ ਗੁਆਂਢੀ ਜਾਣਦੇ ਸਨ ਕਿ ਮੈਂ ਕੁਝ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਜਦ ਤਕ ਇਹ ਬਣ ਨਾ ਗਈ ਕਿਸੇ ਨੇ ਵੀ ਬਹੁਤਾ ਧਿਆਨ ਨਾ ਦਿਤਾ। ਇਸ ਲਈ ਹਰ ਕੋਈ ਇਸ ਨੂੰ ਕੰਮ

ਕਰਦੇ ਹੋਏ ਦੇਖਣ ਵਾਸਤੇ ਉਤਸੁਕ ਸੀ।"

ਇਸੇ ਸਮੇਂ ਵਿਚ ਸਾਜਿਦ ਨੂੰ ਐਨ ਆਈ ਐਫ਼ ਦੁਆਰਾ ਆਯੋਜਿਤ *ਇਗਨਾਈਟ* ਮੁਕਾਬਲੇ ਦਾ ਪਤਾ ਲੱਗਾ। ਉਸ ਨੇ ਇਸ ਵਿਚ ਹਿੱਸਾ ਲਿਆ ਅਤੇ ਚੌਲ ਛੜਨ ਵਾਲੀ ਮਸ਼ੀਨ ਲਈ ਇਨਾਮ ਜਿੱਤਿਆ। ਸਨਮਾਨ ਸਮਾਰੋਹ 'ਤੇ ਹਰ ਕੋਈ ਉਸ ਦੇ ਕਾਵਿਕ ਹੁਨਰ ਤੋਂ ਖ਼ੁਸ਼ ਸੀ। *ਨਿਫ* ਨੇ ਡੀਜ਼ਾਈਨ ਸੰਸਥਾ ਦੁਆਰਾ ਇਸ ਚੌਲ ਛੜਨ ਵਾਲੀ ਮਸ਼ੀਨ ਦੇ ਠੋਸ ਮੂਲ ਰੂਪ ਦੇ ਵਿਕਾਸ ਲਈ ਸਹਾਇਤਾ ਦਿਤੀ। ਸਾਲ 2012 ਵਿਚ ਰਾਸ਼ਟਰਪਤੀ ਭਵਨ ਵਿਖੇ *ਨਿਫ* ਦੁਆਰਾ ਆਯੋਜਿਤ ਨਵੀਨ ਕਾਢ ਪ੍ਰਦਰਸ਼ਨੀ ਵਿਚ ਇਸ ਦੀ ਨੁਮਾਇਸ਼ ਕੀਤੀ ਗਈ ਜਿਥੇ ਇਸ ਮਸ਼ੀਨ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ। *ਨਿਫ* ਦੁਆਰਾ ਸਾਜਿਦ ਦੇ ਨਾਮ 'ਤੇ ਪੇਟੈਂਟ (ਰਾਖਵਾਂ ਕਰਨ ਵਾਸਤੇ) ਦਰਖ਼ਾਸਤ (1075/ਕੇ ਓ ਐੱਲ/2011) ਵੀ ਦਰਜ ਕੀਤੀ ਗਈ ਹੈ।

## ਕਵਿਤਾ ਸਿੱਖਿਆ ਲਈ ਦਰਵਾਜ਼ੇ ਖੋਲ੍ਹ ਰਹੀ ਹੈ

ਸਾਜਿਦ ਬਹੁਤ ਖ਼ੂਬਸੂਰਤ ਕਵਿਤਾ ਲਿਖਦਾ ਹੈ। ਕਵਿਤਾ ਲਈ ਉਸ ਦਾ ਪਿਆਰ ਸਿਰਫ਼ ਭੀੜ ਹੀ ਇਕੱਠੀ ਨਹੀਂ ਕਰਦਾ ਸਗੋਂ ਅੱਛੀ ਸਿੱਖਿਆ ਲਈ ਉਸ ਦੇ ਸੁਪਨੇ ਨੂੰ ਪੂਰਾ ਕਰਨ ਵਿਚ ਮਦਦਗਾਰ ਵੀ ਹੋ ਰਿਹਾ ਹੈ।

ਬਚਪਨ ਤੋਂ ਹੀ ਵਧੀਆ ਸਕੂਲ ਵਿਚ ਪੜ੍ਹਨ ਦੀ ਉਸ ਦੀ ਇੱਛਾ ਸੀ ਪਰ ਇਹ ਉਸ ਦੀ ਪਹੁੰਚ ਤੋਂ ਬਾਹਰ ਸੀ। ਇਸ ਲਈ ਉਹ ਉਸ ਸਕੂਲ ਵਿਚ ਪੜ੍ਹਿਆ ਜਿਥੇ ਤੀਜੀ ਜਮਾਤ ਤਕ ਕੋਈ ਫ਼ੀਸ ਨਹੀਂ ਸੀ, ਉਥੇ ਉਸ ਨੂੰ ਸੁਭਾਗ ਪ੍ਰਾਪਤ ਹੋਇਆ। ਰਾਜ ਪੱਧਰੀ ਸਮਾਗਮ 'ਤੇ ਉਸ ਨੇ ਸਿੱਖਿਆ ਸੰਬੰਧੀ ਇਕ ਭਾਵਕੁ ਕਵਿਤਾ ਸੁਣਾਈ। ਰਾਜਪਾਲ ਨੇ ਖ਼ੁਸ਼ ਹੋ ਕੇ ਉਸ ਦੇ ਇਲਾਕੇ ਦੇ ਵਧੀਆ ਸਕੂਲ ਵਿਚ ਪੂਰੇ ਵਜ਼ੀਫ਼ੇ ਨਾਲ ਦਾਖ਼ਲਾ ਕਰਵਾਇਆ। ਕਵਿਤਾ ਕੁਝ ਇਸ ਪ੍ਰਕਾਰ ਸੀ :

ਜਬ ਹਮ ਪੜ੍ਹੇਂਗੇ, ਆਗੇ ਬੜ੍ਹੇਂਗੇ,
ਜ਼ਿਲ੍ਹੇ ਕਾ ਨਾਮ ਰੌਸ਼ਨ ਕਰੇਂਗੇ,
ਸਕੂਲ ਮੇਂ ਪਾਪਾ ਨਾਮ ਲਿਖਾ ਦੀਜੀਏ,
ਬੁਝੇ ਹੂਏ ਦੀਪ ਕੋ ਜਲਾ ਦੀਜੀਏ,
ਸਕੂਲ ਮੇਂ ਪਾਪਾ ਨਾਮ ਲਿਖਾ ਦੀਜੀਏ।

## ਨਵੇਂ ਸਕੂਲ ਵਿਚ ਚੰਗੇ ਦਿਨ

ਉਹ ਸਕੂਲ ਵਿਚ ਆਪਣੇ ਪਹਿਲੇ ਦਿਨ ਨੂੰ ਯਾਦ ਕਰਦਾ ਹੋਇਆ ਕਹਿੰਦਾ ਹੈ, "ਅਧਿਆਪਕ ਮੈਨੂੰ ਹਰ ਕਲਾਸ ਵਿਚ ਲੈ ਕੇ ਗਈ ਅਤੇ ਮੇਰੀ ਜਾਣ-ਪਛਾਣ ਕਵੀ ਵਜੋਂ ਕਰਾਈ।" ਆਖ਼ਰਕਾਰ ਦੋ ਜਮਾਤੀਆਂ ਨੇ ਉਸ ਦਾ ਸਾਥ ਦਿਤਾ ਅਤੇ ਦੋਸਤਾਂ ਦਾ ਇਕ ਵਧੀਆ ਜੁਟ ਬਣ ਗਿਆ। ਇਹ ਸਾਰੇ ਦੋਸਤ ਖਾਣ ਤੋਂ ਲੈ ਕੇ ਵਿਚਾਰਾਂ ਤਕ ਆਪਸ ਵਿਚ ਸਾਂਝਾ ਕਰਦੇ ਹਨ। ਛੁੱਟੀਆਂ ਵਿਚ ਤਿੰਨਾਂ ਨੂੰ ਕਿਰਾਏ ਦੀ ਸਕੂਟੀ 'ਤੇ ਸ਼ਹਿਰ ਦੇ ਆਸ-ਪਾਸ ਘੁੰਮਦੇ ਹੋਏ ਦੇਖਿਆ ਜਾ ਸਕਦਾ ਹੈ।

ਸਾਜਿਦ ਨੇ ਸਕੂਲ ਵਿਚ ਪੂਰੇ ਪੰਜ ਸਾਲ ਬਹੁਤ ਮਜ਼ੇ ਨਾਲ ਬਿਤਾਏ ਜਦੋਂ ਇਕ ਨਵੀਂ ਸਮੱਸਿਆ ਪੈਦਾ ਹੋ ਗਈ। ਨਜਾਇਜ਼ ਕਬਜ਼ਿਆਂ ਨੂੰ ਹਟਾਉਣ ਦੀ ਮੁਹਿੰਮ ਤਹਿਤ ਬਸਤੀ ਵਿਚੋਂ ਉਸ ਦੇ ਪਰਿਵਾਰ ਦੀ ਝੌਂਪੜੀ ਢਾਹ ਦਿਤੀ ਗਈ। ਮਜਬੂਰੀ ਵਸ ਉਸ ਨੂੰ ਸਕੂਲ ਤੋਂ 15 ਕਿਲੋਮੀਟਰ ਦੂਰ ਇਕ ਪਿੰਡ ਵਿਚ ਰਿਸ਼ਤੇਦਾਰ ਦੇ ਘਰ ਰਹਿਣਾ ਪਿਆ। ਮਾੜੀ ਸੜਕ ਹੋਣ ਕਰਕੇ ਸਾਜਿਦ ਸਵੇਰੇ 5 ਵਜੇ ਘਰੋਂ ਨਿਕਲ ਜਾਂਦਾ ਅਤੇ ਸ਼ਾਮ ਨੂੰ ਘਰ ਪਰਤਦਾ। ਉਸ ਦੇ ਸਕੂਲ ਵਿਚ ਹੋਸਟਲ ਸੀ ਤੇ ਫਿਰ ਉਸ ਦਾ ਖਰਚਾ ਇਕ ਮਸਲਾ ਸੀ। ਸਾਜਿਦ ਦੀ ਖ਼ੁਸ਼ਕਿਸਮਤੀ ਕਿ ਅਚਾਨਕ ਉਸ ਨੂੰ ਦੁਬਾਰਾ ਮਦਦ ਮਿਲ ਗਈ। ਕਿਸੇ ਕੰਪਨੀ ਦੇ ਪ੍ਰਤਿਨਿਧੀਆਂ ਨੇ *ਇਗਨਾਈਟ* ਦੁਆਰਾ ਇਨਾਮ ਜੇਤੂਆਂ ਦੀ ਕਹਾਣੀ ਆਨਲਾਈਨ ਪੜ੍ਹੀ ਜਿਸ ਵਿਚ ਸਾਜਿਦ ਦੀ ਚੌਲ ਛੜਨ ਵਾਲੀ ਮਸ਼ੀਨ ਅਤੇ ਉਸ ਦੇ ਪਿਛੋਕੜ ਬਾਰੇ ਜਾਣਕਾਰੀ ਸੀ। ਉਨ੍ਹਾਂ ਨੇ ਸਾਜਿਦ ਨੂੰ ਮਿਲਣ ਲਈ ਨਿਫ ਨੂੰ ਬੇਨਤੀ ਕੀਤੀ। ਉਹ ਉਸ ਤੋਂ ਬਹੁਤ ਜ਼ਿਆਦਾ ਪ੍ਰਭਾਵਤ ਹੋਏ ਅਤੇ ਉਸ ਨੂੰ ਕੰਪਿਊਟਰ ਤੋਹਫ਼ੇ ਵਜੋਂ ਭੇਂਟ ਕੀਤਾ ਅਤੇ ਨਾਲ ਹੀ ਹੋਸਟਲ ਦੀ ਫ਼ੀਸ ਦੇਣ ਦੀ ਵੀ ਪੇਸ਼ਕਸ਼ ਕੀਤੀ।

## ਸਿਰਫ਼ ਮਨ-ਪ੍ਰਚਾਵੇ ਲਈ

ਭਾਵੇਂ ਹੋਸਟਲ ਵਿਚ ਰਹਿਣ ਨਾਲ ਕਾਫ਼ੀ ਕੁਝ ਸਾਜਿਦ ਲਈ ਆਸਾਨ ਹੋ ਗਿਆ ਸੀ ਪਰ ਛੁੱਟੀਆਂ ਦੌਰਾਨ ਘਰ ਆਉਣਾ ਉਸ ਨੂੰ ਬੇਹੱਦ ਪਸੰਦ ਸੀ। ਉਸ ਨੂੰ ਆਪਣੀ ਮਾਂ ਦੇ ਹੱਥ ਦਾ ਖਾਣਾ ਬਹੁਤ ਪਸੰਦ ਸੀ, ਵਿਸ਼ੇਸ਼ ਤੌਰ 'ਤੇ ਰੋਟੀਆਂ ਨਾਲ ਦਾਲ ਵਿਚ ਰਿੰਨ੍ਹਿਆ ਹੋਇਆ ਮੱਛੀ ਦਾ ਸਿਰ। ਪਿੰਡ ਵਾਪਸ ਆ ਕੇ ਉਹ ਸਥਾਨਕ ਖੇਡ ਪਿੱਠੂ ਖੇਡਦਾ। ਹੱਸਦਾ ਹੋਇਆ ਉਹ ਕਹਿੰਦਾ ਹੈ ਕਿ ਮੈਂ ਇਸ ਖੇਡ ਨੂੰ ਬਹੁਤ ਪਿਆਰ ਕਰਦਾ ਹਾਂ ਕਿਉਂਕਿ ਮੈਨੂੰ ਦੂਸਰੀ ਟੀਮ ਨੂੰ ਗੇਂਦ ਨਾਲ ਮਾਰਨਾ ਚੰਗਾ ਲੱਗਦਾ ਹੈ।

ਜਦੋਂ ਉਹ ਦੋਸਤਾਂ ਨਾਲ ਨਹੀਂ ਖੇਡਦਾ ਤਾਂ ਉਹ ਮੈਥਲੀ ਸ਼ਰਨ ਗੁਪਤ ਦੀ ਪੁਸਤਕ ਨੂੰ ਪੜ੍ਹਨਾ ਪਸੰਦ ਕਰਦਾ ਹੈ। ਮੈਥਲੀ ਸ਼ਰਨ ਗੁਪਤ ਇਕ ਪ੍ਰਸਿੱਧ ਕਵੀ ਹੈ ਜੋ ਆਪਣੀਆਂ ਉਤਸ਼ਾਹ ਵਧਾਊ ਕਵਿਤਾਵਾਂ ਲਈ ਜਾਣਿਆ ਜਾਂਦਾ ਹੈ। ਉਹ ਆਪਣੇ ਮਨ-ਪਸੰਦ ਕਵੀਆਂ ਤੋਂ ਕੁਝ ਲੈ ਕੇ ਆਪਣੇ ਵਿਚਾਰਾਂ ਨੂੰ ਕਵਿਤਾ ਜ਼ਰੀਏ ਪੇਸ਼ ਕਰਦਾ ਹੈ। 2011 ਦੀਆਂ ਗਰਮੀਆਂ ਵਿਚ ਰਾਂਚੀ ਵਿਖੇ 27ਵੀਂ ਸ਼ੋਧ ਯਾਤਰਾ ਦੌਰਾਨ (ਸਥਾਨਕ ਰਚਨਾਤਮਕਤਾ ਦੀ ਭਾਲ ਵਿਚ ਯਾਤਰਾ) ਦੇਖਿਆ ਗਿਆ ਸੀ।

ਵੱਡਿਆਂ ਲੋਕਾਂ ਦੇ 30 ਦੇ ਸਮੂਹ ਵਿਚ ਭਾਵੇਂ ਇਹ ਹਿੱਸਾ ਲੈਣ ਵਾਲਾ ਸਭ ਤੋਂ ਛੋਟਾ ਸੀ, ਇਹ ਕਵਿਤਾ ਰਾਹੀਂ ਆਪਣੀ ਗੱਲ ਕਹਿਣ ਵਿਚ ਬਿਲਕੁਲ ਨਹੀਂ ਸੀ ਸ਼ਰਮਾਇਆ।

## ਉਮੀਦਾਂ ਤੇ ਸੁਪਨੇ

ਸਾਜਿਦ ਨੂੰ ਬਹੁਤ ਮਾਣ ਹੈ ਕਿ *ਇਗਨਾਈਟ* ਦੀ ਵਜਹ ਕਰਕੇ ਉਹ ਸਕੂਲ ਵਿਖੇ ਛੋਟੀ ਉਮਰ ਵਿਚ ਹੀ ਮਸ਼ਹੂਰ ਹੋ ਗਿਆ ਹੈ। ਕਵਿਤਾ ਪ੍ਰਤਿ ਪਿਆਰ ਨੂੰ ਵਿਗਿਆਨ ਵਿਚ ਦਿਲਚਸਪੀ ਨਾਲ ਜੋੜ ਕੇ ਡਾ. ਕਲਾਮ ਵਾਂਗ ਵਿਗਿਆਨੀ ਬਣਨਾ ਚਾਹੁੰਦਾ ਹੈ ਕਿਉਂਕਿ ਉਹ ਬਹੁਤ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭਣਾ ਚਾਹੁੰਦਾ ਹੈ ਅਤੇ ਚੀਜ਼ਾਂ ਦਾ ਸਾਧਾਰਨੀਕਰਨ ਕਰਨਾ ਚਾਹੁੰਦਾ ਹੈ ਤਾਂ ਕਿ ਕਿਸੇ ਨੂੰ ਵੀ ਕਿਸੇ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।

ਉਸ ਦਾ ਅਗਲਾ ਪ੍ਰਾਜੈਕਟ ਇਕ ਅਜਿਹੀ ਮਸ਼ੀਨ ਹੈ ਜੋ ਇਮਾਰਤ ਉਸਾਰੀ ਵਿਚ ਵਰਤੀ ਜਾਂਦੀ ਰੇਤ ਨੂੰ ਇਧਰ-ਉਧਰ ਕਰਨ ਲਈ ਹੱਥੀ ਕੀਤੇ ਜਾਂਦੇ ਕੰਮ ਨੂੰ ਆਸਾਨ ਬਣਾ ਦੇਵੇ। ਉਸ ਦਾ ਪਿਤਾ ਬੜੇ ਮਾਣ ਨਾਲ ਕਹਿੰਦਾ ਹੈ ਕਿ ਉਸ ਦਾ 'ਨੰਨ੍ਹਾ ਸ਼ਾਇਰ' (ਛੋਟਾ ਕਵੀ) 'ਬਾਲ ਵਿਗਿਆਨਕ' ਬਣਨ ਜਾ ਰਿਹਾ ਹੈ ਅਤੇ ਉਸ ਨੂੰ ਪੂਰਨ ਵਿਸ਼ਵਾਸ ਹੈ ਕਿ ਉਸ ਦਾ ਪੁੱਤ ਇਕ ਦਿਨ ਬਹੁਤ ਵੱਡੇ-ਵੱਡੇ ਕੰਮ ਕਰੇਗਾ।

-ਚਰਖਾ ਫੀਚਰਜ਼

# ਹਨ੍ਹੇਰੇ-ਸੰਘਣੇ ਜੰਗਲਾਂ ਨੂੰ ਰੁਸ਼ਨਾਉਣਾ

ਬਾਬਾ ਮਾਇਆਰਾਮ

ਛੱਤੀਸਗੜ੍ਹ ਵਿਚ ਅਚਨਾਕਮਾਰ ਬਾਘ ਰੱਖ ਦਾ ਹਨ੍ਹੇਰਾ-ਘਣਾ ਜੰਗਲ 557.55 ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਹੈ ਜਿਥੇ ਜੰਗਲੀ ਜਾਨਵਰਾਂ ਅਤੇ ਮਨੁੱਖਾਂ ਦਾ ਵਾਸਾ ਹੈ। ਜਿਉਂ ਹੀ ਹਨ੍ਹੇਰਾ ਹੁੰਦਾ ਹੈ, ਜੰਗਲੀ ਜਾਨਵਰ ਬਾਹਰ ਨਿਕਲਦੇ ਹਨ ਅਤੇ ਮਨੁੱਖਾਂ ਨੂੰ ਘਰਾਂ ਦੇ ਅੰਦਰ ਬੰਦ ਹੋਣ ਲਈ ਮਜਬੂਰ ਕਰ ਦਿੰਦੇ ਹਨ। ਬੰਦ ਦਰਵਾਜ਼ਿਆਂ ਦੇ ਦੋਵਾਂ ਪਾਸਿਆਂ ਵੱਲ ਇਕ ਹੀ ਚੀਜ਼ ਸਾਂਝੀ ਹੈ ਉਹ ਹੈ, ਹਨ੍ਹੇਰਾ। ਰੱਖ ਦੇ ਮੱਧ ਵਰਤੀ ਖੇਤਰ ਵਿਚ ਪੈਣ ਵਾਲੇ ਪਿੰਡਾਂ ਵਿਚ ਕੋਈ ਬਿਜਲੀ ਨਹੀਂ ਹੈ ਅਤੇ ਉਹ ਇਸ ਦੇ ਆਦੀ ਹਨ।

ਅੱਜ ਅਚਨਾਕਮਾਰ ਬਾਘ-ਰੱਖ ਦੇ ਦੂਰ-ਦੁਰਾਡੇ ਦੇ ਪਿੰਡ ਬਮਹਾਨੀ ਦੇ ਨਿਵਾਸੀ ਹਨ੍ਹੇਰੇ ਦੇ ਦਿਨਾਂ ਤੋਂ ਜਗਮਗਾਉਂਦੇ ਬਲਬਾਂ, ਚਾਰਜ ਕੀਤੇ ਮੋਬਾਈਲ ਫ਼ੋਨ, ਫਰਿਜ ਅਤੇ ਪਾਣੀ ਵਾਲੀਆਂ ਮੋਟਰਾਂ ਵੱਲ ਮੁੜ ਚੁੱਕੇ ਹਨ, ਇਹ ਚੀਜ਼ਾਂ ਹੁਣ ਆਮ ਹੋ ਗਈਆਂ ਹਨ। ਘਣੇ ਜੰਗਲਾਂ ਵਿਚ ਇਸ ਚੁੱਪ ਚੁਪੀਤੇ ਅੰਦੋਲਨ ਦਾ ਸਿਹਰਾ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨਾਂ ਨੂੰ ਜਾਂਦਾ ਹੈ। ਹੁਣ ਪਿੰਡ ਜਗਮਗਾ ਰਹੇ ਹਨ ਅਤੇ ਅਜੇ ਵੀ ਕੁਦਰਤੀ ਰੌਸ਼ਨੀ ਦੀ ਵਰਤੋਂ ਕਰਦੇ ਹਨ।

*ਜਨ ਸਵਾਸਥ ਸਹਿਯੋਗ* ਨਾਂ ਦਾ ਇਕ ਗ਼ੈਰ-ਸਰਕਾਰੀ ਸੰਗਠਨ ਜਿਸ ਕੋਲ ਸਿਹਤ ਸੰਭਾਲ ਦੇ ਖੇਤਰ ਵਿਚ ਕਾਫ਼ੀ ਮੁਹਾਰਤ ਹਾਸਲ ਹੈ, ਗ਼ੈਰ ਸਰਕਾਰੀ ਸੰਗਠਨਾਂ ਵਿਚੋਂ ਇਕ ਹੈ ਜਿਸ ਨੇ ਪਿਛਲੇ ਤਿੰਨ ਸਾਲਾਂ ਤੋਂ ਇਸ ਇਲਾਕੇ ਵਿਚ ਸੋਲਰ ਲਾਈਟਾਂ ਵੰਡੀਆਂ ਹਨ। ਸਰਕਾਰ ਦੇ ਊਰਜਾ ਵਿਭਾਗ ਨੇ ਵੀ ਇਨ੍ਹਾਂ ਪਿੰਡਾਂ ਵਿਚ ਸੋਲਰ ਪਲਾਂਟ ਲਗਾ ਕੇ ਬਿਜਲੀ ਮੁਹੱਈਆ ਕਰਵਾਈ ਹੈ। ਜ਼ਿਆਦਾਤਰ ਪਿੰਡਾਂ ਵਿਚ ਹੁਣ ਸੂਰਜੀ ਊਰਜਾ ਰਾਹੀਂ ਇਨ੍ਹਾਂ ਖੇਤਰਾਂ ਵਿਚ ਘਰੇਲੂ ਰੌਸ਼ਨੀ ਦੇ ਨਾਲ-ਨਾਲ ਗਲੀਆਂ ਵਿਚ ਵੀ ਰੌਸ਼ਨੀ ਹੈ। *ਜਨ ਸਵਾਸਥ ਸਹਿਯੋਗ* ਕਾਰਜਕਰਤਾ ਸੰਤ ਕੁਮਾਰ ਦਾ ਕਹਿਣਾ ਹੈ, 'ਰਾਤ ਨੂੰ ਖਾਣਾ ਤਿਆਰ ਕਰਨ ਤੋਂ ਲੈ ਕੇ ਖੇਤਾਂ ਤਕ ਜਾਣ ਲਈ ਘੱਟੋ-ਘੱਟ ਬਿਜਲੀ ਦੀ ਹਮੇਸ਼ਾ ਹੀ ਲੋੜ ਹੁੰਦੀ ਹੈ। ਜਿਨ੍ਹਾਂ ਪਿੰਡਾਂ ਵਿਚ ਬਿਜਲੀ ਨਹੀਂ ਜਾਂ ਬਹੁਤ ਜ਼ਿਆਦਾ ਬਿਜਲੀ ਕੱਟ ਲਗਦੇ ਹਨ, ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਬਹੁਤ ਚੁਨੌਤੀਆਂ ਦਾ ਸਾਹਮਣਾ ਕਰਦੇ ਹਨ। ਬਿਜਲੀ ਦੀ ਘਾਟ ਸਿੱਧੇ ਤੌਰ ਤੇ ਸਿਹਤ ਸੰਭਾਲ ਨੂੰ ਵੀ ਪ੍ਰਭਾਵਤ ਕਰਦੀ ਹੈ ਕਿਉਂਕਿ ਜੇ ਰਾਤ ਦੇ ਖਾਣੇ ਸਮੇਂ ਬਿਜਲੀ ਚਲੀ ਜਾਂਦੀ ਹੈ ਤਾਂ ਵਿਅਕਤੀ ਆਪਣੇ ਖਾਣੇ ਦਾ ਆਨੰਦ ਨਹੀਂ ਲੈ ਸਕਦਾ। ਇਹ ਹੀ ਇਕ ਵੱਡਾ ਕਾਰਨ ਹੈ ਜਿਸ ਕਰਕੇ ਇਸ ਇਲਾਕੇ ਵਿਚ ਸਸਤੀਆਂ ਸੂਰਜੀ ਲਾਈਟਾਂ ਮੁਹੱਈਆ ਕੀਤੀਆਂ ਗਈਆਂ ਹਨ।



ਪਿਛਲੇ ਤਿੰਨ ਸਾਲਾਂ ਤੋਂ ਬਿਲਾਸਪੁਰ ਜ਼ਿਲ੍ਹੇ ਦੇ ਕੋਟਾ ਇਲਾਕੇ ਅਤੇ ਮੁੰਗੇਲੀ ਜ਼ਿਲ੍ਹੇ ਦੇ ਲੋਰਮੀ ਇਲਾਕੇ ਵਿਚਲੇ ਪਿੰਡਾਂ ਲਈ ਸੂਰਜੀ ਰੌਸ਼ਨੀ ਉਪਲਬਧ ਕਰਾਉਣ ਲਈ *ਜਨ ਸਵਾਸਥ ਸਹਿਯੋਗ* ਸਹਾਇਤਾ ਕਰ ਰਿਹਾ ਹੈ। ਇਕ ਸੂਰਜੀ ਰੌਸ਼ਨੀ ਦੀ ਲਾਗਤ 500 ਰੁਪਏ ਹੈ, ਸਿਹਤ ਕਾਰਜਕਰਤਾਵਾਂ ਲਈ ਇਹ 250 ਰੁਪਏ ਵਿਚ ਉਪਲਬਧ ਹੈ ਅਤੇ ਪਿੰਡ ਵਾਸੀਆਂ ਲਈ ਸਿਰਫ਼ 100 ਰੁਪਏ ਵਿਚ।

ਸਰਕਾਰ ਦੇ ਆਪਣੇ ਬਿਜਲੀ ਵਿਭਾਗ ਕੋਲ ਪਿੰਡਾਂ ਵਿਚ ਸੋਲਰ ਪਲਾਂਟ ਲੱਗੇ ਹੋਏ ਹਨ। ਭਾਵੇਂ ਪਾਵਰ ਸਪਲਾਈ ਨਹੀਂ ਹੈ। ਬਦਕਿਸਮਤੀ ਨਾਲ, ਬਰਸਾਤ ਦੌਰਾਨ ਇਹ ਬੰਦ ਰਹਿੰਦੇ ਹਨ ਕਿਉਂਕਿ ਕਈ ਦਿਨਾਂ ਤਕ ਸੂਰਜ ਦਿਖਾਈ ਨਹੀਂ ਦਿੰਦਾ। ਹੈਰਾਨੀ ਦੀ ਗੱਲ ਇਹ ਹੈ ਕਿ ਸਾਲ ਦਾ ਇਹ ਉਹ ਸਮਾਂ ਹੁੰਦਾ ਹੈ ਜਦੋਂ ਬਿਜਲੀ ਦੀ ਸਭ ਤੋਂ ਜ਼ਿਆਦਾ ਲੋੜ ਹੁੰਦੀ ਹੈ। ਆਦਿਵਾਸੀ ਮੰਜਿਆਂ ਅਤੇ ਪਲੰਘਾਂ 'ਤੇ ਨਹੀਂ, ਜ਼ਮੀਨ 'ਤੇ ਸੌਂਦੇ ਹਨ

ਅਤੇ ਅਕਸਰ ਉਹ ਸੱਪ ਅਤੇ ਬਿੱਛੂਆਂ ਦੁਆਰਾ ਡੰਗੇ ਜਾਣ ਦੇ ਸ਼ਿਕਾਰ ਹੋ ਜਾਂਦੇ ਹਨ। ਸੋਲਰ ਲਾਈਟਾਂ ਦੀ ਮੌਜੂਦਗੀ ਇਨ੍ਹਾਂ ਆਫ਼ਤਾਂ ਤੋਂ ਬਚਾਅ ਕਰ ਸਕਦੀ ਹੈ। ਸੰਤ ਕੁਮਾਰ ਦਾ ਕਹਿਣਾ ਹੈ, ''ਜੋ ਲਾਈਟ ਅਸੀਂ ਦੇ ਰਹੇ ਹਾਂ ਉਹ ਊਰਜਾ ਬਚਾਉਂਦੀ ਹੈ। ਇਕ ਵਾਰੀ ਜਦੋਂ ਬੈਟਰੀ ਰੀਚਾਰਜ ਹੋ ਜਾਂਦੀ ਹੈ ਤਾਂ ਇਹ ਦੋ ਦਿਨ ਤਕ ਚੱਲ ਸਕਦੀ ਹੈ। ਇਹ ਲਾਈਟ ਬੱਦਲਵਾਈ ਵਿਚ ਵੀ ਚਾਰਜ ਕੀਤੀ ਜਾ ਸਕਦੀ ਹੈ।''

ਹਰੇ ਕਚੂਰ ਜੰਗਲਾਂ ਦੇ ਵਿਚਕਾਰ ਸਥਿਤ ਚਿਰਾਈਗੋੜਾ ਇਕ ਸਜੀਵ ਪਿੰਡ ਹੈ ਜਿਥੇ ਇਕ ਦੂਜੇ ਤੋਂ ਥੋੜ੍ਹੀ-ਥੋੜ੍ਹੀ ਦੂਰ ਲੱਕੜੀ ਦੇ ਘਰ ਬਣੇ ਹੋਏ ਹਨ। ਇਹ ਉਰਾਉਂ ਆਦਿਵਾਸੀਆਂ ਦਾ ਪਿੰਡ ਹੈ। ਸਥਾਨਕ ਆਦਿਵਾਸੀ ਧਨੀਰਾਮ ਇੱਕਾ ਦਾ ਬੜੀ ਸੰਤੁਸ਼ਟੀ ਨਾਲ ਕਹਿਣਾ ਹੈ, ''ਮੇਰੇ ਕੋਲ ਦੋ ਸੋਲਰ ਲਾਈਟਾਂ ਹਨ, ਸਿਰਫ਼ ਇਕ ਹੀ ਚੰਗੀ ਹਾਲਤ ਵਿਚ ਹੈ। ਇਹ ਰੌਸ਼ਨੀ ਹਨ੍ਹੇਰੇ ਤੋਂ ਬਾਅਦ ਮੇਰੇ ਬੱਚਿਆਂ ਦੀ ਪੜ੍ਹਾਈ ਅਤੇ ਖਾਣਾ ਤਿਆਰ ਕਰਨ ਲਈ ਬਹੁਤ ਕੰਮ ਆਉਂਦੀ ਹੈ। ਇਸ ਨਾਲ ਰਾਤ ਨੂੰ ਖੇਤਾਂ ਵਿਚ ਗੇੜਾ ਮਾਰਨਾ ਅਤੇ ਰਾਖੀ ਕਰਨਾ ਸੌਖਾ ਹੋ ਗਿਆ ਹੈ। ਸੋਲਰ ਬਲਬ ਦੀ ਰੌਸ਼ਨੀ ਵਿਚ ਮੁੰਜੀ ਨੂੰ ਕੁੱਟਿਆ ਜਾ ਸਕਦਾ ਹੈ। ਅਕਸਰ ਅਸੀਂ ਦਰੱਖ਼ਤ 'ਤੇ ਆਪਣੀ ਸੋਲਰ ਲਾਈਟ ਟੰਗ ਦਿੰਦੇ ਹਾਂ ਤਾਂ ਕਿ ਜੰਗਲੀ ਜਾਨਵਰ ਦੂਰ ਰਹਿਣ।''

ਉਹ ਅੱਗੋਂ ਕਹਿੰਦਾ ਹੈ, ''ਸਾਨੂੰ ਰਾਸ਼ਨ ਦੀ ਦੁਕਾਨ ਤੋਂ ਮਿੱਟੀ ਦਾ ਤੇਲ ਲੋੜੀਂਦੀ ਮਾਤਰਾ ਵਿਚ ਨਹੀਂ ਸੀ ਮਿਲਦਾ, ਮਹੀਨੇ ਵਿਚ ਸਿਰਫ਼ ਇਕ ਲੀਟਰ ਮਿਲਦਾ ਸੀ। ਉਹ ਸਮਾਂ ਬਹੁਤ ਹੀ ਕਸ਼ਟਦਾਇਕ ਸੀ।''

ਸੰਤ ਰਾਮ ਦਾ ਕਹਿਣਾ ਹੈ, ''ਸਰਕਾਰੀ ਸੋਲਰ ਪਲਾਂਟ ਦੁਆਰਾ ਮੁਹੱਈਆ ਕਰਾਈ ਜਾਂਦੀ ਸੇਵਾ ਸੰਤੁਸ਼ਟੀਜਨਕ ਨਹੀਂ ਹੈ ਅਤੇ ਮੁਰੰਮਤ ਦੀ ਕਮੀ ਕਰਕੇ ਇਹ ਲਾਈਟਾਂ ਬੇਹਰਕਤ ਹੀ ਰਹਿੰਦੀਆਂ ਹਨ। *ਜਨ ਸਵਾਸਥ ਸਹਿਯੋਗ* ਨੇ ਮੁੰਬਈ ਵਿਖੇ ਸਥਾਪਤ ਕੰਪਨੀ ਤੋਂ ਪਲਾਂਟ ਖਰੀਦਿਆ ਸੀ, ਜਿਸ ਨੇ ਇਕ ਸਾਲ ਦੀ ਗਰੰਟੀ ਦਿਤੀ ਸੀ ਕਿ ਜੇ ਇਕ ਸਾਲ ਦੇ ਅੰਦਰ-ਅੰਦਰ ਕੋਈ ਨੁਕਸ ਪੈਂਦਾ ਹੈ ਤਾਂ ਕੰਪਨੀ ਜਾਂ ਤਾਂ ਬਦਲ ਦੇਵੇਗੀ ਜਾਂ ਮੁਰੰਮਤ ਕਰ ਦੇਵੇਗੀ। ਅੱਗੋਂ ਵਾਸਤੇ ਅਸੀ ਸੋਚਿਆ ਹੈ ਕਿ ਇਕ ਮਕੈਨਿਕ ਨੂੰ ਸਿਖਲਾਈ ਦਿਤੀ ਜਾਵੇ ਤਾਂ ਕਿ ਸਥਾਨਕ ਪੱਧਰ 'ਤੇ ਹੀ ਮੁਰੰਮਤ ਕੀਤੀ ਜਾ ਸਕੇ। ਅਸਲ ਵਿਚ, ਪਿੰਡਾਂ ਦੇ ਲੋਕ ਇਸ ਨਵੀਂ ਵਾਤਾਵਰਨ ਮਿੱਤਰਭਾਵੀ ਤਕਨੀਕ ਤੋਂ ਖ਼ੁਸ਼ ਹਨ ਅਤੇ ਉਨ੍ਹਾਂ ਵਾਸਤੇ ਅਤੇ ਭਵਿੱਖ ਲਈ ਇਕ ਸੁਨਹਿਰੀ ਭਵਿੱਖ ਦਿਖਾਈ ਦੇ ਰਿਹਾ ਹੈ।

❑❑

*ਸਫ਼ਾ 46 ਦੀ ਬਾਕੀ*

ਦੇਸ਼ ਅਤੇ ਰਾਜ ਸਰਕਾਰਾਂ ਦੀਆਂ ਗਲਤ ਨੀਤੀਆਂ, ਕੁਦਰਤੀ ਕਹਿਰ, ਮੰਡੀਕਰਨ ਦੀ ਸਮੱਸਿਆ, ਫ਼ਸਲਾਂ ਦੀ ਕੀਮਤ ਨਿਰਧਾਰਨ ਦੀ ਗਲਤ ਨੀਤੀ, ਕਿਸਾਨਾਂ ਦਾ ਪਦਾਰਥਵਾਦ ਦੀ ਲਪੇਟ ਵਿਚ ਆਉਣਾ ਆਦਿ ਵੀ ਇਸ ਦੇ ਪ੍ਰਮੁੱਖ ਕਾਰਨ ਹਨ। ਅਰਥ-ਸ਼ਾਸਤਰ ਅਨੁਸਾਰ ਭਾਰਤ ਦੀ ਖੇਤੀ ਅੱਜ ਪਰੰਪਰਾਵਾਦੀ ਖੇਤੀ ਹੋ ਚੁੱਕੀ ਹੈ। ਇਸ ਦੇ ਉਤਪਾਦਨ ਵਿਚ ਸਥਿਰਤਾ ਆ ਚੁੱਕੀ ਹੈ। ਜੇ ਅਸੀਂ ਇਸ ਖੇਤਰ ਦੇ ਸੰਕਟ ਨੂੰ ਖਤਮ ਕਰਨਾ ਹੈ ਤਾਂ ਦੇਸ਼ ਦੇ ਕਿਸਾਨ, ਸਰਕਾਰ ਅਤੇ ਸਥਾਨਕ ਸੰਸਥਾਵਾਂ ਦੀਆਂ ਕੁਝ ਅਜਿਹੀਆਂ ਜ਼ਿੰਮੇਵਾਰੀਆਂ ਬਣਦੀਆਂ ਹਨ ਜਿਨ੍ਹਾਂ ਨੂੰ ਨਿਭਾਅ ਕੇ ਭਾਰਤ ਦੇ ਖੇਤੀ ਖੇਤਰ ਨੂੰ ਵਿਕਾਸ ਦੀ ਲੀਹ 'ਤੇ ਪਾਇਆ ਜਾ ਸਕਦਾ ਹੈ। ਇਸ ਖੇਤਰ ਨੂੰ ਨਵਿਆਉਣ ਦੀ ਜ਼ਰੂਰਤ ਹੈ। ਖੇਤੀ ਖੇਤਰ ਵਿਚ ਫ਼ਸਲੀ ਵਿਭਿੰਨਤਾ ਇਕ ਵਿਸ਼ੇਸ਼ ਲੋੜ ਹੈ ਪਰ ਇਸ ਵਿਭਿੰਨਤਾ ਨੂੰ ਲਿਆਉਣ ਵਿਚ ਵੀ ਸਮਝਦਾਰੀ ਤੋਂ ਕੰਮ ਲੈਣ ਦੀ ਲੋੜ ਹੈ। ਸਿਰਫ਼ ਕੰਪਨੀਆਂ ਦੇ ਮੁਨਾਫ਼ੇ ਲਈ ਕੀਤੀ ਗਈ ਫ਼ਸਲੀ ਵਿਭਿੰਨਤਾ ਦਾ ਕਿਸਾਨੀ ਨੂੰ ਕੋਈ ਲਾਭ ਨਹੀਂ ਹੋਵੇਗਾ। ਇਸ ਕੰਮ ਦੀ ਜ਼ਿੰਮੇਵਾਰੀ ਸਰਕਾਰ ਨੂੰ ਲੈਣੀ ਪਵੇਗੀ। ਇਸ ਜ਼ਿੰਮੇਵਾਰੀ ਵਿਚ ਉੱਚਿਤ ਮੰਡੀਕਰਨ, ਭੰਡਾਰਨ, ਵਿਸ਼ਵ ਪੱਧਰ 'ਤੇ ਪ੍ਰਚਾਰ ਸੰਬੰਧਿਤ ਫ਼ਸਲਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨਾ, ਇਲਾਕਿਆਂ ਅਨੁਸਾਰ ਢੁਕਵੀਆਂ ਫ਼ਸਲਾਂ ਦੇ ਬੀਜਾਂ ਅਤੇ ਲੋੜੀਂਦੇ ਢਾਂਚੇ ਦਾ ਵਿਕਾਸ ਕਰਨਾ ਆਦਿ ਕਾਰਜਾਂ ਦੀ ਲੋੜ ਹੈ। ਇਹ ਕੰਮ ਸਰਕਾਰ ਅਤੇ ਸਰਕਾਰ ਦੀਆਂ ਏਜੰਸੀਆਂ ਦੁਆਰਾ ਹੀ ਹੋਣਾ ਚਾਹੀਦਾ ਹੈ ਤਾਂ ਜੋ ਇਸ ਦਾ ਸਿੱਧਾ ਲਾਭ ਕਿਸਾਨ ਵਰਗ ਨੂੰ ਪਹੁੰਚ ਸਕੇ।

ਪੰਜਾਬ ਦੇ ਉੱਘੇ ਅਰਥਸ਼ਾਸਤਰੀ ਡਾ. ਗਿਆਨ ਸਿੰਘ ਅਨੁਸਾਰ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਖੇਤੀ ਖੇਤਰ ਤੋਂ ਬਾਹਰ ਕਰਨ ਦੀ ਬਜਾਇ ਉਨ੍ਹਾਂ ਨੂੰ ਵਧੇਰੇ ਸਹੂਲਤਾਂ ਦੇ ਕੇ ਅਤੇ ਭੂਮੀ ਸੁਧਾਰਾਂ ਨੂੰ ਹੋਰ ਪੁਖ਼ਤਾ ਤਰੀਕੇ ਨਾਲ ਲਾਗੂ ਕਰਕੇ ਉਨ੍ਹਾਂ ਦੀ ਹੋਂਦ ਨੂੰ ਬਚਾਇਆ ਜਾ ਸਕਦਾ ਹੈ ਕਿਉਂਕਿ ਵੱਡੇ ਕਿਸਾਨ ਜੇ ਖੇਤੀ ਖੇਤਰ ਤੋਂ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਕੋਲ ਦੂਸਰੇ ਖੇਤਰਾਂ ਵਿਚ ਸਫ਼ਲ ਹੋਣ ਦੀ ਯੋਗਤਾ ਤੇ ਸੰਭਾਵਨਾ ਹੈ ਨਾ ਕਿ ਛੋਟੇ ਕਿਸਾਨਾਂ ਕੋਲ। ਸਰਕਾਰ ਨੂੰ ਛੋਟੇ ਅਤੇ ਸੀਮਾਂਤ ਕਿਸਾਨਾਂ ਦੇ ਹੱਕ ਵਿਚ ਵੱਧ ਤੋਂ ਵੱਧ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਅਤੇ ਇਸ ਤੋਂ ਇਲਾਵਾ, ਸਥਾਨਕ ਪੱਧਰ 'ਤੇ ਲੋਕਾਂ ਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ। ਪਿੰਡ ਪੱਧਰ 'ਤੇ ਕਿਸਾਨਾਂ ਦੁਆਰਾ ਪਰੋਸੈਸਿੰਗ ਯੂਨਿਟ ਸਥਾਪਤ ਕਰਨਾ ਸਮੇਂ ਦੀ ਮੁੱਖ ਮੰਗ ਹੈ। ਇਸ ਨਾਲ ਕਿਸਾਨ ਕੱਚੇ ਮਾਲ ਦੀ ਥਾਂ ਤਿਆਰ ਉਤਪਾਦਨ ਨੂੰ ਮੰਡੀ ਵਿਚ ਵੇਚਣ ਦੇ ਯੋਗ ਹੋਣਗੇ। ਜੇ ਇਹ ਪ੍ਰਣਾਲੀ ਸਹਿਕਾਰੀ ਸਭਾਵਾਂ ਦੁਆਰਾ ਵਿਕਸਤ ਕੀਤੀ ਜਾਵੇ ਤਾਂ ਇਸ ਨਾਲ ਸਿੱਧਾ ਲਾਭ ਕਿਸਾਨ ਵਰਗ ਨੂੰ ਮਿਲੇਗਾ। ਸਰਕਾਰ ਇਨ੍ਹਾਂ ਸਭਾਵਾਂ ਨੂੰ ਬੈਂਕਿੰਗ ਖੇਤਰ ਰਾਹੀਂ ਘੱਟ ਵਿਆਜ 'ਤੇ ਕਰਜ਼ੇ ਪ੍ਰਦਾਨ ਕਰੇ। ਇਸ ਤੋਂ ਇਲਾਵਾ, ਇਨ੍ਹਾਂ ਸੰਸਥਾਵਾਂ ਰਾਹੀਂ ਹੀ ਨਵੀਆਂ ਫ਼ਸਲਾਂ ਦੇ ਉਤਪਾਦਨ ਸੰਬੰਧੀ ਜ਼ਰੂਰਤ ਦੇ ਔਜ਼ਾਰ ਕਿਸਾਨਾਂ ਨੂੰ ਕਿਰਾਏ ਉਪਰ ਉਪਲਬਧ ਕਰਵਾਉਣੇ ਚਾਹੀਦੇ ਹਨ ਤਾਂ ਜੋ ਕਿਸਾਨਾਂ ਦੀ ਉਤਪਾਦਨ ਲਾਗਤ ਨੂੰ ਘਟਾਇਆ ਜਾ ਸਕੇ।

**ਸੰਸਾਰ ਦੇ ਵਿਕਸਤ ਦੇਸ਼ ਆਰਥਿਕ ਮੰਦੀ ਦੇ ਪ੍ਰਭਾਵ ਵਿਚ ਹਨ ਪਰ ਭਾਰਤ ਅਜੇ ਇਸ ਸਥਿਤੀ ਤੋਂ ਬਚਿਆ ਹੋਇਆ ਹੈ। ਸਹੀ ਨੀਤੀਆਂ ਅਤੇ ਸਹੀ ਨੀਅਤ ਨਾਲ ਵਿਸ਼ਵੀਕਰਨ ਦੀ ਇਸ ਵੰਗਾਰ ਨੂੰ ਭਾਰਤੀ ਕਿਸਾਨ ਦੇ ਹੱਕ ਵਿਚ ਭੁਗਤਾਇਆ ਜਾ ਸਕਦਾ ਹੈ। ਸਮੇਂ ਦੀ ਜ਼ਰੂਰਤ ਇਹ ਹੈ ਕਿ ਵਿਸ਼ਵੀਕਰਨ ਦੀਆਂ ਸਕਾਰਾਤਮਕ ਸੰਭਾਵਨਾਵਾਂ ਨੂੰ ਖੇਤੀ ਖੇਤਰ ਉਪਰ ਢੁਕਦਾ ਕੀਤਾ ਜਾਵੇ ਤਾਂ ਕਿ ਇਨ੍ਹਾਂ ਦੀ ਵਰਤੋਂ ਰਾਹੀਂ ਖੇਤੀ ਖੇਤਰ ਨੂੰ ਮਜ਼ਬੂਤ ਬਣਾਇਆ ਜਾ ਸਕੇ।**

***(ਲੇਖਕ ਪ੍ਰੋਫੈਸਰ ਅਰਥ-ਸ਼ਾਸਤਰ ਵਿਭਾਗ, ਆਰ ਐਸ ਡੀ ਕਾਲਜ, ਫ਼ਿਰੋਜ਼ਪੁਰ ਸ਼ਹਿਰ ਹੈ।)***

# ਸ਼ੂਗਰ ਘਟਣ ਨਾਲ ਕੀ ਦਿਮਾਗ ਪ੍ਰਭਾਵਿਤ ਹੁੰਦਾ ਹੈ?

ਅਜੀਤਪਾਲ ਸਿੰਘ ਐੱਮ.ਡੀ.

ਅਕਸਰ ਬਲੱਡ ਸ਼ੂਗਰ ਦੀ ਮਾਤਰਾ ਇਕ ਨਿਸਚਤ ਸੀਮਾ ਦੇ ਅੰਦਰ ਰਹਿੰਦੀ ਹੈ। ਇਹ ਸੀਮਾ 80 ਤੋਂ 110 ਮਿ.ਗ੍ਰਾ. ਪ੍ਰਤਿਸ਼ਤ (ਖਾਲੀ ਪੇਟ) ਤੇ ਭੋਜਨ ਕਰਨ ਤੋਂ 2 ਘੰਟੇ ਬਾਅਦ 120–140 ਮਿ.ਗ੍ਰਾ. ਪ੍ਰਤਿਸ਼ਤ ਹੁੰਦੀ ਹੈ। ਜੇ ਖ਼ੂਨ 'ਚ ਸ਼ੂਗਰ ਦੀ ਮਾਤਰਾ ਇਸ ਸੀਮਾ ਤੋਂ ਵੱਧ ਹੋ ਜਾਂਦੀ ਹੈ ਤਾਂ ਇਸ ਹਾਲਤ ਨੂੰ 'ਡਾਇਬਟੀਜ਼' (ਸ਼ੂਗਰ ਦੀ ਬੀਮਾਰੀ) ਕਹਿੰਦੇ ਹਨ। ਪਰ ਜਦ ਸ਼ੂਗਰ ਦਾ ਪੱਧਰ ਆਪਣੇ ਆਮ ਪੱਧਰ ਤੋਂ ਹੇਠਾਂ ਚਲਾ ਜਾਂਦਾ ਹੈ ਤਾਂ ਇਸ ਹਾਲਤ ਨੂੰ 'ਹਾਈਪੋ-ਗਲਾਈਸੀਮੀਆ' ਕਿਹਾ ਜਾਂਦਾ ਹੈ। ਜੇ ਕਿਸੇ ਨੂੰ ਹਾਈਪੋਗਲਾਸੀਮੀਆ ਦੀ ਬੀਮਾਰੀ ਹੁੰਦੀ ਹੈ ਤਾਂ ਅੱਗੇ ਚੱਲ ਕੇ ਵੱਡੀ ਉਮਰ ਵਿਚ ਉਸ ਨੂੰ ਡਾਇਬਟੀਜ਼ ਹੋ ਸਕਦੀ ਹੈ। ਜਿਵੇਂ ਪੈਨਕ੍ਰੀਆਜ਼ ਗ੍ਰੰਥੀ ਵਲੋਂ ਇਨਸੂਲਿਨ ਘੱਟ ਮਾਤਰਾ ਵਿਚ ਬਣਨ ਕਰਕੇ ਡਾਇਬਟੀਜ਼ ਹੋ ਜਾਂਦੀ ਹੈ, ਉਸੇ ਤਰ੍ਹਾਂ ਇਸ ਗ੍ਰੰਥੀ ਵਲੋਂ ਵੱਧ ਇਨਸੂਲਿਨ ਬਣਾਉਣ ਕਰਕੇ 'ਹਾਈਪੋਗਲਾਈਸੀਮੀਆ' ਦੀ ਉਤਪੱਤੀ ਹੁੰਦੀ ਹੈ।

**ਲੱਛਣ** : ਜਾਂਚ ਵਿਚ ਜਿਸ ਤਰ੍ਹਾਂ ਖ਼ੂਨ 'ਚ ਵੱਧ ਸ਼ੂਗਰ ਆਉਣ ਕਰਕੇ ਡਾਇਬਟੀਜ਼ ਦੀ ਸ਼ਨਾਖ਼ਤ ਹੁੰਦੀ ਹੈ, ਉਸੇ ਤਰ੍ਹਾਂ ਜਾਂਚ ਦੌਰਾਨ ਖ਼ੂਨ ਵਿਚ ਆਮ ਤੋਂ ਘੱਟ ਸ਼ੂਗਰ ਆਉਣਾ 'ਹਾਈਪੋ-ਗਲਾਈਸੀਮੀਆ' ਦੀ ਸ਼ਨਾਖ਼ਤ ਕਰ ਦਿੰਦਾ ਹੈ। ਇਸ ਰੋਗ ਦੇ ਵਧਣ ਫੁਲਣ ਵੇਲੇ ਸਰੀਰ ਵਿਚ ਉੱਭਰਨ ਵਾਲੇ ਕਈ ਲੱਛਣ ਵੀ 'ਹਾਈਪੋਗਲਾਈ-ਸੀਮੀਆ' ਦੀ ਮੌਜੂਦਗੀ ਦਾ ਸੰਕੇਤ ਦੇਣ ਲਗਦੇ ਹਨ। ਜਿਵੇਂ ਭੋਜਨ ਦੇ ਵਿਚਾਲੇ ਰੋਗੀ ਨੂੰ ਮਿੱਠਾ ਤੇ ਸਟਾਰਚ ਯੁਕਤ ਖਾਦ ਪਦਾਰਥ ਖਾਣ ਦੀ ਇੱਛਾ ਹੁੰਦੀ ਹੈ। ਜਿਵੇਂ ਰੋਗੀ ਥੋੜ੍ਹੀ ਦੇਰ ਕੁਝ ਵੀ ਨਾ ਖਾਵੇ ਤਾਂ ਉਸ ਨੂੰ ਘਬਰਾਹਟ, ਸਿਰ ਦਰਦ, ਕਮਜ਼ੋਰੀ, ਥਕਾਵਟ, ਚਿੜਚਿੜਾਪਨ ਤੇ ਉਦਾਸੀ ਵਰਗੇ ਲੱਛਣ ਮਹਿਸੂਸ ਹੋਣ ਲਗਦੇ ਹਨ ਤੇ ਪੇਟ ਖਾਲੀ ਹੋ ਗਿਆ ਹੈ, ਅਜਿਹਾ ਅਨੁਭਵ ਹੁੰਦਾ ਹੈ।

## ਕਿਸ ਨੂੰ ਹੋ ਸਕਦਾ ਹੈ ਇਹ ਰੋਗ?

ਜੋ ਬੱਚੇ ਸਮੇਂ ਤੋਂ ਪਹਿਲਾਂ ਜਨਮ ਲੈਂਦੇ ਹਨ ਉਨ੍ਹਾਂ ਨੂੰ 'ਹਾਈਪੋਗਲਾਈਸੀਮੀਆ' ਹੋਣ ਦੀ ਸੰਭਾਵਨਾ ਵੱਧ ਰਹਿੰਦੀ ਹੈ। ਜੇ ਕੋਈ ਬੰਦਾ ਅਜਿਹਾ ਭੋਜਨ ਲੈਂਦਾ ਹੈ ਜਿਸ ਦਾ ਪੌਸ਼ਟਿਕ ਤੱਤਾਂ ਦੇ ਮੁਕਾਬਲੇ ਕਾਰਬੋਹਾਈਟ੍ਰੇਟ ਦੀ ਮਾਤਰਾ ਵੱਧ ਹੋਵੇ ਤਦ ਵੀ ਉਸ ਵਿਚ ਇਸ ਰੋਗ ਦੇ ਲੱਛਣ ਪ੍ਰਗਟ ਹੋਣ ਲਗਦੇ ਹਨ। ਕੁਝ ਲੋਕਾਂ ਨੂੰ ਵੱਧ ਮਠਿਆਈ ਖਾਣ ਤੇ ਕਾਰਬੋਹਾਈਟ੍ਰੇਟ ਵੱਧ ਲੈਣ ਦੀ ਆਦਤ ਹੁੰਦੀ ਹੈ। ਅਜਿਹੀ ਹਾਲਤ ਵਿਚ ਪੈਨਕ੍ਰੀਆਜ਼, ਲਿਵਰ ਤੇ ਐਡ੍ਰੀਨਲ ਗਲੈਂਡ ਦੀ ਸ਼ੂਗਰ ਨੂੰ ਸਹੀ ਵਰਤੋਂ ਵਿਚ ਲਿਆਉਣ ਦੀ ਸਮਰਥਾ ਅਸਰ ਅੰਦਾਜ਼ ਹੋਣ ਲਗਦੀ ਹੈ। ਜਦ ਅਜਿਹੀ ਹਾਲਤ ਬਣਦੀ ਹੈ ਤਾਂ ਖਾਣਾ ਖਾਣ ਤੋਂ ਕੁਝ ਘੰਟੇ ਪਿਛੋਂ ਖ਼ੂਨ ਵਿਚ ਸ਼ੂਗਰ ਦੀ ਮਾਤਰਾ ਘਟਦਿਆਂ ਹੋਇਆਂ ਆਮ ਪੱਧਰ ਤੋਂ ਵੀ ਹੇਠਾਂ ਚਲੀ ਜਾਂਦੀ ਹੈ। ਇਸ ਤੋਂ ਇਲਾਵਾ, ਪਿਚਉਟਰੀ ਗਲੈਂਡ, ਐਡ੍ਰੀਨਲ ਗਲੈਂਡ ਤੇ ਲਿਵਰ ਦੀਆਂ ਬੀਮਾਰੀਆਂ ਵਿਚ ਖ਼ੂਨ ਵਿਚ ਸ਼ੂਗਰ ਦੀ ਮਾਤਰਾ ਘਟਣ ਲਗਦੀ ਹੈ ਤੇ ਹਾਈਪੋਗਲਾਈਸੀਮੀਆ ਰੋਗ ਪਨ੍ਹਪਣ ਲਗਦਾ ਹੈ।

## ਹਾਈਪੋਗਲਾਈਸੀਮੀਆ ਦਾ ਭੋਜਨ ਨਾਲ ਇਲਾਜ

ਹਾਈਪੋਗਲਾਈਸੀਮੀਆ ਵਿਚ ਉਚਿਤ ਪ੍ਰੋਟੀਨ ਵਾਲਾ ਭੋਜਨ ਫ਼ਾਇਦੇਮੰਦ ਹੁੰਦਾ ਹੈ। ਰੋਗੀ ਨੂੰ ਸਾਬਤ ਅਨਾਜ, ਮਟਰ, ਸੋਇਆਬੀਨ, ਮੂੰਗਫਲੀ, ਦਾਲਾਂ, ਦੁੱਧ, ਦਹੀਂ, ਪਨੀਰ ਦੀ ਲੋੜੀਂਦੀ ਮਾਤਰਾ ਵਿਚ ਵਰਤੋਂ ਕਰਨੀ ਚਾਹੀਦੀ ਹੈ। ਦਰਅਸਲ, ਉੱਚ ਪ੍ਰੋਟੀਨ ਯੁਕਤ ਆਹਾਰ ਸਰੀਰ ਵਿਚ ਜਾ ਕੇ ਹੌਲੀ-ਹੌਲੀ ਸ਼ੱਕਰ ਵਿਚ ਬਦਲਦੇ ਰਹਿਣ ਨਾਲ ਭੋਜਨ ਖਾਣ ਦੇ ਘੰਟਿਆਂ ਬਾਅਦ ਵੀ ਖ਼ੂਨ ਵਿਚ ਸ਼ੂਗਰ ਦਾ ਪੱਧਰ ਡਿਗਦਾ ਨਹੀਂ। ਇਹ ਵੀ ਠੀਕ ਹੈ ਕਿ ਦਿਨ ਭਰ ਦੋ ਜਾਂ ਤਿੰਨ ਵਾਰੀ ਭੋਜਨ ਕਰਨ ਦੀ ਬਜਾਇ 6–7 ਵਾਰ ਥੋੜ੍ਹਾ-ਥੋੜ੍ਹਾ ਖਾਧਾ ਜਾਵੇ। ਇਹ ਉਪਾਅ ਸ਼ੂਗਰ ਦੀ ਬੀਮਾਰੀ ਵਿਚ ਵੀ ਉਪਯੋਗੀ ਰਹਿੰਦਾ ਹੈ ਅਤੇ ਹਾਈਪੋਗਲਾਈਸੀਮੀਆ ਵਿਚ ਵੀ।

ਦੋ ਮੁੱਖ ਭੋਜਨ ਦੇ ਵਿਚਾਕਰ ਮੌਸਮੀ ਫਲ ਜਾਂ ਉਨ੍ਹਾਂ ਦਾ ਰਸ, ਦੁੱਧ ਜਾਂ ਮੂੰਗਫਲੀ ਆਦਿ ਦੀ ਵਰਤੋਂ ਉਪਯੋਗੀ ਰਹਿੰਦੀ ਹੈ। ਨਮਕ ਘੱਟੋ-ਘੱਟ ਲਵੋ, ਚਾਹ, ਕੌਫ਼ੀ, ਸਾਫਟ ਡ੍ਰਿੰਕਸ, ਸ਼ਰਾਬ ਆਦਿ ਦੀ ਵਰਤੋਂ ਤੋਂ ਬਚੋ। ਮੈਦੇ ਦੀਆਂ ਬਣੀਆਂ ਵਸਤਾਂ ਨਾ ਹੀ ਵਰਤੋ। ਡਬਲਰੋਟੀ, ਸ਼ੱਕਰ ਤੇ ਸ਼ੱਕਰ ਤੋਂ ਬਣੀਆਂ ਵਸਤਾਂ ਵੀ ਨਾ ਵਰਤੋ।

ਹਾਈਪੋਗਲਾਈਸੀਮੀਆ ਵਿਚ ਅਜਿਹੀਆਂ ਚੀਜ਼ਾਂ ਦੀ ਵਰਤੋਂ ਲੋੜੀਂਦੀ ਮਾਤਰਾ ਵਿਚ ਲਓ ਜਿਨ੍ਹਾਂ ਵਿਚ ਵਿਟਾਮਨ 'ਬੀ' ਕੰਪਲੈਕਸ, ਵਿਟਾਮਨ ਈ ਤੇ ਵਿਟਾਮਨ ਸੀ ਵੱਧ ਹੋਣ ਜਿਵੇਂ ਵਿਟਾਮਨ 'ਸੀ' ਲਈ ਖਮੀਰੀਕ੍ਰਿਤ ਅਨਾਜ, ਪੁੰਗਰੀਆਂ ਦਾਲਾਂ ਤੇ ਕਣਕ, ਸਾਗ, ਹਰੇ-ਪੱਤੇ ਵਾਲੀਆਂ ਸਬਜ਼ੀਆਂ, ਮੱਖਣ, ਮਲਾਈ, ਆਂਡੇ ਦਾ ਪੀਲਾ ਭਾਗ ਤੇ ਅਨਾਜਾਂ ਦੀ ਸੀਮਤ ਵਰਤੋਂ ਕੀਤੀ ਜਾ ਸਕਦੀ ਹੈ।

ਦਰਅਸਲ, ਵਿਟਾਮਿਨ 'ਬੀ' ਕੰਪਲੈਕਸ ਤੇ ਵਿਟਾਮਿਨ 'ਸੀ' ਖ਼ੂਨ ਵਿਚ ਸ਼ੂਗਰ ਦੀ ਮਾਤਰਾ ਨੂੰ ਸੰਤੁਲਿਤ ਬਣਾਈ ਰਖਣ ਵਿਚ ਸਹਾਇਕ ਹੁੰਦੇ ਹਨ ਤੇ ਵਿਟਾਮਿਨ 'ਈ' ਦੀ ਮੌਜੂਦਗੀ ਨਾਲ ਮਾਸਪੇਸ਼ੀਆਂ ਵਿਚ ਗਲਾਈਕੋਜਨ ਦਾ ਸਟੋਰ ਵਧਦਾ ਹੈ ਜੋ ਗੁਲੂਕੋਜ਼ ਦਾ ਸੰਗ੍ਰਹਿਤ ਰੂਪ ਹੈ। ਸਰੀਰ ਵਿਚ ਗਲੂਕੋਜਨ ਦੇ ਰੂਪ ਵਿਚ ਇਕੱਠਾ ਰਹਿੰਦਾ ਹੈ ਅਤੇ ਹੌਲੀ-ਹੌਲੀ ਗੁਲੂਕੋਜ਼ ਵਿਚ ਬਦਲਦਾ ਰਹਿੰਦਾ ਹੈ ਇਸ ਨਾਲ ਖ਼ੂਨ ਵਿਚ ਗੁਲੂਕੋਜ਼ ਦੀ ਘਾਟ ਨਹੀਂ ਰਹਿੰਦੀ।

ਹਾਈਪੋਗਲਾਈਸੀਮੀਆ ਦੇ ਰੋਗੀ ਨੂੰ ਚਿੰਤਾ ਤੇ ਤਣਾਅ ਤੋਂ ਦੂਰ ਰਹਿਣਾ ਚਾਹੀਦਾ ਹੈ ਤੇ ਵੱਧ ਮਿਹਨਤ ਤੋਂ ਬਚਦੇ ਹੋਏ ਆਰਾਮ ਵੀ ਕਰਨਾ ਚਾਹੀਦਾ ਹੈ।

*(ਲੇਖਕ ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ ਹੈ।)*

# ਪੁਸਤਕ ਪੜਚੋਲ

**ਪੁਸਤਕ : ਮੈਂ ਤੇ ਮੇਰੀ ਖ਼ਾਮੋਸ਼ੀ**
**(ਸ਼ਬਦ ਚਿੱਤਰ)**
**ਲੇਖਕ : ਜਸਵੀਰ ਸਿੰਘ ਰਾਣਾ**
**ਪੰਨੇ : 128, ਮੁੱਲ : 175 ਰੁਪਏ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ**

'ਮੈਂ ਤੇ ਮੇਰੀ ਖ਼ਾਮੋਸ਼ੀ' ਪੰਜਾਬੀ ਦੇ ਸਮਰੱਥ ਕਹਾਣੀਕਾਰ ਜਸਵੀਰ ਸਿੰਘ ਰਾਣਾ ਦੀ ਸੱਜਰੀ ਵਾਰਤਕ ਪੁਸਤਕ ਹੈ। ਜਿਸ ਵਿਚ ਉਸ ਨੇ ਅੱਠ ਲੇਖ ਸ਼ਾਮਿਲ ਕੀਤੇ ਹਨ ਜਿਹੜੇ ਕਿ ਉਸ ਦੇ ਸਾਹਿਤਕ ਮਿੱਤਰਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਸੰਬੰਧਿਤ ਹਨ ਜਿਨ੍ਹਾਂ ਵਿਚੋਂ ਉਸ ਦੀਆਂ ਕਹਾਣੀਆਂ ਦੇ ਬੀਜ ਫੁੱਟੇ।

ਹੱਥਲਾ ਸ਼ਬਦ ਚਿੱਤਰ ਸੰਗ੍ਰਹਿ ਰਾਣਾ ਦੇ ਜੀਵਨ ਨਾਲ ਜੁੜੀਆਂ ਦਿਲਚਸਪ ਅਤੇ ਨਾ ਭੁੱਲਣ ਵਾਲੀਆਂ ਯਾਦਾਂ ਦਾ ਰੌਚਕ ਸੰਗ੍ਰਹਿ ਹੈ ਜਿਸ ਵਿਚੋਂ ਉਸ ਦੇ ਬਚਪਨ ਦੀ ਮਾਸੂਮੀਅਤ, ਸਾਦਗੀ, ਕੋਮਲਤਾ ਅਤੇ ਸੰਵੇਦਨਸ਼ੀਲਤਾ ਜਿਥੇ ਸਾਫ਼ ਤੇ ਸਪੱਸ਼ਟ ਦਿਖਾਈ ਦਿੰਦੀ ਹੈ ਉਥੇ ਉਸ ਦਾ ਦੂਸਰਿਆਂ ਪ੍ਰਤੀ ਸਕਾਰਾਤਮਕ ਨਜ਼ਰੀਆ ਉਸ ਦੀ ਦਿੱਖ ਨੂੰ ਪ੍ਰਭਾਵਸ਼ਾਲੀ ਬਣਾਉਂਦਾ ਹੈ। ਰਾਣਾ ਸਾਧਾਰਨ ਪੇਂਡੂ ਪਰਿਵਾਰ ਵਿਚ ਜੰਮਿਆ-ਪਲਿਆ ਤੇ ਪ੍ਰਵਾਨ ਚੜ੍ਹਿਆ ਹੈ, ਜਿਸ ਕਾਰਨ ਉਸ ਦਾ ਜੀਵਨ ਸੰਘਰਸ਼ਮਈ ਪਲਾਂ ਵਾਲਾ ਹੈ ਜਿਹੜਾ ਉਸ ਦੀ ਸਾਹਿਤਕ ਪ੍ਰਤਿਭਾ ਨੂੰ ਨਿਖਾਰਨ ਵਿਚ ਅਹਿਰਣ ਦਾ ਕੰਮ ਕਰਦਾ ਦਿਖਾਈ ਦਿੰਦਾ ਹੈ।

ਰਾਣਾ ਦੀ ਆਪਣੀ ਵੱਖਰੀ ਸ਼ੈਲੀ ਹੈ। ਉਹ ਅਤਿ ਸੂਖਮ ਵਿਚਾਰਾਂ ਨੂੰ ਸਰਲ ਅਤੇ ਸਾਦਾ ਸ਼ਬਦਾਂ ਵਿਚ ਵਰਨਣ ਕਰਨ ਵਾਲਾ ਲੇਖਕ ਹੈ। 'ਪਿੰਡ ਬਨਭੌਰਾ ਤੋਂ ਮੋਹਨ ਭੰਡਾਰੀ' ਨਿਬੰਧ ਵਿਚ ਉਹ ਮੋਹਨ ਭੰਡਾਰੀ ਨਾਲ ਬਿਤਾਏ ਪਲਾਂ ਦੀ ਸਾਂਝ ਤਾਜ਼ਾ ਕਰਦਾ ਹੋਇਆ ਪੰਜਾਬ ਦੇ ਪੇਂਡੂ ਜੀਵਨ ਦੀ ਫ਼ਰਾਖਦਿਲੀ ਨੂੰ ਬੜੀ ਬਾਰੀਕੀ ਨਾਲ ਬਿਆਨ ਕਰਦਾ ਹੈ। 'ਢਾਈ ਅੱਖਰ ਰਾਮ ਸਰੂਪ ਅਣਖੀ ਦੇ ਨਾਂ' ਨਿਬੰਧ ਵਿਚ ਰਾਣਾ ਅਣਖੀ ਦੀ ਜ਼ਿੰਦਾ-ਦਿਲੀ, ਪੰਜਾਬੀ ਸਾਹਿਤ ਨੂੰ ਉਸ ਦੀ ਵਿਸ਼ੇਸ਼ ਦੇਣ ਦਾ ਚਿਤਰਣ ਕਰਦਾ ਹੈ। 'ਬੋਲਡ ਐਂਡ ਬਿਊਟੀਫੁਲ : ਪ੍ਰੇਮ ਪ੍ਰਕਾਸ਼' ਨਿਬੰਧ ਵਿਚ ਉਹ ਪ੍ਰੇਮ ਪ੍ਰਕਾਸ਼ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ, ਉਸ ਦੀ ਹਾਜ਼ਰ-ਜੁਆਬੀ, ਪੰਜਾਬੀ ਕਹਾਣੀ ਨੂੰ ਉਸ ਦੀ ਵਿਸ਼ੇਸ਼ ਦੇਣ ਦਾ ਵਰਨਣ ਕਰਦਾ ਹੈ।

ਸਾਹਿਤਕਾਰਾਂ ਨਾਲ ਸੰਬੰਧਿਤ ਨਿਬੰਧਾਂ ਤੋਂ ਇਲਾਵਾ, ਹੱਥਲੀ ਪੁਸਤਕ ਵਿਚ ਉਸ ਨੇ ਆਪਣੇ ਕਰੀਬੀ ਰਿਸ਼ਤੇਦਾਰਾਂ ਬਾਰੇ ਵੀ ਨਿਬੰਧ ਲਿਖੇ ਹਨ। ਉਹ ਰਿਸ਼ਤੇ ਜਿਹੜੇ ਉਸ ਨੇ ਰੂਹ ਨਾਲ ਜੀਵੇ, ਜਿਨ੍ਹਾਂ ਵਿਚ ਮੋਹ ਦੀਆਂ ਤੰਦਾਂ ਸਨ। 'ਬੱਗਾ ਮਾਮਾ ਨੀ ਕਿਸੇ ਨੇ ਬਣ ਜਾਣਾ', 'ਕੇਸਰ ਮਾਮਾ ਹੁਣ ਇਥੇ ਨਹੀਂ ਰਹਿੰਦਾ' ਨਿਬੰਧਾਂ ਵਿਚ ਉਸ ਨੇ ਆਪਣੇ ਬੱਗਾ ਮਾਮਾ ਅਤੇ ਕੇਸਰ ਮਾਮਾ ਨਾਲ ਜਿਥੇ ਡੂੰਘੀ ਅਪਣੱਤ ਜਤਾਈ ਹੈ ਉਥੇ ਬੱਗੇ ਅਤੇ ਕੇਸਰ ਵਰਗੇ ਕਵੀਆਂ, ਘੱਟ-ਜ਼ਮੀਨੀ ਕਿਰਸਾਨਾਂ ਦੀ ਬਾਤ ਪਾ ਕੇ ਪੰਜਾਬ ਦੇ ਅਰਥਚਾਰੇ ਉਪਰ ਵੀ ਪ੍ਰਸ਼ਨ ਚਿੰਨ੍ਹ ਖੜ੍ਹਾ ਕੀਤਾ ਹੈ ਕਿ ਖੇਤੀ ਘਾਟੇ ਦੀ ਹੋਣਾ ਪੰਜਾਬੀਆਂ ਲਈ ਸੰਤਾਪ ਹੈ। ਇਸ ਦਾ ਸਭ ਤੋਂ ਵੱਡਾ ਦੁਖਾਂਤ ਵਿਆਹੇ ਨਾ ਜਾਣਾ ਤੇ ਨਸ਼ਿਆਂ ਨੂੰ ਗਲ ਲਾਉਣਾ ਹੈ।

'ਗੁਰਮੀਤ ਵੜੈਚ ਮੇਰਾ ਸਾਲਾ ਸੀ', 'ਜਿੱਥੇ ਕਦੇ ਦੀਪ ਜਗਦਾ ਸੀ' ਨਿਬੰਧਾਂ ਵਿਚ ਉਹ ਆਪਣੇ ਸਾਲਿਆਂ ਨਾਲ ਆਪਣੀ ਸਾਂਝ ਦੀ ਗੱਲ ਕਰਦਾ ਹੈ। ਮਹਾਨ ਸਾਹਿਤਕਾਰ ਉਹੀ ਹੁੰਦਾ ਹੈ ਜਿਹੜਾ ਖੁੱਲ੍ਹਦਿਲੀ ਨਾਲ ਇਨਸਾਨੀਅਤ ਨੂੰ ਸਵੀਕਾਰੇ। ਰਾਣਾ ਇਸ ਪੱਖੋਂ ਸਾਫ਼ ਤੇ ਸਪੱਸ਼ਟ ਹੈ। ਆਪਣੇ ਸਾਲਿਆਂ ਪ੍ਰਤਿ ਉਸ ਦਾ ਅਥਾਹ ਪਿਆਰ ਸੀ, ਸਨੇਹ ਸੀ। ਕਿਸੇ ਵੀ ਔਗੁਣ ਨੂੰ ਉਸ ਨੇ ਰਿਸ਼ਤਿਆਂ 'ਤੇ ਭਾਰੂ ਨਹੀਂ ਹੋਣ ਦਿਤਾ। ਪਰਿਵਾਰਕ ਰਿਸ਼ਤਿਆਂ ਦਾ ਤਾਣਾ-ਬਾਣਾ, ਰਿਸ਼ਤੇਦਾਰਾਂ ਦਾ ਵੈਲਪੁਣਾ, ਉਨ੍ਹਾਂ ਦੀ ਸਾਦਗੀ ਤੇ ਭਰੱਪਣ ਨਾਲ ਜੁੜੀਆਂ ਯਾਦਾਂ ਦਾ ਲੇਖਕ ਨੇ ਢੁੱਕਵੀਂ ਤੇ ਫੱਬਵੀਂ ਸ਼ੈਲੀ ਵਿਚ ਵਰਨਣ ਕਰਕੇ ਪਾਠਕਾਂ ਨੂੰ ਕਿਧਰੇ ਵੀ ਹਿੱਲਣ ਨਹੀਂ ਦਿਤਾ ਸਗੋਂ ਪੰਜਾਬ ਦੇ ਪੇਂਡੂ ਸਭਿਆਚਾਰ ਦੀਆਂ ਮਸਤੀਆਂ ਤੇ ਰੰਗੀਨੀਆਂ ਵਿਚ ਗਵਾਉਂਦਾ ਨਜ਼ਰ ਆਉਂਦਾ ਹੈ।

ਇਸ ਪੁਸਤਕ ਦੀ ਸਿਰਜਣਾ ਕਰਕੇ ਰਾਣਾ ਨੇ ਪੰਜਾਬ ਦੇ ਪੇਂਡੂ ਅਨਪੜ੍ਹ ਪਾਤਰਾਂ ਅਤੇ ਚੋਟੀ ਦੇ ਸਾਹਿਤਕਾਰਾਂ ਨੂੰ ਇਸ ਪੁਸਤਕ ਵਿਚ ਸਾਂਭ ਕੇ ਪੰਜਾਬੀ ਸਭਿਆਚਾਰ ਅਤੇ ਸਾਹਿਤ ਨੂੰ ਸਾਂਭਣ ਦਾ ਸ਼ਲਾਘਾਯੋਗ ਕਾਰਜ ਕੀਤਾ ਹੈ। ਇਹ ਪੁਸਤਕ ਜਿਥੇ ਪੰਜਾਬ ਦੇ ਸਮਾਜਿਕ ਆਰਥਿਕ ਵਰਤਾਰੇ ਨਾਲ ਜੁੜੀ ਹੋਈ ਹੈ ਉਥੇ ਪੰਜਾਬੀ ਸਾਹਿਤ ਦੇ ਮਹਾਨ ਸਾਹਿਤਕਾਰਾਂ ਨੂੰ ਨੇੜਿਉਂ ਤੱਕਣ ਦਾ ਮੌਕਾ ਵੀ ਦਿੰਦੀ ਹੈ।

**– ਅੰਮ੍ਰਿਤਪਾਲ ਕੌਰ**

***ਸਫ਼ਾ 44 ਦੀ ਬਾਕੀ***

ਪ੍ਰਾਹੁਣਚਾਰੀ ਵਿਕਸਤ ਹੋਵੇਗੀ ਅਤੇ ਲੋਕ ਦੂਰ-ਦੂਰ ਤੋਂ ਪਿੰਡਾਂ ਵਿਚ ਰਹਿਣ ਆਉਣਗੇ।

ਇਸ ਵਿਚ ਖੇਤੀ ਖੋਜ ਅਤੇ ਪੰਜਾਬ ਸਰਕਾਰ ਦੀ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ। ਵਿਕਾਸ ਦਾ ਆਧਾਰ ਗਿਆਨ ਹੈ ਤੇ ਗਿਆਨ ਦਾ ਵਿਕਾਸ ਪੰਜਾਬ ਖੇਤੀਬਾੜੀ ਤੇ ਗੁਰੂ ਅੰਗਦ ਦੇਵ ਪਸ਼ੂ ਪਾਲਣ ਯੂਨੀਵਰਸਿਟੀਆਂ ਨੇ ਕਰਨਾ ਹੈ। ਪਹਿਲਾ ਇਨਕਲਾਬ ਵੀ ਗਿਆਨ ਸਦਕਾ ਹੀ ਆਇਆ ਸੀ ਅਤੇ ਉਤੇ ਵਰਨਣ ਸਦਾ ਬਹਾਰ ਖੇਤੀ ਇਨਕਲਾਬ ਵੀ ਇਨ੍ਹਾਂ ਦੋਵਾਂ ਸੰਸਥਾਵਾਂ ਦੇ ਉੱਦਮ ਨਾਲ ਹੀ ਸੰਭਵ ਹੋਣਾ ਹੈ। ਇਸ ਗਿਆਨ ਨੂੰ ਅਮਲੀ ਰੂਪ ਦੇਣ ਲਈ ਸਰਕਾਰੀ ਸਹਾਇਤਾ ਜ਼ਰੂਰੀ ਹੈ। ਪਹਿਲਾਂ ਸਰਕਾਰ ਨੇ ਸੜਕਾਂ, ਮੰਡੀਆਂ, ਬਿਜਲੀ ਤੇ ਖੇਤੀ ਰਿਆਇਤਾਂ ਨਾਲ ਸਹਾਇਤਾ ਕੀਤੀ ਸੀ ਤੇ ਹੁਣ ਸਹਿਕਾਰਤਾ, ਪਦਾਰਥੀਕਰਨ, ਵਾਜਬ ਮੁੱਲ, ਵਿਦੇਸ਼ੀ ਮੰਡੀਆਂ ਆਦਿ ਦੀ ਸਹਾਇਤਾ ਨਾਲ ਹੀ ਮੁੜ ਵਿਕਾਸ ਹੋ ਸਕੇਗਾ। ਪੰਜਾਬ ਵਿਚ ਡੇਅਰੀ ਅਤੇ ਸਬਜ਼ੀਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ ਕਿਉਂਕਿ ਇਥੇ ਬਹੁ-ਗਿਣਤੀ ਛੋਟੇ ਕਿਸਾਨਾਂ ਦੀ ਹੈ। ਸਿੰਜਾਈ ਸਹੂਲਤਾਂ ਅਤੇ ਸਾਰੇ ਮੌਸਮ ਆਉਣ ਕਰਕੇ ਪੰਜਾਬ ਇਨ੍ਹਾਂ ਦੋਵਾਂ ਲਈ ਢੁਕਵਾਂ ਹੈ। ਸਰਕਾਰ ਅਤੇ ਯੂਨੀਵਰਸਿਟੀਆਂ ਨੂੰ ਇਸ ਪਾਸੇ ਗੰਭੀਰ ਯਤਨ ਕਰਨੇ ਪੈਣਗੇ। ਕਿਸਾਨਾਂ ਨੂੰ ਵੀ ਆਪਣੀਆਂ ਜਥੇਬੰਦੀਆਂ ਬਣਾ ਕੇ ਆਪਣੇ ਕਾਰਜ ਆਪ ਹੀ ਸੰਵਾਰਨੇ ਚਾਹੀਦੇ ਹਨ। ਅਜਿਹਾ ਕੀਤਿਆਂ ਹੀ ਪੰਜਾਬ ਵਿਚ ਸਦਾ ਬਹਾਰ ਖੇਤੀ ਆ ਜਾਵੇਗੀ ਅਤੇ ਪੰਜਾਬ ਮੁੜ ਦੇਸ਼ ਦਾ ਖੇਤੀ ਵਿਚ ਮੋਹਰੀ ਬਣ ਜਾਵੇਗਾ।

*(ਲੇਖਕ ਸਾਬਕਾ ਡੀਨ (ਖੇਤੀ ਕਾਲਜ) ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਹੈ।)*